ਹੇ ॥ ੪੮੫ ॥ ੧੨੩੯ ॥ ਬਿਸਨੁਪਦ ਸਾਰੰਗ ਛੰਤ ॥ ਸਾਜ ਸਾਜ ਚਲੇ ਸਕਲ ਸੁਰ ਦੇਵ ਕੁਲਿ ਪ੍ਰਧਾਨ ਹੇ ॥ ਬਿਰੀਚਿ ਸੈਨ ਸੰਬੂਹ ਸੁਰ ਗਨ ਰੁੱਦ੍ਰ ਬਿਸਨੁ ਮਹਾਨ ਹੇ ॥ ਗਨਪਤਿ ਸਕਲ ਸੁਰ ਸਿਧ ਸੁਰ ਮੁਨਿ ਸਜਾਮ ਕਾਰਤਿਕ ਆਦਿ ਹੇ ॥ ਭੈਰਵ ਬਿਤਾਲ ਪਿਸਾਚ ਸੁਰ ਗਨ ਭੂਤ ਭੈਰਵ ਨਾਦਿ ਹੇ ॥੪੮੬॥੧੨੪੦॥ ਕਿੰਨਰ ਸਕਲ ਗਨ ਜੱਛ ਗੰਧ੍ਰਬ ਬਿਸਨੁ ਲੋਕ ਬਿਰੰਚਿ ਹੇ ॥ ਸੈਨਾ ਸੰਬੂਹ ਅੰਬੂਹ ਸੁਰ ਦਲ ਜੁੱਥ ਜੁੱਥ ਪ੍ਰਤੰਚ ਹੇ ॥ ਜੁੱਥ ਜੁੱਥ ਅਨੀ ਸਮੂਹੰ ਪੁੰਜ ਪੁੰਜ ਸੈਨ ਹੇ ॥ ਘਨਘੋਰ ਘੋਰ ਘਟਾ ਚਲੀ ਦਲ ਦੀਹ ਦਾਰੁਨ ਐਨ ਹੇ ॥ ੪੮੭ ॥ ੧੨੪੧ ॥ ਹੰਸ ਬਾਹਨ ਸਾਜ ਸੈਨਨ ਬਿਮਲ ਦਿਬਜ ਸ੍ਵਰੂਪ ਹੇ ॥ ਜਿਹ ਦਰਸ ਦੇਖਤ ਪਾਪ ਨਾਸਤ ਅਤਿ ਬਚਿਤ੍ਰ ਅਨੂਪ ਹੇ ॥ ਮਹਾਂ ਸਾਧੁ ਸੁਗਜਾਨ ਪੂਰਨ ਬ੍ਰਹਮ ਬਿਦਤ ਬਿਗਜਾਨ ਹੇ ॥ ਪਰਮ ਹੰਸ ਸਮਾਧਿ ਇਸਥਿਤ ਜੋਗ ਧਜਾਨ ਸੁਜਾਨ ਹੇ ॥੪੮੮॥੧੨੪੨॥ ਮਰਾਲ ਬੰਸ ਇਕਾਂਤ ਬਾਸੀ ਮਾਨ ਸਰਵਰ ਤੀਰ ਹੇ ॥ ਸੰਤ ਮੰਤ ਮਹਾਨ ਹੰਸਨ ਅਨੰਨਜ ਭਗਤਿ ਸਧੀਰ ਹੇ ॥ ਬ੍ਰਹਮ ਲੋਕ ਬਸੰਤ ਨਿਸਦਿਨ ਧਰਤ ਧਜਾਨ ਪ੍ਰਜਾ ਪਤੰ ॥ ਕਲਜਾਨ ਰੂਪ ਆਨੰਦ ਨਿਸਦਿਨ ਬਿਦਤ ਬ੍ਰਹਮ ਅਨਨਜ ਮਤੰ ॥ ੪੮੯ ॥ ੧੨੪੩ ॥ ਨ੍ਰਿਗੁਨ ਸ੍ਵਰੂਪ ਬੈਕੁੰਠ ਬਾਸੀ ਰਹਿਤ ਤ੍ਰਿਗੁਨ ਉਪਾਧਿ ਹੇ ॥ ਨਿਰਮਲ ਪਵਿਤ੍ਰ ਪੁਨੀਤਿ ਪਾਵਨ ਅਜਰ ਰਹਿਤ ਬਜਾਧਿ ਹੇ ॥ ਧਰਤ ਸਰਗੁਨ ਰੂਪ ਜਬ ਕਬ ਬਸਤ ਮਾਨਸ ਕੁੰਡ ਹੇ ॥ ਚੁਗਤਿ ਮੁਕਤਾ ਬੇ ਬਹਾ ਪਰਿਵਾਰ ਸਹਿਤ ਪ੍ਰਚੰਡ ਹੇ ॥ ੪੯੦ ॥ ੧੨੪੪ ॥ ਹੰਸ ਰਾਜ ਪੁਰਾਨ ਪੁਰਖੋ ਸਕਲ ਬਪੁਖ ਬਿਰਾਜ ਹੀ ॥ ਸਤਜ ਸੀਲ ਸੁਭਾਵ ਸਾਧੂ ਬ੍ਰਹਮ ਪੂਰਨ ਰਾਜ ਹੀ ॥ ਜਗ ਉਦਿਤ ਬਿਦਤ ਪ੍ਰਚੰਡ ਪੰਛਨ ਹੰਸ ਰਾਜਨ ਰਾਜ ਹੇ ॥ ਮਰਾਲ ਬੰਸ ਉਦੋਤ ਉਤਮ ਪੁਰਾਨ ਪੁਰਖ ਬਿਰਾਜ ਹੇ

Scanned by CamScanner

॥੪੯੧॥੧੨੪੫॥ ਧਰਤ ਨਾਨਾ ਰੂਪ ਪੁਰਖਾ ਬ੍ਰਹਮ ਬਸਤ ਸਮੱਸਤ ਹੇ ॥ ਪੰਚ ਭੂਤ ਪ੍ਰਕਾਸ਼ ਜਾ ਸੌ ਦੇਹ ਨਾਨੱਤ੍ਵ ਅਸਤਿ ਹੇ ॥ ਸੇਈ ਆਤਮ ਪ੍ਰਾਨ ਪੁਰਖੋ ਹੰਸ ਰੂਪ ਧਰੰਤੁ ਹੇ ॥ ਏਈ ਹੰਸੋ ਪ੍ਰਾਨ ਪੁਰਖੋ ਬ੍ਰਹਮ ਲੋਕ ਬਸੰਤੁ ਹੇ ॥ ੪੯੨ ॥ ੧੨੪੬ ॥ ਸੇਈ ਰੂਪੰ ਆਦਿ ਅਬਿਚਲ ਕਰਤ ਸਗੁਨ ਬਿਲਾਸ ਹੇ ॥ ਓਅੰ ਲੋਕ ਬਿਲਾਸ ਬਿਲਸਤ ਸਬਦ ਬ੍ਰਹਮ ਪ੍ਰਕਾਸ ਹੇ ॥ ਤੇਈ ਕਰਤ ਰਚਨਾ ਜੀਵ ਜੰਤੰ ਚਤੁਰ ਮੁਖ ਸਹੰਸ ਹੇ ॥ ਕਰਤਾ ਪ੍ਰਜਾਪਤਿ ਬੇਦ ਨਾਯਕ ਪ੍ਰਤਜੱਛ ਹਰਿ ਜੀ ਅੰਸ ਹੇ ॥੪੯੩॥੧੨੪੭॥ ਧਰਤ ਰੂਪ ਅਨੇਕ ਬਹੁ ਬਹੁ ਸੋਈ ਬ੍ਰਹਮ ਸ੍ਵਰੂਪ ਹੇ ॥ ਨਹਿ ਭੇਦ ਬ੍ਰਹਮਹ ਹੰਸ ਮਾਨੋ ਏਕ ਜੋਤਿ ਸ੍ਵਰੂਪ ਹੇ ॥ ਕਰੀ ਬ੍ਰਹਮ ਭਉ ਕਹੀ ਹੰਸ ਭਵ ਸਭਿ ਦੇਹ ਮਾਹ ਪ੍ਰਚੰਡ ਹੇ ॥ ਪ੍ਰਾਨ ਪੁਰਖ ਸਮੱਸਤ ਬਪੁ ਮੈ ਹੰਸ ਰਾਜ ਅਖੰਡ ਹੇ ॥ ੪੯੪ ॥ ੧੨੪੮ ॥ ਧਰ ਰੂਪ ਧੂਪ ਅਮਿਯ ਉਜਾਗਰੁ ਭਛਤ ਮੁਕਤਾ ਸੁਧ ਹੇ ॥ ਹੰਸ ਰੂਪ ਬਚਿਤ੍ਰ ਪਾਵਨ ਹਰਿ ਭਗਤਿ ਨਿਰਮਲ ਬੁਧਿ ਹੇ ॥ ਕਰਤ ਪਾਨ ਪਯੂਖ ਨਿਸਦਿਨ ਰਸਿਕ ਰਸਿਕ ਅਘਾਨ ਹੇ ॥ ਕਥਾ ਕੀਰਤਿ ਸਾਧੁ ਸੰਗਤ ਕਰਤ ਨਿਸ ਦਿਨ ਪਾਨ ਹੇ ॥ ੪੯੫ ॥ ੧੨੪੯ ॥ ਧਰ ਹੰਸ ਰੂਪ ਮਰਾਲ ਖਗ ਤਨ ਬਪੁ ਰਾਜ ਜੀਵਨ ਮੂਲ ਹੇ ॥ ਬਪੁ ਸਕਲ ਬਿੰਦਿਤ ਪ੍ਰਚੰਡ ਪੂਰਨ ਸਦਾ ਬ੍ਰਹਮ ਅਨਕੂਲ ਹੇ ॥ ਕਰਤ ਪਾਨ ਪਯੂਖ ਨਿਸਦਿਨ ਰਾਮ ਰਸਿਕ ਅਘੂਲ ਹੇ ॥ ਹੰਸ ਤਨ ਪਰ ਭਛਤ ਮੁਕਤਾ ਬਸਤ ਮਾਨਸ ਕੂਲ ਹੇ ॥੪੯੬॥੧੨੫੦॥ ਕਾਲ ਪਾਇ ਬਸੇ ਤਹਾਂ ਪੁਨ ਬਸੇ ਜਾ ਸੁਨਜ ਲੋਕ ਹੇ ॥ ਹੰਸ ਤਰਹ ਤਨ ਧਾਰ ਬਿਚਰੇ ਮੁਦਿਤ ਹਰਖ ਅਸੋਕ ਹੇ ॥ ਨਾਮ ਮੁਕਤਾ ਚੁਗਤ ਨਿਸਦਿਨ ਬ੍ਰਹਮ ਸੇਵ ਅਧੀਨੁ ਹੇ ॥ ਬ੍ਰਹਮ ਪੁਰੀ ਬਸੰਤੁ ਨਿਤਯਪ੍ਰਤਿ ਖਾਸ ਸੇਵਕ ਲੀਨੁ ਹੇ ॥ ੪੯੭ ॥ ੧੨੫੧ ॥ ਦਾਸ ਭਾਵ ਸਮੀਪ

Scanned by CamScanner

ਜੁਗ ਜੁਗ ਅੰਗ ਸੰਗ ਬਿਰਾਜ ਹੇ ॥ ਨਿਕਟ ਵਰਤੀ ਸ੍ਵਾਮਿ ਭਗਤਾ ਭਗਤਿ ਪੱਛ ਸਮਾਜ ਹੇ ॥ ਰਹਿਤ ਆਗਜਾ ਮਾਹਿ ਨਿਸਦਿਨ ਪਰਮ ਹਰਖਿਤ ਕਾਜ ਹੇ ॥ ਆਦਿ ਬਾਹਨ ਪ੍ਰਜਾ ਪਾਲਕ ਚਤੁਰਮੁਖ ਬਿਰਾਜ ਹੇ ॥ ੪੯੮ ॥ ੧੨੫੨ ॥ ਆਪ ਬਾਹਨ ਹੋਤ ਭਉ ਕਰਤਾਰ ਕੇ ਅਨੁਕੂਲ ਹੇ ॥ ਉਹਾਂ ਹੋਤ ਭਉ ਤਵਨ ਕੀ ਬ੍ਰਹਮ ਸ਼ਕਤਿ ਅਰੂੜ ਹੇ ॥ ਧਰ ਰੂਪ ਨਾਨਾ ਪ੍ਰਾਨ ਪੁਰਖੋ ਸੂਖਮੋ ਅਸਥੂਲ ਹੇ ॥ ਕਹੁੰ ਬ੍ਰਹਮ ਭੌਂ ਕਹੁੰ ਹੰਸ ਭੌਂ ਕਹੁੰ ਸਕਤਿ ਭੌਂ ਤ੍ਰਿਸੂਲ ਹੇ ॥ ੪੯੯ ॥ ੧੨੫੩ ॥ ਧਰ ਬ੍ਰਹਮ ਰੂਪ ਅਨੂਪ ਪਾਵਨ ਜਗਤ ਕਰਤਾ ਸ੍ਰਿਸ੍ਰਿ ਹੇ ॥ ਰਚਨਾ ਰਚੀ ਤ੍ਰੈਗੁਨਿ ਚਰਾਚਰ ਸਿਵ ਸਕਤਿ ਤੱਤ ਬਲਿਸ੍ਰ ਹੇ ॥ ਓਅੰ ਕਲੋਲ ਉਦੋਤ ਉਦਭਾਵ ਨਾਭ ਕਮਲ ਪਤਿਸ੍ਰ ਹੇ ॥ ਚਤੁਰ ਮੁਖ ਸਹੰਸ੍ਰ ਮੁਖ ਬ੍ਰਹਮ ਬ੍ਰਹਮਸਜ ਨਿਸ੍ਰਿ ਹੇ ॥ ੫੦੦ ॥ ੧੨੫੪ ॥ ਭਈ ਆਗਜਾ ਨਾਰਦਹ ਦਲ ਸਾਜ ਸਾਜ ਸਮੱਸਤ ਹੇ ॥ ਸਕ੍ ਸੁਰਪੁਰ ਲੋਕ ਕਹ ਅਵਿਲੋਕਿਯੈ ਸੁਰ ਪਤਿ ਹੇ ॥ ਸੁਨ ਬਚਨ ਸੁਰ ਸਭਿ ਕਟਕ ਸਾਜਤ ਬਜਤ ਘੰਟਾ ਸੰਖ ਹੇ ॥ ਚਤੁਰੰਗਨੀ ਦਲ ਸਾਜ ਸੁੰਦਰ ਸੁਘਰ ਸੈਨ ਬਿਸੰਖ ਹੇ ॥੫੦੧॥੧੨੫੫॥ ਚਤੁਰ ਸੈਨ ਅਨੀ ਅਮਰ ਗਨ ਬ੍ਰਹਮ ਸੈਨ ਸੰਬੂਹ ਹੇ ॥ ਭਾਂਤਿ ਭਾਂਤਿ ਸੁਧਾਰ ਨਿਜ ਨਿਜ ਕਟਕ ਦਾਰੁਨ ਬਜੂਹ ਹੇ ॥ ਅਮਿਤ ਦਲ ਬੇਵਾਨ ਮੋਹਨਿ ਹੰਸ ਆਦਿ ਅੰਬੂਹ ਹੇ ॥ ਅਸੁ ਰਥ ਗਯੰਦ ਸਯੰਦ ਨਾਨਾ ਗਜਤ ਹਿੰਸਤ ਹੂਹ ਹੇ ॥ ੫੦੨ ॥ ੧੨੫੬ ॥ ਦਾਰੁਨ ਸਕਲ ਸੁ ਅਸਤ੍ਰ ਪੁੰਜਨ ਸੂਰ ਦ੍ਰਿਤਿਜ ਪ੍ਰਚੰਡ ਹੇ ॥ ਦਲ ਸਾਜ ਆਪਨ ਆਪ ਸੁਰ ਸਭਿ ਜੁੱਥ ਜੁੱਥ ਅਖੰਡ ਹੇ ॥ ਬਿਰੀਚਿ ਲੋਕ ਜੁਰੇ ਸਕਲ ਸੁਰ ਕਟਕ ਘਟਾ ਘਮੰਡ ਹੇ ॥ ਜੈ ਸ਼ਬਦ ਹੂਹ ਕਰਾਲ ਉਚਰਤ ਬਲਵੰਡ ਸੂਰ ਭੁਜਦੰਡ ਹੇ ॥ ੫੦੩ ॥ ੧੨੫੭ ॥ ਕਰੀ ਚੜਤ ਬਿਰੰਚਿ ਭਗਵਨ ਸੰਤ ਹੇਤੁ ਅਵਤਾਰ ਹੇ ॥

Scanned by CamScanner

ਦਈ ਆਗਜਾ ਪਾਯਕਹ ਝਬ ਬੇਗ ਆਨ ਮਰਾਲ ਹੇ ॥ ਪਰਫੁੱਲ ਹ੍ਵੈ ਪਹੁਚਜੋ ਸਕੁਰਮਨ ਅਤਿ ਮਨੋਹਰ ਚਾਲ ਹੇ ॥ ਆਦਿ ਬਾਹਨ ਨਿਕਟ ਵਰਤੀ ਭਗਤਿ ਸਾਧੂ ਦਜਾਲ ਹੇ ॥ ੫੦੪ ॥ ੧੨੫੮ ॥ ਕਰਿ ਕੋਟਿ ਬੰਦਨ ਚਰਨ ਅੰਬੁਜ ਸ੍ਵਾਮਿ ਭਗਤਿ ਅਧੀਨ ਹੇ ॥ ਸਿਰ ਨਾਯ ਉਸਤੁਤਿ ਕਰਤ ਪ੍ਰਭੁ ਕੀ ਭਗਤਿ ਪੱਛ ਪ੍ਰਬੀਨ ਹੇ ॥ ਪੁਤ੍ਰ ਪੌਤ੍ਰ ਪਰਿਵਾਰ ਜੁਤਿ ਭਗਤੀ ਕਰਹੁ ਹੁਇ ਦੀਨ ਹੇ ॥ ਸਮੱਸਤ ਗੋਤ੍ਰ ਸਮੂਹ ਸਮਪਦ ਹੰਸ ਬੰਸ ਕੁਲੀਨ ਹੇ ॥ ੫੦੫ ॥ ੧੨੫੯ ॥ ਧਰਤ ਧਜਾਨ ਪ੍ਰਜਾਪਤੰ ਪਲ ਪਲ ਉੱਚਾਰਤ ਨਾਮ ਹੇ ॥ ਅਨਨਜ ਸੇਵ ਉਪਾਸਨਾ ਬ੍ਰਿਤਿ ਏਕ ਧਰਮੰ ਧਾਮ ਹੇ ॥ ਪਰਮ ਹੰਸ ਪਵਿਤ੍ਰ ਪਾਵਨ ਸਦਾ ਸੇਵ ਅਕਾਮ ਹੇ ॥ ਹੰਸ ਬੰਸ ਮਰਾਲ ਖਗ ਤਨ ਚੁਗਤ ਮੁਕਤਾ ਨਾਮ ਹੇ ॥੫੦੬॥੧੨੬੦॥ ਲਗਤ ਭੌ ਬੇਵਾਨ ਹੰਸਕ ਸਹਿਤ ਸਕਲ ਸਮਾਜ ਹੇ ॥ ਨਹਿ ਜਾਤਿ ਬਰਨੀ ਸੋਭ ਹੰਸੰ ਸੁਕਲ ਪੰਛੀ ਸਾਜ ਹੇ ॥ ਮਹਾਂ ਦਿਬਜ ਬੇਵਾਨ ਦਿਨਮਨਿ ਛਟਾ ਉਦਿਤ ਸਬਾਜ ਹੇ ॥ ਕੋਟਿ ਮਨਿ ਗਨ ਜੜਿਤ ਲਾਲਨ ਖਚਿਤ ਜਿਮ ਨਿਸਰਾਜ ਹੇ ॥ ੫੦੭ ॥ ੧੨੬੧ ॥ ਕਲਸ ਕੋਟਿ ਬਿਵਾਨ ਹੀਰਨ ਅਤਿ ਉਤੰਗ ਸ੍ਰਿੰਗ ਸਮੇਰੁ ਹੇ ॥ ਸਾਇਬਾਨ ਮਿਹਰਾਬ ਨਾਨਾ ਬਿਬਿਧ ਛਤ੍ਰੀ ਫੇਰ ਹੇ॥ ਸਾਰੇ ਜ਼ਮੁਰਦਾਨ ਗਢੇ ਸੁਧਰੇ ਢਰੇ ਸਾਚਨ ਢੇਰ ਹੇ ॥ ਨਾਨਾ ਅਟਾਰੀ ਗੜੇ ਹੀਰੰ ਖੰਭ ਕਨਕ ਸੁਮੇਰ ਹੇ ॥੫੦੮॥੧੨੬੨॥ ਬਿਬਿਧ ਹੌਦੈ ਖੰਡ ਖੰਡਨ ਰਚਿਤ ਮੁਕਤਾ ਰਤਨ ਹੇ ॥ ਮਹਾਂ ਦਿਬਜ ਬਿਵਾਨ ਹੰਸ ਕੋਟਿ ਮਨਿ ਫਨਿ ਖਚਿਤ ਹੇ ॥ ਬੈਰਕ ਧੁਜਾ ਕਈ ਕੋਟਿ ਕੋਟਿਕ ਰੰਗ ਰੰਗ ਕਿਮਾਮ ਹੇ ॥ ਕ਼ਾਕ਼ਮ ਤਮਾਮੀ ਅਤਲਸੀ ਕਿਰਪਾਸ ਬਹੁਰੰਗ ਫ਼ਾਮ ਹੇ ॥ ੫੦੯ ॥ ੧੨੬੩ ॥ ਨਵਰਤਨ ਦੁਰ ਜਕਤਾ ਅਜਾਇਬ ਰਚੀ ਬੰਦਨ ਵਾਰ ਹੇ ॥ ਦਿਬਯ ਲਾਲ ਅਮੋਲ ਅਮੋਲ ਬੱਜ੍ਰੰ ਬਿਬਿਧ ਫਲ

Scanned by CamScanner

ਗੁਲ ਜਾਲ ਹੇ ॥ ਕਦਲੀ ਸ੍ਰੀਖੰਡ ਬੇਲਿ ਨਾਨਾ ਮਾਨਿਕ ਜ਼ਮੁਰਦੰ ਢਾਰ ਹੇ ॥ ਅਨਿਕ ਪੰਛੀ ਮੋਰ ਹੰਸੰ ਗਢੇ ਰਤਨ ਹਜ਼ਾਰ ਹੇ ॥ ੫੧੦ ॥ ੧੨੬੪ ॥ ਜੰਗ ਘੰਟਾ ਗੜਜੋ ਬੱਜ੍ਰਨ ਲਾਲ ਮਨਿ ਖ਼ਲਖ਼ਾਲ ਹੇ ॥ ਮਨਿਨ ਫਨਿ ਗਨ ਨਗਨ ਰਤਨੰ ਪੰਨੇ ਮਾਨਿਕ ਲਾਲ ਹੇ ॥ ਤੇਤੀਸ ਕੋਟਿ ਰਚੇ ਅਮਰ ਕੁਲਿ ਬਿਬਿਧ ਬੇਲਨ ਮਾਲ ਹੇ ॥ ਦਿਬਜ ਭੂਖਨ ਬਸਨ ਨਾਨਾ ਫ਼ਾਮ ਧਾਰੇ ਬਾਲ ਹੇ ॥੫੧੧॥੧੨੬੫॥ ਬਹੁ ਛਤ੍ਰ ਕੰਚਨ ਦਿਬਜ ਲਾਲਨ ਦੁਰੰ ਯਕਤਾ ਖਚਿਤ ਹੇ ॥ ਢੁਰਤ ਝੁਲਤ ਬਿਵਾਨ ਮਾਝਨ ਮੰਗਲ ਮਨੋਹਰ ਰਚਿਤ ਹੇ ॥ ਮੀਨ ਮੋਰ ਮਰਾਲ ਖੰਜਨ ਲਾਲ ਪੰਨਨ ਜੜਿਤ ਹੇ ॥ ਮੁਕਤਾ ਜ਼ਮੁਰਦੰ ਰਤਨ ਨਾਨਾ ਸੇਤ ਨੀਲਮ ਹਰਿਤ ਹੇ ॥ ੫੧੨ ॥ ੧੨੬੬ ॥ ਬਿਬਿਧ ਬੇਲਿ ਲਤਾ ਜ਼ਮੁਰਦੰ ਪੁਹਪ ਹੀਰਨ ਲਾਲ ਹੇ ॥ ਠੌਰ ਠੌਰ ਬਿਵਾਨ ਮਾਝਨ ਜੜਿਤ ਖਚਿਤ ਬਿਸਾਲ ਹੇ ॥ ਆਸਨ ਤਮਾਮੀ ਅਤਲਸੀ ਬਹੁ ਦੂਰ ਮਨਿ ਗਨ ਮਾਲ ਹੇ ॥ ਅੰਬਰ ਮੁਸ਼ਕ ਜ਼ਰਫ਼ਾਮ ਨਾਨਾ ਦਿਬਜ ਬਸਨ ਰਸਾਲ ਹੇ ॥੫੧੩॥੧੨੬੭॥ ਦਿਬਜ ਮੰਗਲ ਅਤਿ ਮਨੋਹਰ ਬਿਬਿਧ ਸਾਜ ਸਮਾਜ ਹੇ ॥ ਨਹਿ ਅਵਰ ਯਾ ਸਮ ਪਾਈਐ ਬੇਵਾਨ ਦੁਤਿਯ ਪੁਰਾਜ ਹੇ ॥ ਸਕਲ ਕੁਲਿ ਪਰਿਵਾਰ ਹੰਸਨ ਜੁਰੇ ਤਾਮਹਿ ਬਾਜ ਹੇ ॥ ਛੀਰ ਅ਼ਗਨਿ ਅਨੰਗ ਮੂਰਤਿ ਹੰਸ ਹੰਸਨ ਰਾਜ ਹੇ ॥ ੫੧੪ ॥ ੧੨੬੮ ॥ ਜਾਇ ਕਿੰਕਰ ਅਰਜ਼ ਕੀਨੀ ਮਾਥ ਨਾਇ ਮੁਰਾਰ ਹੇ ॥ ਕਹਤ ਭੌ ਤਹ ਦੀਨ ਹ੍ਵੈ ਪ੍ਰਭੁ ਬਿਵਾਨ ਹੰਸ ਤੱਯਾਰਿ ਹੇ ॥ ਸੁਨਤ ਸ੍ਰੀ ਬਿਧਨਾ ਚਤੁਰ ਮੁਖ ਕਰੀ ਜੈ ਜੈ ਕਾਰ ਹੇ ॥ ਹਨੋ ਦੁਸ਼ਨ ਅਸੁਰ ਖਲ ਦਲ ਕਰਹੁ ਬੇਗ ਉਤਾਰ ਹੇ ॥੭॥ ਰਹਾਉ ॥ ਸੰਖ ਧੁਨਿ ਘੰਟਾਨ ਬਾਜੈ ਸੱਦ ਨੱਦ ਅਪਾਰ ਹੇ ॥ ਤਹਿ ਬਜੇ ਮਾਰੂ ਕੋਟਿ ਦੁੰਦਭਿ ਕੋਟਿ ਗੋਮੁਖ ਡਾਰ ਹੇ ॥ ੫੧੫ ॥ ੧੨੬੯ ॥ ਦੁੰਦਭਿ ਪਖ਼ਾਵਜ ਮੁਰਜ ਮੁਹਵਰ ਬੀਨ ਬੰਸੀ ਭੇਰਿ

ਹੇ ॥ ਸ਼ਹਨਾਇ ਤੂਰ ਤੰਬੂਰ ਬੇਨਨ ਸੰਖ ਘੰਟ ਘਨੇਰ ਹੇ ॥ ਮੰਦਲ ਤਰੰਗਨ ਬਾਰਿਨੀ ਮੁਰਲੀ ਤੰਬੂਰਨ ਬੇਨੁ ਹੇ ॥ ਡਉਰੂ ਮੁਚੰਗਨ ਜਲ ਤਰੰਗਨ ਨਾਇ ਧੌਂਸਾ ਛੇਨੁ ਹੇ ॥ ੫੧੬ ॥ ੧੨੭੦ ॥ ਝਾਂਝਰ ਬਨੌਸਾ ਤਾਲ ਤੂਰਨ ਖਰਜ ਖ਼ੁਰਦਕ਼ ਭੀਨ ਹੇ ॥ ਨੌਬਤ ਦਮਾਮਨ ਦੀਹ ਦਾਰੁਨ ਡੰਕ ਮਾਰੁਨ ਚੀਨ ਹੇ ॥ ਤੁਰਹੀ ਤਬਲ ਦੰਮਲ ਘੁਰਾਲੀ ਪੀਲ ਸ਼ੁਤਰੀ ਨਾਦੁ ਹੇ ॥ ਬਹੁ ਭਾਂਤਿ ਬਾਜਨ ਜੁੱਥ ਜੁੱਥਨ ਬਜਤਿ ਉਠਤੁ ਬਿਖਾਦੁ ਹੇ ॥ ੫੧੭ ॥ ੧੨੭੧ ॥ ਰਬਾਬ ਬੇਨੁ ਮੁਚੰਗੁ ਕਾਨੜੁ ਬੰਗ ਬੰਸਰਿ ਮਾਲ ਹੇ ॥ ਜੀਰ ਖਰਜ ਉਪੰਗ ਚੰਬਲ ਡਫ ਡੰਕਾ ਝਾਲ ਹੇ ॥ ਕੋਸ ਦੀਹ ਨਿਸੁੰਨ ਨਾਦਿਨ ਡਹ ਡਹਾਤ ਬਿਸਾਲ ਹੇ ॥ ਲੋਕ ਨਾਦਿ ਜੁਝਾਵ ਸੁਨਜਤ ਉਠਤਿ ਗੁਨਤਿ ਸੁ ਤਾਲ ਹੇ ॥ ੫੧੮ ॥ ੧੨੭੨ ॥ ਸਜ ਸੈਨ ਚਤੁਰੰਗਨੁ ਅਖਾਰਨੁ ਕੋਟਿ ਕੋਟਿ ਬਿਵਾਨ ਹੇ ॥ ਧੁਜਾ ਕੋਟਿ ਉਤੰਗ ਮਨਿ ਕਰ ਕੋਟਿ ਕੋਟਿ ਨਿਸਾਨ ਹੇ ॥ ਬ੍ਰਹਮ ਲੋਕ ਅਮਰ ਸਕਲ ਸੁਰ ਖ਼ਾਸ ਫੌਜ ਸੁਧਾਰ ਹੇ ॥ ਚੜਿਤ ਬਿਧਨਾ ਚਤੁਰ ਮੁਖ ਬੇਵਾਨ ਹੰਸ ਮੁਰਾਰਿ ਹੇ ॥ ੫੧੯ ॥ ੧੨੭੩ ॥ ਨਹਿ ਜਾਤਿ ਬਰਨੀ ਸੋਭ ਦਰਸਨ ਛਤ੍ਰ ਮੁਕਟ ਸਮਾਜ ਹੇ ॥ ਬਸਤ੍ਰ ਸਸਤ੍ਰਨ ਅਸਤ੍ਰ ਸੋਭਿਤ ਅੰਗ ਅੰਗਨ ਰਾਜ ਹੇ ॥ ਦਿਬਜ ਮੁਕਟ ਸਮਾਜ ਨਾਨਾ ਲਾਲਾ ਮਨਿ ਫਨਿ ਖਚਿਤ ਹੇ ॥ ਹੀਰਾ ਜ਼ਮੁਰਦਨ ਬੱਜ੍ਰ ਮੁਕਤਨ ਬਿਮਲ ਮਨਿ ਗਨ ਰਚਿਤ ਹੇ ॥੫੨੦॥ ੧੨੭੪ ॥ ਮੁਕਤਾ ਅਨੂਪਮ ਦਿਬਜ ਪੰਨੇ ਅਲਮਾਸ ਗੌਹਰ ਜੜਿਤ ਹੇ ॥ ਨਵਰਤਨ ਨਾਨਾ ਭਾਂਤਿ ਰਤਨੰ ਮਨਿਨ ਮਾਨਿਕ ਮੜਤ ਹੇ ॥ ਛਟਾ ਜਗਮਗ ਉਦਿਤ ਦਿਨ ਛਬਿ ਕੋਟਿ ਉਡਗਨ ਲਜਿੱਤ ਹੇ ॥ ਮਨੀ ਫਨੀਅਨ ਫਨੀ ਮਨੀਅਨ ਅਨਿਕ ਫਨਿ ਮਨਿ ਸਜਿਤ ਹੇ ॥ ੧ ॥ ਰਹਾਉ ॥ ਸੁਭ ਮਨੋਹਰ ਦਿਬਜ ਮੰਗਲ ਮੁਕਟ ਸੀਸੰ ਛਕਤ ਹੇ ॥ ਕੁੰਡਲ ਜ਼ਮੁਰਦਨ ਲਾਲ ਮੁਕਤਾ ਮਕਰਾਕਾਰੰ

Scanned by CamScanner

ਸਕਤਿ ਹੇ ॥ ੫੨੧ ॥ ੧੨੭੫ ॥ ਬਿਸਨੁਪਦ ਸਾਰੰਗ ਛੰਤ ॥ ਕਲ਼ਗੀ ਜ਼ਮੁਰਦਨ ਦੁਰ ਯਕਤਾ ਲਾਲ ਹੀਰਨ ਮਨਿਨ ਹੇ ॥ ਲੂਲੂ ਅਜਾਇਬ ਰਤਨ ਨਾਨਾ ਨੀਲ ਫਨਿ ਮਨਿ ਪਨਨ ਹੇ ॥ ਕੋਟਿ ਮਨਿਗਨ ਛਟਾ ਗੌਹਰ ਸਾਫ ਨਿਰਮਲ ਰਤਨ ਹੇ ॥ ਕਲਗੀ ਛਕੀ ਸਿਰ ਦਿਬਜ ਮੰਗਲ ਬਿਜਜ ਰਨ ਜਜ ਕਰਨ ਹੇ ॥ ੫੨੨ ॥ ੧੨੭੬ ॥ ਲਾਲ ਫਨਿ ਮਨਿ ਜਿਗਾ ਹੀਰਨ ਦੁਰਨ ਯਕਤਾ ਜੜਿਤ ਹੇ ॥ ਨਾਨਾ ਰਤਨ ਗੌਹਰ ਜਵਾਹਰ ਨੀਲ ਮਨਿ ਗਨ ਘੜਿਤ ਹੇ ॥ ਮੰਗਲ ਅਜਾਇਬ ਜਿਗਾ ਰਤਨਨ ਕੋਟਿ ਉਡਗਨ ਜੜਿਤ ਹੇ ॥ ਸੋਭੈ ਅਨੂਪਮ ਸੀਸ ਬਿਧਨਾ ਜੋਤਿ ਪਲ ਪਲ ਬੜਤ ਹੇ ॥੫੨੩॥ ੧੨੭੭ ॥ ਸੋਭਿਤ ਅਨੂਪਮ ਕੰਠ ਮਾਲੰ ਲਾਲ ਮੁਕਤਾ ਖਚਿਤ ਹੇ ॥ ਚੰਦ੍ਰ ਸੈਨਨ ਮਨਿਨ ਹੀਰਨ ਬਿਬਿਧ ਚੀਰਨ ਜੜਿਤ ਹੇ ॥ ਬੰਧੀ ਵ ਹੈਕਲ ਰਤਨ ਨਾਨਾ ਹਾਰ ਲਾਲਨ ਲਰੀ ਹੇ ॥ ਕੋਟਿ ਭੂਖਨ ਅੰਗ ਰਾਜਿਤ ਬਜ੍ਰ ਮੁਕਤਾ ਜਰੀ ਹੇ ॥ ੫੨੪ ॥ ੧੨੭੮ ॥ ਬਿਸਨੁਪਦ ਸਾਰੰਗ ਛੰਤ ॥ ਭੁਜ ਬੰਦ ਪੰਨਨ ਨੀਲ ਫਣਿ ਮਣਿ ਬਿਬਿਧ ਭੂਖਨ ਛਕੇ ਹੇ ॥ ਅਲੰਕਾਰ ਭਾਂਤਿ ਨਾਨਾ ਨਵਰਤਨ ਮੁੰਦ੍ਰਿਯਨ ਸਜੇ ਹੇ ॥ ਦੁਰਨ ਯਕਤਾ ਮਨਿਨ ਮਾਨਿਕ ਹੀਰ ਲਾਲਨ ਜੜੇ ਹੇ ॥ ਮੰਗਲ ਬਸਨ ਅੰਬਰ ਕਮਾਮੀ ਭਾਂਤਿ ਭਾਂਤਿਨ ਧਰੇ ਹੇ ॥ ੫੨੫ ॥ ੧੨੭੯ ॥ ਗੁਲਨਾਰ ਸੋਸਨਿ ਰੰਗ ਰੰਗਨ ਅਤਲਸ ਤਮਾਮੀ ਅੰਬਰੀ ॥ ਕ਼ਾਕ਼ਮ ਮੁਸ਼ੱਜਰ ਦਿਬਜ ਅੰਬਰ ਬਸਨ ਅਨਿਕ ਪਟੰਬਰੀ ॥ ਜਗਮਗ ਛਟਾ ਦਾਮਨਿ ਚਮਕਤ ਬਸਤ ਨੂਰੀ ਬੰਦਰੀ ॥ ਨਹਿ ਦ੍ਰਿਸ੍ਟਿ ਠਹਰਤਿ ਚਾਰੁ ਕਰ ਸਸਿ ਕੋਟਿ ਉਡਗਨ ਨਭ ਚਰੀ ॥ ੫੨੬ ॥ ੧੨੮੦ ॥ ਅੰਬਰ ਪਟੰਬਰ ਦਿਬਜ ਨਾਨਾ ਉਦਿਤ ਦਿਨ ਛਬਿ ਸਸਿ ਕਲਾ ॥ ਬਾਘੰਬਰੀ ਪਾਸ਼ੰਬਰੀ ਸ਼ਬਨਮ ਅਨੂਪਮ ਬਹੁ ਭਲਾ ॥ ਕ੍ਰਾਂਤਿ ਉਡਗਨ ਚੰਦ੍ਰ ਬਰਨਨ ਬਸਨ ਭੂਖਨ

Scanned by CamScanner

ਮੰਗਲਾ ॥ ਜਿਹ ਨਿਰਖ ਅਪਦਾ ਤਿਮਰੁ ਬਿਨਸਤਿ ਛਟਾ ਜਗਮਗ ਉਜ੍ਵਲਾ ॥ ੫੨੭ ॥ ੧੨੮੧ ॥
ਬਿਸਨੁਪਦ ਸਾਰੰਗ ਛੰਤ ॥ ਸਸਤ੍ਰੰ ਅਜਾਇਬ ਦਿਬਜ ਮੰਗਲ ਅਸਤ੍ਰ ਤੀਛਨ ਦਾਮਨੀ ॥ ਝਮਕਤ
ਛਟਾ ਚੰਚਲ ਲਹਾ ਲਹ ਜੜਿਤ ਉਡਗਨ ਚਾਂਦਨੀ ॥ ਮੁਕਤਾ ਜ਼ਮੁਰਦਨ ਬੱਜ੍ਰ ਰਤਨੰ ਸੇਸ ਫਨਿ
ਮਨਿ ਲਾਲਨੀ ॥ ਕ੍ਰਿਪਾਨ ਚਕ੍ਰ ਪਟਾ ਗਦਾ ਤਉੜੰਗੰ ਤਰਗਸ ਬਾਨਨੀ ॥ ੫੨੮ ॥ ੧੨੮੨ ॥
ਸਾਯਕ ਸਿਲੀਮੁਖ ਬੱਜ੍ਰ ਲਾਲਨ ਪਰੀ ਪੰਛੀ ਪਦਮਨੀ ॥ ਨਾਵਕ ਖਤੰਗਨ ਲੈਸ ਖਪਰਾ ਤ੍ਰੁਨ ਮਨਿ
ਗਨ ਸਰ ਫਨੀ ॥ ਲਹ ਲਹਤ ਜੁਗ ਰਸਨਾ ਸਜੀਵਨ ਰੂਪ ਵੰਤ ਸਜੀਵਨੀ ॥ ਚੰਦ੍ਰ ਬਾਨਨ ਅਰਧ
ਚੰਦ੍ਰਨ ਸੈਫ ਸਹਿਥੀ ਸਾਪਨੀ ॥ ੫੨੯ ॥ ੧੨੮੩ ॥ ਧਾਵਤ ਨਿਮਖ ਪਲ ਪਲ ਸ ਚੰਚਲ ਸਤ੍ਰੁ
ਖਾਪਨਿ ਧੋਪਨੀ ॥ ਕਬਜ਼ੈ ਬਿਬਿਧ ਦਸਤੈ ਅਨੂਠੀ ਲਾਲ ਮਨਿ ਗਨ ਨੀਲਨੀ ॥ ਤ੍ਰਿਸੂਲ ਸਾਂਗਨ
ਸਕਤਿ ਭਾਲਨ ਬਿਬਿਧ ਭਸੁੰਡੀ ਸੇਲਨੀ ॥ ਯਲਮਾਸ ਮਾਨਿਕ ਫਨਿਕ ਫਨਿ ਮਨਿ ਜੜਿਤ ਖਚਿੱਤ
ਸਹੇਲਨੀ ॥ ੫੩੦ ॥ ੧੨੮੪ ॥ ਪੰਛੀ ਪਰੀ ਨਾਗਨਿ ਭੁਜੰਗਨੁ ਬਿਸਖ ਬਿਖਧਰੁ ਅਹਿ ਫਨੀ ॥
ਧਰ ਰੂਪ ਨਾਗਨਿ ਸਜਿਵ ਬਾਨਨ ਭੀਮ ਭੀਸਮ ਕਾਲਨੀ ॥ ਜਮਧਰ ਕਟਾਰਨ ਬਾਂਕ ਬਿਛੂਆ ਕਾਲ
ਦਾੜ ਕਰਾਲਨੀ ॥ ਤਉੜੰਗ ਤੁਪਕ ਜੰਬੂਰ ਪਿਸ੍ਰਨ ਭੀਮ ਬਾਂਕ ਜੁਆਲਨੀ ॥ ੫੩੧ ॥ ੧੨੮੫ ॥
ਬਿਸਨੁਪਦ ਸਾਰੰਗ ਛੰਤ ॥ ਸਸਤ੍ਰ ਅਸਤ੍ਰ ਅਨੂਪ ਤੀਛਨ ਦਿਬਜ ਮੰਗਲ ਸਾਜ ਹੇ ॥ ਸਨਾਹ ਬਕੱਤ੍ਰ
ਕੌਚ ਕਸ ਸਜ ਸਸਤ੍ਰ ਅਸਤ੍ਰ ਧਿਰਾਜ ਹੇ ॥ ਸੁਰ ਸਕਲ ਠਾਢੇ ਕਰਤ ਮੰਗਲ ਬਿਜੈ ਉਚਰਤ ਗਾਜ
ਹੇ ॥ ਮਨਾਇ ਗਨਪਤਿ ਸਿੱਧ ਦਾਤਾ ਕਰਤ ਜੈ ਜੈ ਕਾਰ ਹੇ ॥ ੫੩੨ ॥ ੧੨੮੬ ॥ ਬਜਜੋ ਘੰਟਾ
ਸੰਖ ਭੀਖਮ ਨਾਦ ਮੰਗਲ ਕਾਰ ਹੇ ॥ ਸੁਭ ਘੜੀ ਸੋਧ ਚੜਜੋ ਬਿਧਾਤਾ ਬੇਵਾਨ ਹੰਸ ਮੁਰਾਰਿ ਹੇ ॥

Scanned by CamScanner

ਨਹਿ ਜਾਤਿ ਬਰਨੀ ਸੋਭ ਦਰਸਨ ਸਿਰ ਢੁਰਤ ਛਤ੍ਰ ਕਰਤਾਰ ਹੇ ॥ ਚਾਮਰ ਚਹੁੰ ਦਿਸ ਫਿਰਤ ਅਨਲੀ ਸੁਰ ਕਰਤ ਜੈ ਜੈ ਕਾਰ ਹੇ ॥ ੫੩੩ ॥ ੧੨੮੭ ॥ ਭਯੋ ਸੱਦ ਨੱਦ ਪ੍ਰਲਜ ਪਲਟਜੋ ਬਜਜੋ ਘੋਰ ਨਿਸਾਨ ਹੇ ॥ ਗੋਮੁਖ ਦਮਾਮਨ ਕੋਸ ਦੁੰਦਭਿ ਡੰਕ ਧੌਂਸ ਬਰਾਨ ਹੇ ॥ ਗੁਡ ਗੁਡੀ ਡਾਮਰੁ ਨਾਇ ਤੁਰਹੀ ਤੰਬੂਰ ਦਾਰੁਨ ਤਾਨ ਹੇ ॥ ਝਾਂਝਰ ਬਨੌਸਾ ਤਾਲ ਝਾਂਝ ਮੰਜੀਰ ਘੋਰ ਸਹਾਨ ਹੇ ॥੫੩੪॥੧੨੮੮॥ ਮਾਰੂ ਬਜਯੋ ਘਨਘੋਰ ਨਾਦਨ ਮੁਰਜ ਮਾਹੁਰ ਬੀਨ ਹੇ ॥ ਦੁੰਦਭਿ ਪਖਾਵਜ ਬੇਨੁ ਬਨਸੀ ਖਰਜ ਬੰਬ ਡਫੀਨ ਹੇ ॥ ਮੁਰਲੀ ਮੁਚੰਗਨ ਜਲ ਤਰੰਗਨ ਉਪੰਗ ਰੰਗਨ ਡੀਨ ਹੇ ॥ ਘੋਰ ਦੀਹ ਬਜੰਤ੍ਰ ਨਾਨਾ ਭੀਮ ਦਾਰੁਨ ਕੀਨ ਹੇ ॥ ੫੩੫ ॥ ੧੨੮੯ ॥ ਕਰਜੋ ਕੂਚ ਅਨੀ ਬਿਧਾਤਾ ਇੰਦ੍ਰ ਪੁਰ ਨਗ ਫਟਕ ਹੇ ॥ ਸੁਰ ਸਾਜ ਸਾਜ ਚਲੇ ਸੰਬੂਹਨ ਬਜੂਹ ਛੂਹਿਨਿ ਕਟਕ ਹੇ ॥ ਅਸੁ ਗਜ ਸਜੰਦਨ ਪੀਲ ਪਾਖਰ ਸੁਭਟ ਪਾਇਕ ਬਿਕਟ ਹੇ ॥ ਕਰਤ ਜੈ ਜੈ ਕਾਰ ਮੰਗਲ ਬਿਜੈ ਜੈ ਕਰ ਸੁਭਟ ਹੇ ॥ ੫੩੬ ॥ ੧੨੯੦ ॥ ਹਰਵਲ ਚੰਦਾਵਲ ਅਮਰ ਗਨ ਭਟ ਬਾਇ ਦਾਹਿਨ ਬੀਰ ਹੇ ॥ ਖਵਾਸ ਪਾਇਕ ਗੋੜ੍ ਨਿਜ ਦਲ ਸੁਭਟ ਸਾਵੰਤ ਧੀਰ ਹੇ ॥ ਖਾਸ ਫੌਜ ਬਨਾਇ ਖਾਸੀ ਰੰਗ ਰੰਗਨ ਚੀਰ ਹੇ ॥ ਕ੍ਰਿਪਾਨ ਸੇਲ ਗਦਾ ਪਟਾ ਸਾਰੰਗ ਖਦੰਗੋ ਤੀਰ ਹੇ ॥ ੫੩੭ ॥ ੧੨੯੧ ॥ ਨਾਯ ਮਾਥ ਚਲੇ ਸਕਲ ਸੁਰ ਉਡਜੋ ਹੰਸ ਬਿਵਾਨ਼ ਲੈ ॥ ਜਾਤ੍ਰਾ ਕਥੀ ਸ੍ਰੀ ਬ੍ਰਹਮ ਕਰਤਾ ਇੰਦ੍ਰ ਲੋਕ ਪਯਾਨ ਕੈ ॥ ਬਜਤੇ ਬਜੰਤ੍ਰਨ ਸੁਰ ਅਖਾੜਨ ਗੁਨਿਨ ਰਾਗ ਅਲਾਪ ਹੀ ॥ ਮਾਰੂ ਧਮਾਰ ਬਸੰਤ ਸੂਹੀ ਗੌਂਡ ਭੈਰਵ ਥਾਪ ਹੀ ॥ ੫੩੮ ॥ ੧੨੯੨ ॥ ਸਕ੍ ਲੋਕ ਚਲੇ ਮੁਦਿਤ ਮਨਿ ਹਰਖ ਮੰਗਲ ਰਸਿ ਭਰੇ ॥ ਆਨੰਦ ਪਲ ਪਲ ਮੁਦਿਤ ਛਿਨ ਛਿਨ ਸੀਲ ਨਿਧ ਕਰੁਣਾ ਢਰੇ ॥ ਲੋਕ ਲੋਕ ਸੁਨਜੋ ਕੁਲਾਹਲ ਜੁਰੇ

Scanned by CamScanner

ਆਇ ਆਰੁਣ ਚਲੇ ॥ ਪਹੁੰਚੇ ਸਕਲ ਸੁਰ ਸਾਜ ਨਿਜ ਨਿਜ ਫੌਜ ਭਟ ਜੋਧੇ ਬਰੇ ॥੫੩੯॥੧੨੯੩॥ ਬਿਸਨੁਪਦ ਸਾਰੰਗ ਛੰਤ ॥ ਸੁਨਿ ਆਗਮਨਿ ਆਵਤੁ ਬਿਧਾਤਾ ਸੁਰ ਸਕਲ ਆਨੰਦ ਭਏ ॥ ਹਰਖ ਗਾਵਤ ਬਿਜੈ ਮਾਰੂ ਕਰਤ ਜੋਧਾ ਜਯ ਜਏ ॥ ਬਜਤ ਘਨ ਘੰਟਾ ਮਧੁਰ ਧੁਨਿ ਸੰਖ ਭੇਰੀ ਮੁਰਜਏ ॥ ਉਠਤ ਤਾਲ ਤਮਾਲ ਉਘਟਤ ਨਚਤ ਅਪੱਸਰ ਤਾਥਏ ॥੫੪੦॥੧੨੯੪॥ ਬਜਤ ਬੀਨ ਮੁਚੰਗ ਬਨਸੀ ਢੋਲ ਡਫ ਦੁੰਦਭਿ ਘਨੇ ॥ ਮੁਰਲੀ ਪਖ਼ਾਵਜ ਮੁਰਜ ਮੁਹਵਰ ਝਾਂਝ ਘੁੰਘਰੁ ਰਸਿ ਭਿਨੇ ॥ ਅਪੱਸਰ ਨਚਤਿ ਗੰਧ੍ਰਬ ਬਜਾਵਤ ਜੱਛ ਕਿੰਨਰ ਸੁਰ ਭਰੇ ॥ ਪਹੁੰਚੇ ਸਕਲ ਸੁਰ ਦ੍ਵਾਰ ਬਾਸਵ ਸੁਨਜੋ ਆਗਮ ਸੁਰ ਚਰੇ ॥ ੫੪੧ ॥ ੧੨੯੫ ॥ ਧੁਨਿ ਸੁਨਿ ਜਗੇ ਪਸੁਪਤਿ ਜਿਨੇਸ੍ਵਰ ਭੂਤਰਾਟ ਗਨੇਸ਼ ਸੰਭੁ ॥ ਛੁਟੀ ਤ੍ਰਿਕੁਟਿ ਧਜਾਨ ਲਾਗੇ ਸਮਾਧਿ ਆਤੁਰ ਭੈ ਸੰਭੁ ॥ ਕੁਪੇ ਸ੍ਰੀ ਤ੍ਰਿਪੁਰਾਰਿ ਭੋਲਾ ਰੁਦ੍ਰ ਗਨ ਕੋਪੇ ਸਕਲ ॥ ਧਰੇ ਚਕ੍ਰ ਤ੍ਰਿਸੂਲ ਡਵਰੂ ਸੇਖ ਪੰਨਗ ਮੇਲ ਗਲ ॥੫੪੨॥੧੨੯੬॥ ਕਰ ਨਾਦ ਡਵਰੂ ਗਜੇ ਸੰਭੂ ਜਗੇ ਭੈਰਵ ਭੂਤ ਗਨ ॥ ਕੰਕ ਬੰਕ ਪਿਸਾਚ ਨਿਸਚਰ ਬੈਤਾਲ ਤਮਚਰ ਗਜੇ ਰਨ ॥ ਖ਼ਮ ਠੋਕ ਤਾਲ ਉਠੇ ਤਹਾਂ ਗਨ ਪ੍ਰੇਤ ਚਿੰਸਤ ਬੈਤਲਾ ॥ ਘੋਰ ਧੁਨਿ ਜਨ ਪ੍ਰਲਜ ਪਲਟਜੋ ਜੁਰੇ ਸ਼ਿਵ ਗਨ ਭੀਹਲਾ ॥ ੫੪੩ ॥ ੧੨੯੭ ॥ ਮਦ ਪੀ ਗਜਜ ਬੈਤਾਲ ਦਾਰੁਨ ਭੂਤ ਭੈਰਵ ਨਿਸਚਰਾ ॥ ਨਾਚਤ ਕਪਾਲਿਕ ਤਾਲ ਬਾਜਤ ਉਠਿਤ ਧੁਨਿ ਦਾਰੁਨ ਸੁਰਾ ॥ ਭੈਰਵ ਨਿਸਾਚਰ ਭੂਤ ਭੀਖਮ ਕੰਕ ਭੀਹਲ ਭੈਕਰਾ ॥ ਘੁੰਮਤ ਮਦਾਰੀ ਭੀਮ ਬਿਕ੍ਰਮ ਰੁਦ੍ਰ ਗਨ ਦਲ ਮਦ ਪਰਾ ॥ ੫੪੪ ॥ ੧੨੯੮ ॥ ਗਨ ਜਟਾਧਾਰ ਮੁੰਡੇ ਕਿਤੇ ਭਟ ਅਰਧ ਮੁੰਡਿਤ ਭੈਰਵਾ ॥ ਲੰਮੇ ਡਿਲਾਰੇ ਡੀਲ ਭਾਰੇ ਦੀਹ ਦਾਰੁਨ ਭੂਤਵਾ ॥ ਲਖ ਗਾਇ ਗਨ ਜੋਗੀ ਦਿਗੰਬਰ

Scanned by CamScanner

ਨਗਨ ਸਿਵ ਗਨ ਭੈਕਰਾ ॥ ਉਰਧ ਬਾਹੁ ਨਖੀ ਜਟੀ ਧੂਲੀ ਪਸੀਚਕ ਨਿਸਚਰਾ ॥੫੪੫॥੧੨੯੯॥ ਰਾਖਸ ਨਖੀ ਜੋਗੀ ਦਿਗੰਬਰ ਉਮਲ ਦਾਰੁਨ ਬਿਕਟ ਹੇ ॥ ਤ੍ਰਿਮੁੰਡ ਖਟ ਲੋਚਨ ਕਿਤੇ ਦੋ ਮੁੰਡ ਭੀਖਮ ਸੁਭਟ ਹੇ ॥ ਬਿਨ ਮੁੰਡ ਕਪਾਲੀ ਕਿਤੇ ਸਤ ਮੁੰਡ ਖਟ ਜੋਜਨ ਅਸੁਰ ॥ ਮਦ ਪੀ ਭਖਤ ਅਮਿਖ ਆਘੋਰੀ ਤਾਮਸੀ ਹਿੰਸੀ ਜਫ਼ਰ ॥ ੫੪੬ ॥ ੧੩੦੦ ॥ ਕੁਚਿਲ ਬਿਕਟ ਅਸੌਚਿ ਅਨੇਮੀ ਸੁਰਾ ਪਾਨ ਕਪਾਲਨੀ ॥ ਰਕਤ ਦੰਤ ਬਿਕ੍ਰਾਲ ਚੱਛਨ ਤਿਮਰ ਗਾਤ ਬਜਾਲਨੀ ॥ ਭਸਮੀ ਦਿਗੰਬਰ ਘੋਰ ਆਨਨ ਅਰੁਨ ਕਾਯ ਬਿਹਾਲਨੀ ॥ ਭਛਤਾਮਿਖ ਸਜਗ ਕਰਤ ਮਖ ਅਗਨਿ ਹੋਤ੍ਰ ਜ੍ਵਾਲਨੀ ॥੫੪੭॥੧੩੦੧॥ ਅਧੋ ਮੁਖ ਝੰਪਤ ਅਗਨਿ ਬਹੁ ਠਟਤ ਆਸਨ ਸਿੱਧਨੀ ॥ ਨਾਟਕ ਬਸੀਕਰਨਾਦਿ ਜੰਤ੍ਰ ਕਿ ਤੰਤ੍ਰ ਮੰਤ੍ਰਨ ਰਿਧੱਨੀ ॥ ਇੰਦ੍ਰ ਜਾਲ ਪਖੰਡ ਡੰਭ ਉਚਾਟ ਮਾਰਨ ਭ੍ਰਾਂਤਕੀ ॥ ਰਮਾਲ ਸਾਹਰ ਅਸ਼੍ਰ ਸਿੱਧੀ ਬਿਰੋਧ ਮਾਰਗ ਭ੍ਰਾਤਕੀ ॥ ੫੪੮ ॥ ੧੩੦੨ ॥ ਜੱਛ ਸੂਕਰ ਪ੍ਰੇਤ ਗਨ ਬਹੁ ਮਹਿਖ ਖੱਚਰ ਰਾਖਸੀ ॥ ਨਾਟਕ ਉੱਚਾਟਤ ਬੋਧ ਨਿਜਮਤਿ ਭਿੰਨ ਤਤ ਫੁਨ ਬਾਕਸੀ ॥ ਸੀਘ੍ਰਤੰ ਫੁਰ ਬਾਕ ਸਿੱਧੀ ਜੰਤ੍ਰ ਮੰਤ੍ਰਨ ਰਾਫਸੀ ॥ ਦੂਤ ਮਾਯਾਵੀ ਪੰਚਾਨਨ ਨਾਨੱਤ੍ਵ ਭਵ ਖੀਲਾਫਸੀ ॥੫੪੯॥੧੩੦੩॥ ਕਾਛੇ ਕਛੌਟੀ ਬਿਕਟ ਬਾਂਕੇ ਭੀਮ ਦਾਰੁਨ ਡਾਂਕ ਹੀ ॥ ਸੇਲ ਸੂਲ ਗਦਾ ਪਟਾ ਧਾਰਿ ਭਭਤਿ ਹੀਕਤਿ ਹਾਂਕ ਹੀ ॥ ਧੁਕ ਧੁਕ ਉਠਤਿ ਬੈਤਾਲ ਚਿੰਸਤ ਗੁਰਜ ਗੋਫ਼ਨ ਧਾਰ ਹੀ ॥ ਭੂੰਕਾਰ ਸਦ ਪ੍ਰਲਜ ਪੁਰਾਜਜੋ ਗਰਜ ਤਰਜ ਚਿੰਕਾਰ ਹੀ ॥ ੫੫੦ ॥ ੧੩੦੪ ॥ ਫਾਸੀ ਗੁਲੇਲ ਕਮੰਦ ਜਮ ਧਰਿ ਡੰਡ ਮੁਦਗਰ ਭਗ ਧਰੇ ॥ ਦੂਹ ਦੀਹ ਦੁਰੰਤ ਭੈਕਰ ਸਿਲਾ ਮੂਸਲ ਕੈਬਰੇ ॥ ਏਕ ਬਾਹੁ ਦੁਬਾਹੁ ਤ੍ਰਿਤਿਯੇ ਸਾਤ ਦਸ ਦ੍ਵਾਦਸ ਕਰੇ ॥ ੫੫੧ ॥ ੧੩੦੫ ॥ ਬਿਸਨੁਪਦ ਸਾਰੰਗ ਛੰਤ

Scanned by CamScanner

ਬਡਾਣਾ ਦੱਖਣੀ ॥ ਲੈ ਲੈ ਸੂਆ ਤ੍ਰਿਸੂਲ ਭਿਭਰੇ ਉਛਰ ਕੂਦਹਿ ਨਾਚ ਹੀ ॥ ਖਪਰ ਕਰਾਲੀ ਭੈਰਵੀ ਹਾ ਹੂਹ ਡਕਰਤ ਮਾਚ ਹੀ ॥ ਕਿਲ ਕਿਲ ਸਬਦ ਦਾਰੁਨ ਨਿਸੁੰਨਦ ਹਾਕ ਮਾਰਤ ਕੂਕ ਹੀ ॥ ਭਯ ਸਦ ਭੀਖਮ ਬਾਕ ਭੈਰਵ ਹਾਕ ਡਾਕਤ ਹੂਕ ਹੀ ॥ ੫੫੨ ॥ ੧੩੦੬ ॥ ਜ੍ਵਾਲਾ ਤਜਤ ਆਨਨ ਪਸਾਰੇ ਭੀਮ ਦਾੜ ਬਜਾਵ ਹੀਂ ॥ ਠਨ ਠਨ ਠਹਿਕਤ ਠਾਠ ਠਠੀਅਰ ਪੀਸ ਪੀਸ ਬਜਾਵ ਹੀਂ ॥ ਕੋਪੇ ਸਕਲ ਦਲ ਭੂਤ ਭੈਰਵ ਘੂੰਮ ਘੂੰਮ ਫੁੰਕਾਰ ਹੀਂ ॥ ਦੈ ਦੈ ਦਮਾਮਨ ਚੋਬ ਦਾਰੁਨ ਡੰਕ ਧੌਂਸਾ ਘਾਰ ਹੀਂ ॥ ੫੫੩ ॥ ੧੩੦੭ ॥ ਬਿਸਨੁਪਦ ਸਾਰੰਗ ਛੰਦ ਬ੍ਰਿਧਮੁਖੀ ਤਈਲੰਗ ਕਥਤੇ ॥ ਦੁੰਦਭਿ ਨਫ਼ੀਰੀ ਗੋਮੁਖੀ ਗੁਡਗੁਡੀ ਡਵਰੂ ਖਪਰੀ ॥ ਡਰ ਡਹਾਤ ਨਿਸੁੰਨ ਨਾਦਨ ਕੋਸ ਦਾਰੁਨ ਖਚਰੀ ॥ ਧੁੰਧ ਘੋਰ ਭਜਾਨ ਨਾਦਨ ਪ੍ਰਲਜ ਬਜੰਤ੍ਰ ਸੁਤਰੀ ॥ ਦਹਲੇ ਚਰਾਚਰ ਜੀਵ ਜੰਤਨ ਸਦ ਬਾਜੰਤ੍ਰੰ ਖਰੀ ॥੫੫੪॥੧੩੦੮॥ ਉਤਸਵ ਕੁਲਾਹਲ ਜੱਛ ਭੈਰਵ ਪ੍ਰੇਤ ਮਾਲਾ ਨਾਚ ਹੀ ॥ ਆਮਿਖ ਭਖਤ ਨਾਨਾ ਪਸੂਅਨ ਘੋਰ ਮਦਰਾਂ ਰਾਚ ਹੀ ॥ ਸਿਵ ਸਿਵ ਉਚਾਰਤਿ ਰਟਤਿ ਪਸੁ ਪਤਿ ਸੰਭੁ ਕੇ ਰੰਗਿ ਰਾਚ ਹੀ ॥ ਹਰ ਹਰ ਭਜਤਿ ਸੰਕਰ ਰਟਤਿ ਤ੍ਰਿਨੇਤ੍ਰ ਸਸਿ ਧਰ ਉਬਾਚ ਹੀ ॥ ੫੫੫ ॥ ੧੩੦੯ ॥ ਬਿਸਨੁਪਦ ਸਾਰੰਗ ਛੰਦ ਸਾਨੀ ॥ ਨਾਨਾ ਸਵਾਰੀ ਬ੍ਰਿਖਭ ਗਜ ਰਥ ਉਸ਼੍ਟ ਬਾਹਨ ਭੈਰਵਾ ॥ ਮਹਿਖ ਖੱਚਰ ਬਜਾਘ੍ਰ ਸ੍ਰਿੰਗੀ ਸਜਾਰ ਕੂਕਰ ਪ੍ਰੇਤਵਾ ॥ ਮਾਸਾਨ ਬੈਤਾਲੀ ਪਸੂਚਕ ਭੂਤ ਭੈਰਵ ਦਾਨਵਾ ॥ ਕਣੀ ਪ੍ਰੇਤ ਚੜ ਭੂਤਨ ਚਮੂ ਕਣੀ ਬਜਾਲ ਚੜ ਕੁਲਿ ਧਾਨਵਾ ॥ ਭਿਭਰੇ ਭਸੁੰਡੇ ਭਸਮ ਲੇਟੇ ਨਗਨ ਹਰ ਗਨ ਬੈਤਾਲਵਾ ॥ ਕੁਪੇ ਬਿਕਟ ਭਟ ਪ੍ਰੇਤ ਦਾਰੁਨ ਕੰਕ ਬੰਕ ਭੂਤਾਲਵਾ ॥ ੫੫੬ ॥ ੧੩੧੦ ॥ ਦਈ ਆਗਜਾ ਸੰਭੁ ਗਨ ਕਹ ਤਬਲ ਕੂਚ ਬਜੇ ਸਬੈ ॥ ਕਰ ਨਾਦ ਡਵਰੂ ਗਜੇ ਸੰਕਰ ਭੂਤ ਗਨ

ਜੋਧਾ ਤਬੈ ॥ ਸਸਤ੍ਰ ਅਸਤ੍ਰ ਸੁਧਾਰ ਸਿਵ ਜੂ ਓਅੰ ਕਲੋਲ ਉਚਾਰ ਜੈ ॥ ਜੈ ਜੈ ਅਨਾਹਦਿ ਨਾਦ ਕਿੰਗੁਰਿ ਬਜਤ ਧੁਨਿ ਜੈਕਾਰ ਜੈ ॥ ੫੫੭ ॥ ੧੩੧੧ ॥ ਬਿਸਨੁਪਦ ਛੰਦ ਸਾਰੰਗ ॥ ਮੁੰਡ ਮਾਲ ਬਿਸਾਲ ਹਾਰਨ ਸੀਸ ਗੰਗਾ ਰਾਜ ਹੀ ॥ ਭਾਲ ਚੰਦ੍ਰ ਤ੍ਰਿਨੇਤ੍ਰ ਸੰਕਰ ਜਟਾ ਜੂਟ ਬਿਰਾਜ ਹੀ ॥ ਸੂਲ ਚਕ੍ਰ ਤ੍ਰਿਸੂਲ ਡਵਰੂ ਬਜਤ ਡਿਮ ਡਿਮ ਛਾਜ ਹੀ ॥ ਦ੍ਵਿਪ ਚਰਮ ਕਛਨੀ ਕਛੇ ਸੋਹਿਤ ਨਿਰਖ ਸੁਰ ਮੁਨਿ ਲਾਜ ਹੀ ॥ ੫੫੮ ॥ ੧੩੧੨ ॥ ਕੁਸਮ ਕਲਪਾਤੀ ਮਸਾਨੰ ਘੋਰ ਮਰਦਨ ਅੰਗ ਅੰਗ ॥ ਜੋਗ ਨਿੰਦ੍ਰਾ ਧਜਾਨ ਮਾਤੇ ਛਕੇ ਮਦਿਰਾ ਤਜਾਗ ਭੰਗ ॥ ਸੰਨਜਾਸ ਪਦ ਲਿਵ ਲੀਨ ਮਾਤੇ ਜੋਗ ਨਿੰਦ੍ਰਨੀ ਪਦ ਉਮੰਗ ॥ ਮੁਕਟ ਰਾਜਿਤ ਜਟਾ ਸਿਰ ਪਰ ਬਸਨ ਭੂਖਨ ਹਰ ਭੁਜੰਗ ॥੫੫੯॥੧੩੧੩॥ ਬੋਲ ਹਰ ਨੰਦੀ ਲਿਯੋ ਗਨ ਸਕਲ ਧਾਏ ਗਜ ਬਦਨ ॥ ਲੰਬੋਦਰ ਮੂਖਕ ਚੜ ਸਿਧਾਏ ਗਨੇਸ ਗਨਪਤਿ ਸੁਮਰ ਤਨ ॥ ਏਕ ਦੰਤ ਸੰਧੂਰ ਮਾਥੇ ਬਿਘਨ ਨਾਸਨ ਜੈ ਕਰਨ ॥ ਸਿਧ ਦਾਇਕ ਸ੍ਰੀ ਬਿਨਾਯਕ ਸੰਭੁ ਸੁਤ ਸੰਕਟ ਹਰਨ ॥ ੫੬੦ ॥ ੧੩੧੪ ॥ ਕੁਪੇ ਕਰ ਤ੍ਰਿਸੂਲ ਧਰ ਦਲ ਜੁੱਥ ਜੁੱਥਨ ਸੰਗ ਲੈ ॥ ਸਾਰੰਗ ਬਾਨ ਪਟਾ ਗਦਾ ਮੂਸਲ ਭਜਾਨਕ ਪਾਨ ਲੈ ॥ ਗਾਜਜੋ ਗਨੇਸ ਮਹੇਸ ਸੁਤ ਗਨ ਭੂਤ ਭੈਰਵ ਸਾਜ ਦਲ ॥ ਧਾਏ ਸਭੀ ਪਰਿਵਾਰ ਗੋਤ੍ਰਨ ਅਪਨ ਆਪੁਨ ਦਲ ਬਦਲ ॥ ੫੬੧ ॥ ੧੩੧੫ ॥ ਸਾਮ ਕਾਰਤਿਕ ਆਦਿ ਜੋਧਾ ਮਯੂਰ ਬਾਹਨ ਛਾਜ ਹੀ ॥ ਕਟਿ ਤੂਨ ਸਾਰੰਗ ਪਾਨ ਸੋਭਿਤ ਬਸਨ ਭੂਖਨ ਰਾਜ ਹੀ ॥ ਪਗ ਧਾਰ ਨੰਦੀ ਹਰ ਚੜੇ ਚਹੁੰਦਿਸ ਜਲਾਜਲ ਬਾਜ ਹੀ ॥ ਸੰਕਰ ਬਿਨਾਯਕ ਸਾਮ ਕਾਰਤਿਕ ਨਿਰਖ ਅਘ ਦਲ ਭਾਜ ਹੀ ॥ ੫੬੨ ॥ ੧੩੧੬ ॥ ਨਾਦ ਸੰਖਨ ਧੁਨਿ ਨਫ਼ੀਰੀ ਜੱਛ ਗੰਧ੍ਰਬ ਗਾਵਹੀਂ ॥ ਮੰਗਲ ਬਿਜਜ ਰਨ ਰਾਗ ਮਾਰੂ ਦੀਹ ਦੁੰਦਭਿ ਰਾਵ

ਹੀ ॥ ਘੰਟਾ ਬਜਤ ਘਹਿਰਤ ਦਮਾਮਾ ਭੂਤ ਭੈਰਵ ਨਾਚ ਹੀ ॥ ਬਾਸਵ ਪੁਰੀ ਮਗ ਲੀਨ ਦੂਤਨ ਧੁਜਾ ਕੋਟਿਕ ਖਾਚ ਹੀ ॥ ੫੬੩ ॥ ੧੩੧੭ ॥ ਦੈ ਦੈ ਦਮਾਮਨ ਚੋਬ ਦਾਰੁਨ ਚਲੇ ਬਾਸਵ ਪੁਰਿ ਸਦਨੁ ॥ ਦਹਲਜ ਚਰਾਚਰ ਜੀਵ ਜੰਤੰ ਪ੍ਰਲਜ ਮਾਨਜੋ ਅਸੁਰ ਗਨੁ ॥ ਦਸ ਚਤੁਰ ਲੋਕ ਸੁਨਜੋ ਕੁਲਾਹਲ ਸੁਨਜੋ ਮਘਵਾ ਆਗਮਨ ॥ ਜੈ ਜੈ ਉਚਾਰਤ ਮੇਟ ਆਰਤ ਹਰਖ ਮੰਗਲ ਸਦਨ ਬਨ ॥੫੬੪॥੧੩੧੮॥ ਬਿਸਨੁਪਦ ਸਾਰੰਗ ਛੰਤ ॥ ਸੁਨ ਸਦ ਮਾਰੂ ਬਿਸਨੁ ਕੋਪੇ ਦਈ ਆਗਜਾ ਸੁਰਮੁਨੀ ॥ ਸਨਕਾਦਿ ਆਦਿ ਤਪੀ ਰਿਖਿਸੁਰ ਭਗਤਿ ਧਾਏ ਹਰਿਜਨੀ ॥ ਸਾਜ ਸਾਜ ਸਮੂਹ ਬਜੂਹਨ ਚਤੁਰ ਦਲ ਚਤੁਰੰਗਨੀ ॥ ਅਸੁ ਗਜ ਸਜੰਦਨ ਸੁਭਟ ਪਾਇਕ ਬੇਵਾਨ ਸੁਭਟ ਬਰੰਗਨੀ ॥੫੬੫॥ ੧੩੧੯ ॥ ਸੁਰ ਸਿੱਧ ਗਣ ਗੰਧ੍ਰਬ ਮੁਨਿ ਜਨ ਕੋਪ ਕੋਪ ਉਠੇ ਸਕਲ ॥ ਦੀਹ ਦੀਹ ਬਜਾਏ ਬਾਜਨ ਸਾਜ ਸਾਜ ਅਨੀ ਪ੍ਰਬਲ ॥ ਜੁੱਥ ਜੁੱਥ ਦੁਰੇਤ ਸੁਰ ਗਨ ਘੋਰ ਘੋਰ ਬਜੰਤ੍ਰ ਦਲ ॥ ਜੁਰੇ ਇਕਠੇ ਸਾਜ ਸੰਜਨ ਹਨਨ ਖਲ ਦਲ ਸਘਨ ਮਲ ॥ ੫੬੬ ॥ ੧੩੨੦ ॥ ਲੈ ਲੈ ਗਦਾ ਤ੍ਰਿਸ਼ੂਲ ਸਾਰੰਗ ਚਕ੍ਰ ਪਟਸ ਸੁ ਸਹਿਥੀ ॥ ਜਮਧਰ ਕਟਾਰਨ ਸੇਲ ਸਾਂਗਨ ਗੁਰਜ ਗੋਫਨ ਖੱਗਦੀ ॥ ਗੁਲੇਲ ਮੂਸਲ ਸੈਫ਼ ਬਾਨਨ ਧੋਪ ਖੰਡਾ ਸਿਪਰੀ ॥ ਤਰਵਾਰ ਬਰਛਾ ਧਰਨ ਸਭਿ ਕੁਵੰਡ ਧਨੁਹੀ ਖਗ ਸਰੀ ॥ ੫੬੭ ॥ ੧੩੨੧ ॥ ਨਾਵਕ ਖਤੰਗਨ ਤੂਨ ਛੂਲੀ ਚਾਂਪ ਸਰ ਪੰਛੀ ਪਰੀ ॥ ਗੜੀਆ ਭਸੁੰਡੀ ਸਕਤਿ ਭਾਲਾ ਸਾਂਗ ਬੱਲਮ ਸੰਗਰੀ ॥ ਜੰਬੂਆ ਪਟਾ ਕ੍ਰਿਪਾਨ ਕਾਤਿਨ ਸੂਆ ਸੋਟਨ ਮੁਦਗਰੀ ॥ ਡੰਡ ਲਸ੍ਰਿਕ ਲਕੁਟਿ ਪਰਸਾ ਤਬਰ ਬਿਛੂਆ ਬਾਂਕਰੀ ॥ ੫੬੮ ॥ ੧੩੨੨ ॥ ਮ੍ਰਿਗ ਛਾਲ ਕੁਠਾਰ ਅਨੀ ਧਨੁ ਕਲਦਾੜ ਕਟਾਰਨ ਫਾਹੁਰੀ ॥ ਬੱਜ੍ਰ ਬਾਨ ਸਿਲੀਮੁਖੰ ਜ਼ੰਬੂਰ ਸੈਨਾ ਸੰਗਰੀ॥

Scanned by CamScanner

ਬੁਗਦਾ ਕਰੌਲੀ ਤੁਪਕ ਸੰਗਰ ਢਾਲ ਖੜਗੋ ਜ਼ੰਬੁਰੀ ॥ ਨਾਚੁਖ਼ ਬਨੈਟੀ ਜੇਗ ਦਾਰੁਨ ਜ਼ੁਲਫ਼ਕਾਰੀ ਮਿਸਰੀ ॥ ੫੬੯ ॥ ੧੩੨੩ ॥ ਸਸਤ੍ਰ ਅਸਤ੍ਰ ਅਪਾਰ ਅਗਨਤ ਤਿੱਛ ਪੈਨੀ ਸੈਕਲੀ ॥ ਧਾਰ ਧਾਰ ਅਨੇਕ ਆਯੁਧ ਬਾਧ ਬਾਧ ਸੁਭਟ ਬਲੀ ॥ ਦਲ ਸਾਜ ਸਾਜ ਚਲੇ ਅਮਰ ਕੁਲਿ ਜੁੱਥ ਜੁੱਥਨ ਮੰਡਲੀ॥ ਅਸੁ ਗਜ ਰਥੀ ਪਾਯਕ ਬਿਵਾਨੀ ਕਟਕ ਸੁਰ ਰਣਿ ਖੰਭਲੀ ॥ ੫੭੦ ॥ ੧੩੨੪ ॥ ਮਨਿ ਗਨ ਜ਼ਮੁਰਦ ਲਾਲ ਹੀਰੰ ਬੱਜ੍ਰ ਮੁਕਤਾਹਲ ਲਗੀ ॥ ਯਲਮਾਸ ਗੌਹਰ ਦੁਰ ਯਕਤਾ ਯਾਕੂਤ ਨੀਲਮ ਪੰਨਗੀ ॥ ਪੰਨੈ ਅਜਾਇਬ ਲਾਲ ਲੂਲੂ ਖਚਿਤ ਮਨਿ ਗਨ ਗੌਹਰੀ ॥ ਦਸਤੇ ਅਨੂਠੀ ਖਚੀ ਰਤਨਨ ਘੜਤ ਸਾਯਕ ਸੁੰਦਰੀ ॥ ੫੭੧ ॥ ੧੩੨੫ ॥ ਜਗ ਮਗ ਜਗਤ ਗੋਹਰ ਜ਼ਮੁਰਦੰ ਦਿਬਜ ਮੰਗਲ ਸੈਕਲੀ ॥ ਕੋਟਿ ਉਡਗਨ ਖਚਿਤ ਸਸਤ੍ਰੰ ਅਸਤ੍ਰ ਦਮਕਤ ਬਿਜੁਲੀ ॥ ਨਹਿ ਦ੍ਰਿਸਟਿ ਠਹਰਤਿ ਨਿਰਖ ਦੁਤਿ ਲਾਜੰਤਿ ਦਾਮਨਿ ਉਡ ਗਨਾ ॥ ਬਨ ਠਨ ਚਲੇ ਸੁਰ ਸਿੱਧ ਮੁਨਿ ਜਨ ਰਿਖਿਨ ਗੰਧ੍ਰਬ ਹਰਿ ਜਨਾ ॥ ੫੭੨ ॥ ੧੩੨੬ ॥ ਸਸਤ੍ਰ ਅਸਤ੍ਰ ਅਪਾਰ ਅਨਗਨ ਬਸਨ ਭੂਖਨ ਮੰਗਲਾ ॥ ਅਤਲਸ ਤਮਾਮੀ ਰੇਸ਼ਮੀ ਕਲਧੌਂਤ ਬਾਘੰਬਰ ਭਲਾ ॥ ਬਖ਼ਤ੍ਰ ਸੰਜੋਅਨ ਕੁਲਹ ਕ਼ਲਗ਼ੀ ਜ਼ਿਰਹ ਖ਼ੂਦਨ ਸਸਿ ਕਲਾ ॥ ਪਿਸਤਾਨ ਜੌਸ਼ਨ ਬਿਬਿਧ ਭਾਂਤਿਨ ਲਸਤ ਝਮਕਤ ਸੈਕਲਾ ॥੫੭੩॥੧੩੨੭॥ ਕੁੰਡਲ ਅਜਾਇਬ ਮੁਕਟ ਲਾਲਨ ਬਿਬਿਧ ਭੂਖਨ ਮੁੰਦਰੀ ॥ ਟੋਡਰ ਲਹਰ ਗਲ ਮਾਲ ਮੁਕਤਾ ਧੋਪ ਪਹੁੰਚੀ ਸੁੰਦਰੀ ॥ ਭੁਜਬੰਦ ਹਮੇਲਨ ਹਾਰ ਹੀਰਨ ਲਾਲ ਮੁਕਤਾ ਸੀਕਰੀ ॥ ਨਵਰਤਨ ਬਾਕ ਅੰਗੁਸ਼ਤਰੀ ਪਾਯਲ ਅਨੂਠੀ ਗੁਰਜਰੀ ॥ ੫੭੪ ॥ ੧੩੨੮ ॥ ਅੰਗ ਅੰਗ ਸੁਧਾਰ ਭੂਖਨ ਬਸਨ ਰੰਗਾ ਰੰਗਲੀ ॥ ਪਾਗੈ ਬੰਧੀਲਨ ਸੇਤ ਬਾਗਨ ਕ਼ਾਕ਼ਮ ਗ਼ੁਲਾਬੀ ਜੰਗਲੀ ॥ ਅਰੁਨ

Scanned by CamScanner

ਪਤਿ ਹਰੀ ਉਨਾਬੀ ਰੰਗ ਰੰਗਨ ਅੰਬਰੀ ॥ ਜ਼ਰੀ ਬਾਕਤਾ ਛਾਲ ਦੂਮਨ ਮ੍ਰਿਗਛਾਲ ਆਦਿ ਬਾਘੰਬਰੀ ॥੫੭੫॥ ੧੩੨੯ ॥ ਬਿਸਨੁਪਦ ਸਾਰੰਗ ਛੰਤ ਸਾਲੂ ॥ ਭੂਸਨ ਅਮੋਲ ਬਸਨ ਮੰਗਲ ਸਸਤ੍ਰ ਅਸਤ੍ਰ ਸੁਧਾਰ ਕੈ ॥ ਸਜ ਸੈਨ ਚਤੁਰੰਗਨ ਅਖਾਰਨ ਬਿਸਨੁ ਦਲ ਜੈਕਾਰ ਕੈ ॥ ਸੈਨਾ ਪ੍ਰਤਿਹ ਪ੍ਰਭ ਦਈ ਆਗਯਾ ਸ੍ਰੀ ਗਨੇਸ਼ ਮਨਾਇ ਕੈ ॥ ਦਿਸ ਬ੍ਰਹਮ ਸੁਰ ਬਾਸਵ ਪੁਰੀ ਨਿਜ ਕਟਕ ਸੁਭਗ ਬਨਾਇ ਕੈ ॥੫੭੬॥ ੧੩੩੦ ॥ ਘੁਰਦੈ ਦਮਾਮਨ ਡੰਕ ਧੌਂਸਾ ਸੰਖ ਘੰਟਾ ਬਾਜ ਹੀ ॥ ਮਾਰੂ ਜੁਝਊਆ ਰਾਗੁ ਰਾਗਨਿ ਨਾਦ ਅਨਗਨ ਗਾਜ ਹੀ ॥ ਕੋਟਿ ਕੋਟਿ ਬਿਸੇਖ ਬਾਜਨ ਕੋਸ ਦੁੰਦਭਿ ਘਾਰ ਹੀ ॥ ਘਹਿਰਾਤ ਘੋਰ ਨਿਸਾਨ ਮਾਰੂ ਪ੍ਰਲਜ ਘੋਰ ਬਿਚਾਰ ਹੀ ॥ ੫੭੭ ॥ ੧੩੩੧ ॥ ਬਿਸਨੁਪਦ ਸਾਰੰਗ ਸਾਲੂ ਛੰਦ ਅਨੰਤ ਤੁਕਾ ॥ ਫਹਰੰਤ ਕੋਟਿਕ ਕੇਤੁ ਬੈਰਕ ਧੁਜਾ ਕੇਤੁ ਮਤੰਗਨੀ ॥ ਨਾਚੁਖ਼ ਨਿਸ਼ਾਨ ਪਤਾਕ ਝੰਡਾ ਅਸਿਤ ਲੋਟਨ ਧੋਪਨੀ ॥ ਅਤਲਸ ਤਮਾਮੀ ਕ਼ਾਕ਼ਮੀ ਅੰਬ ਰੇਸ਼ਮੀ ਬਾਘੰਬਰੀ ॥ ਕਿੰਕਨਿ ਰਤਨ ਮਨਿ ਮਾਲਨੀ ਮੁਕਤਾਹਲੀ ਲੋਟਤ ਪਰੀ ॥ ਸਕਲ ਦੇਵ ਦੇਵਾਲਜ ਅਸਥਲ ਸੁਮੇਰੁ ਸਾਗਰ ਚਿਤ੍ਰਨੀ ॥ ਤੀਰਥਿ ਬਿਹੰਗਮ ਚਤੁਰਖਾਨੀ ਸੁਭਗ ਚਿਤ੍ਰ ਬਚਿਤ੍ਰਨੀ ॥ ੧ ॥ ਰਹਾਉ ॥੫੭੮॥ ੧੩੩੨ ॥ ਛੰਦ ਸਾਲੂ ॥ ਫਰਹਰਤੇ ਜੁਗ ਰਸਨਾ ਸਜੀਵਨ ਲਸਤ ਭੀਮ ਭੁਜੰਗਨੀ ॥ ਨਿਰਮਲ ਛਟਾ ਧਰ ਕਨਕ ਦਸਤਨ ਰਤਨ ਰੰਗਤ ਰੰਗਨੀ ॥ ਬਹੁ ਭਾਂਤਿ ਪਾਂਤਿਨ ਪਾਂਤਿ ਝੂਲਤ ਫਰਹਰਤੇ ਕੇਤੁ ਮਤੰਗਨੀ ॥ ਜਮਧਰ ਬਨੈਟੀ ਗੁਰਜ ਸੇਲਨ ਸਾਂਗ ਧੋਪ ਖ਼ਤੰਗਨੀ ॥੫੭੯॥੧੩੩੩॥ ਬਾਸਵ ਪੁਰੀ ਮਗ ਲੀਨ ਦੇਵਨ ਸੁਰ ਸਿੱਧ ਰਿਖਿ ਮੁਨਿ ਹਰਿ ਜਨਾ ॥ ਬੇਵਾਨ ਨਾਨਾ ਭਾਂਤਿ ਛਬਿ ਬਹੁ ਲਾਲ ਮੁਕਤਾਹਲ ਘਨਾ ॥ ਮੀਨ ਮੋਰ ਮਰਾਲ ਅਨਲਨ ਲਲਿਤ ਬੇਲਨ

Scanned by CamScanner

ਸੰਕਰਾ ॥ ਉਡਗਨ ਮਨਿਨ ਰਥ ਇੰਦ੍ਰ ਦਮਕਤ ਛਟਾ ਜਗਮਗ ਗੌਹਰਾ ॥ ੫੮੦ ॥ ੧੩੩੪ ॥ ਚਤੁਰੰਗ ਸੈਨ ਚਮੂ ਅਖਾਰਨ ਸੁਭਟ ਦਲ ਸੁਰ ਮੰਡਲੀ ॥ ਪਾਯਕ ਬਿਵਾਨੀ ਨਾਗਨੀ ਜੈ ਸਦ ਹਾਹਾ ਹੂਹਲੀ ॥ ਬੰਦੀ ਨਕ਼ੀਬੈਂ ਚੋਬਦਾਰਨ ਸੋਭ ਜਸ ਉਚੱਰਤ ਭਲੇ ॥ ਕਰਖ਼ਾ ਕਬਿੱਤ ਜੁਝਾਊ ਵਾਰਨ ਭਨਤਿ ਕਥਤ ਗੁਨੀ ਭਲੇ ॥ ੫੮੧ ॥ ੧੩੩੫ ॥ ਗਰੁੜ ਧੁਜ ਗੋਪਾਲ ਕੋਪੇ ਸੰਖ ਧੁਨਿ ਜੈਕਾਰ ਕਰ॥ ਪੰਚ ਜਨਜ ਸਾਰੰਗ ਗਦਾ ਬਾਰਿਜ ਕਰੀ ਬਿਰਾਜਿਤ ਚਕ੍ਰ ਸਰ ॥ ਮੋਰ ਪੱਛ ਛਕੇ ਕਲੰਗਾ ਸ੍ਰੀ ਜਨਾਰਦਨ ਬਿਜਜ ਬਰ ॥ ਮਜਣ ਮੂਰਤਿ ਸਜਾਮ ਬਦਨੰ ਕਮਲ ਲੋਚਨ ਮਦਨ ਸਰ ॥੫੮੨॥੧੩੩੬॥ ਚਕ੍ਰ ਬਰ ਸੁਕਲੰਬਰੰ ਗਰੁੜਾਸਨੰ ਬਾਰਿਜ ਨਯਨ ॥ ਦਯਾ ਸਿੰਧੁ ਦਰਿਦ੍ ਮੋਚਨ ਪਤਿਤ ਤਾਰਨ ਸਜਾਮ ਘਨ ॥ ਗੋਬਿੰਦ ਬਲਭ ਭਗਤਿ ਜਨ ਬੈਕੁੰਠ ਗਾਮੀ ਸ੍ਰੀ ਰਮਨ ॥ ਪਾਰ ਬ੍ਰਹਮ ਦੇਵ ਦੇਵਾਧਿ ਸ੍ਰੀ ਧਰ ਚਤੁਰਭੁਜ ਮੰਗਲ ਕਰਨ ॥ ੫੮੩ ॥ ੧੩੩੭ ॥ ਧਰ ਸ੍ਰੀ ਮੰਗਲ ਮੁਕਟ ਕ਼ਲਗ਼ੀ ਮੋਰ ਪੱਛ ਸੁਹਾਵਨਾ ॥ ਮੀਨ ਕੁੰਡਲ ਕਾਨ ਸੋਭਿਤ ਲਾਲ ਦੁਰ ਯਕਤਾ ਪੰਨਾ ॥ ਯਲ ਮਾਸ ਫਨਿ ਮਨਿ ਰਤਨ ਨਾਨਾ ਨੀਲ ਗੌਹਰ ਨਗ ਘਨਾ ॥ ਬੱਜ੍ਰ ਫਟਕ ਯਾਕੂਤ ਮਾਨਿਕ ਸੇਸ ਫਨਿ ਮਨਿ ਲਾਲਨਾ ॥ ੫੮੪ ॥ ੧੩੩੮ ॥ ਬਿਬਿਧ ਖਚਿਤ ਬਿਮਾਨ ਨਗਨਨ ਜੜਿਤ ਖਚਿਤ ਮਨੋਹਰੰ ॥ ਦੁਰ ਯਕਤਾ ਵਰ ਅਨੂਪਮ ਬਿਬਿਧ ਰਤਨ ਜਵਾਹਰੰ ॥ ਉਡਗਨ ਮਯੰਕ ਛਟਾ ਲਜਿੱਤ ਦਾਮਨਿ ਚਮਕਤਿ ਮਨਿ ਗਨਾ ॥ ਬਿਮਲ ਦਿਬਜ ਮਰੀਚਿ ਮੰਗਲ ਉਦਿਤ ਨਭਚਰ ਉਡਗਨਾ ॥੫੮੫॥੧੩੩੯॥ ਕੋਟਿ ਕੋਟਿ ਮਨੀ ਭੁਜੰਗਨ ਦਿਬਜ ਭੂਖਨ ਮੰਗਲਾ ॥ ਕੰਠ ਮਾਲ ਹਮੇਲ ਬਾਂਧੀ ਨੀਲ ਮਨਿ ਗਨ ਸਸਿ ਕਲਾ ॥ ਭੁਜ ਬੰਦ ਲਾਲ ਜਿਗਾ ਜ਼ਮੁਰਦਨ ਲੂਲੂ ਦੁਰ ਯਕਤਾ ਵਰ ਘਨਾ ॥

Scanned by CamScanner

ਪਹੁੰਚੀ ਬੰਦਨ ਮਨਿ ਨੀਲ ਬੱਜ੍ਰਨ ਬਿਬਿਧ ਭੂਖਨ ਬੰਗਨਾ ॥ ੫੮੬ ॥ ੧੩੪੦ ॥ ਭੂਖਨ ਅਲੰਕ੍ਰਿਤ ਕੋਟਿ ਕੋਟਿਕ ਛਕੇ ਅੰਗਨ ਅੰਗੁਲੀ ॥ ਅੰਬਰ ਅਜਾਇਬ ਦਿਬਜ ਮੰਗਲ ਕਲਧੌਂਤਿ ਰੰਗਾ ਰੰਗਲੀ ॥ ਅੰਗ ਅੰਗ ਸਜੇ ਛਕੇ ਪ੍ਰਭੁ ਬਸਨ ਭੂਖਨ ਸੋਹਹੀ ॥ ਸੁਰ ਸਿਧ ਰਿਖਿ ਗੰਧ੍ਰਬ ਮੁਨਿ ਜਨ ਨਿਰਖ ਅਪੱਸਰ ਮੋਹਹੀ ॥ ੫੮੭ ॥ ੧੩੪੧ ॥ ਛੰਦ ਸਾਲੂ ॥ ਕਟਿ ਤੂਨ ਸਾਰੰਗ ਪਾਨ ਰਾਜਿਤ ਚਮਰ ਤੋਮਰ ਸਾਗਨੀ ॥ ਸੈਫ ਸੇਲ ਗਦਾ ਪਟਾ ਬਲੱਮ ਕਟਾਰ ਤੁਫ਼ੰਗਨੀ ॥ ਗੋਫ਼ਨ ਗੁਰਜ ਗੁਲੇਲ ਮੂਸਲ ਕੁਲਿਸ ਅੰਗੁਸ ਚਕ੍ਰਨੀ ॥ ਸਹਿਥੀ ਬਨੈਟੀ ਬਾਨ ਜੰਬੂਆ ਤੁਪਕ ਜਮਧਰ ਬਕ੍ਰਨੀ ॥੫੮੮॥੧੩੪੨॥ ਸਸਤ੍ਰ ਅਸਤ੍ਰ ਅਨੂਪ ਤੀਛਨ ਲਾਲ ਮਨਿ ਗਨ ਸਾਜ ਹੇ ॥ ਆਯੁਧ ਅਨੂਪਮ ਸੈਕਲੀ ਮੂਰਤਿ ਸਜੀਵਨ ਬਾਜ ਹੇ ॥ ਪੰਛੀ ਪਰੀ ਪੈਨੀ ਭੁਜੰਗਨ ਸਭੀ ਮੂਰਤਿ ਵੰਤ ਹੇ ॥ ਜੌਸ਼ਨ ਸਿਲੀਮੁਖ ਖ਼ੂਦ ਬਖ਼ਤਰ ਝਲਕਲੰਤ ਲਸੰਤ ਹੇ ॥ ੫੮੯ ॥ ੧੩੪੩ ॥ ਸਾਜ ਸਸਤ੍ਰਨ ਅਸਤ੍ਰ ਮੰਗਲ ਬਸਨ ਭੂਖਨ ਅੰਗ ਅੰਗ ॥ ਸੰਖ ਚਕ੍ਰ ਗਦਾ ਪਦਮ ਪ੍ਰਭੁ ਛਕੇ ਸਸਤ੍ਰ ਸਾਜ ਜੰਗ ॥ ਕਰ ਸੰਖ ਧੁਨਿ ਘੰਟਾਨ ਕੀ ਜੈ ਸੱਦ ਨੱਦ ਜੈਕਾਰ ਜੈ ॥ ਜੈ ਸਬਦ ਦੇਵ ਰਟੰਤ ਜੈ ਜੈ ਹੋਤ ਮੰਗਲਚਾਰ ਜੈ ॥੫੯੦॥੧੩੪੪॥ ਸੁਰ ਕਰਤ ਉਤਸ਼ਵ ਪੁਹਪ ਬਰਖ਼ਤ ਬਿਜੈ ਮਾਰੂ ਗਾਵਹੀਂ ॥ ਦੁੰਦਭਿ ਦਮਾਮਨਿ ਡੰਕ ਧੌਂਸਾ ਝਾਂਝ ਤਾਲ ਬਜਾਵਹੀਂ ॥ ਘੰਟਾ ਮਜੀਰਨ ਬੀਨ ਬੰਸੀ ਮੁਰਜ ਗੋਮੁਖ ਕਾਨੜੇ ॥ ਮੁਰਲੀ ਸੀਤਾਰ ਰਬਾਬ ਮੰਗਲ ਛੇਨ ਮੁਹਵਰ ਭਾਭਰੇ ॥ ੫੯੧ ॥ ੧੩੪੫ ॥ ਹੋਤ ਮੰਗਲ ਚਾਰ ਰੁਨ ਝੁਨ ਕੋਟਿ ਕੋਟਿ ਨੀਸਾਨ ਹੇ ॥ ਅਪੱਸਰ ਨਚਤਿ ਗੰਧ੍ਰਬ ਬਜਾਵਤਿ ਜੱਛ ਕਿੰਨਰ ਗਾਨ ਹੇ ॥ ਗਜਤ ਨਾਦ ਨਿਸਾਨ ਕੋਟਿਕ ਨਚਤ ਅਪੱਸਰ ਤੱਥਜੰ ॥ ਬਜਤ ਧੁਨਿ ਘੰਟਾ ਮਧੁਰ ਪੁਨ ਰਟਤਿ ਸੁਰ ਮੁਨਿ

Scanned by CamScanner

ਜੈ ਜਜੰ ॥ ਪ੯੨ ॥ ੧੩੪੬ ॥ ਛੰਦ ਸਾਲੂ ॥ ਸਾਜ ਆਰਤੀ ਬਿਜਜ ਮੰਗਲ ਕਰਤ ਸੁਰ ਮੁਨਿ ਹਰਿਜਨਾ ॥ ਹਰਖ ਗਾਵਤ ਬਿਜਜ ਆਰਤਿ ਨਚਿਤ ਸੁਰ ਦੇਵਾਂਗਨਾ ॥ ਹੋਤ ਉਤਸਵ ਜੈ ਅਨਾਹਦ ਫ਼ਤਹ ਉਚਰਤ ਸੁਰਮੁਨਾ ॥ ਉਤਸ਼ਵ ਕੁਲਾਹਲ ਹਰਖ ਮੰਗਲ ਬਿਜਜ ਕੰਤੂਹਲ ਘਨਾ ॥੫੯੩॥੧੩੪੭॥ ਬਿਸਨੁਪਦ ਸਾਰੰਗ ਛੰਦ ॥ ਜਾਤ੍ਰ ਸ੍ਰੀ ਗਰੁੜ ਧੁਜ ਸਦ ਭਜੋ ਮੰਗਲ ਸਫਲ ਤਬ॥ ਪੰਚ ਜਨਜ ਧੁਨਿ ਬਿਬਿਧ ਸੰਖਨ ਪੁਹਪ ਬਰਖਤਿ ਦੇਵ ਨਭ ॥ ਬਾਸਵ ਪੁਰੀ ਮਗ ਲੀਨ ਮਾਧਵ ਸੁਨਜੋ ਆਗਮਨ ਸਕ੍ਰ ਮਗ ॥ ਸਾਜ ਸਾਜ ਸਮਾਜ ਪੂਰ ਤਬ ਧਾਏ ਦਰਸਨ ਪੁਰਖ ਜਗ ॥੫੯੪॥੧੩੪੮॥

ਬਿਸਨੁਪਦ ਸਾਰੰਗ ਸਜਾਮਛੰਦ ॥ ਸੁਰ ਕਰਤ ਮੰਗਲ ਹਰਖ ਬਾਨੀ ਰੁਦਤ ਉਚਰਤ ਜੈ ਜਜੰ ॥ ਸੁਭ ਬੰਸ ਭੂਖਨ ਬਸਨ ਮੰਗਲ ਦਿਬਯ ਰਤਨਨ ਨੌ ਨਯੰ ॥ ਨਿਮ੍ਰ ਭਾਵ ਅਨਨਜ ਸੇਵਕ ਪ੍ਰੇਮ ਭਗਤਿ ਗੁਨਾਲਯੰ ॥ ਸੁਰ ਸਿਧ ਰਿਖਿ ਮੁਨਿ ਭਗਤਿ ਜਨ ਗੰਧ੍ਰਬ ਕਿੰਨਰ ਮਾਨੁਯੰ ॥ ੧ ॥ ਰਹਾਉ ॥ ਸੰਬੂਹ ਨਾਦਿਨ ਸੁਘਰ ਗਾਜਨ ਬਿਬਿਧ ਰਾਗ ਅਲਾਪਯੰ ॥ ਹੋਤ ਰੁਨਝੁਨ ਤਾਲ ਉਘਟਤ ਨਚਤ ਅਪੱਸਰ ਤਾਥਯੰ ॥ ਪ੯੫ ॥ ੧੩੪੯ ॥ ਬਿਸਨੁਪਦ ਸਾਰੰਗ ਸਜਾਮ ਛੰਦ ॥ ਪੁਹਪ ਕ੍ਰਿਤਿ ਬਿਵਾਨ ਨਾਨਾ ਲਾਲ ਹੀਰਨ ਕਿੰਕਨੀ ॥ ਸੰਬੂਹ ਪੁਸਪ ਅਸੰਖ ਬਰਨਨ ਬਿਬਧ ਰਤਨ ਸਮਾਜਨੀ ॥ ਚਲਜੋ ਆਗਮ ਲੇਨ ਮਘਵਾ ਸ੍ਰੀ ਜਨਾਰਦਨ ਪ੍ਰਭੁਧਨੀ ॥ ਹਰਖ ਗਾਵਤ ਬਿਜਜ ਮੰਗਲ ਫ਼ਤਹ ਉਚਰਤ ਸੁਰਮੁਨੀ ॥ ਨਚਤ ਦੇਵਾਂਗਨਿ ਬਰੰਗਨਿ ਸੁਘਰ ਬਾਜੰਤ੍ਰਿਨ ਗੁਨੀ ॥ ਮੇਘ ਰਾਜ ਸਮਾਜ ਜੁਤ ਦਲ ਭਨਤਿ ਗੁਨਨ ਮਧੁਰ ਧੁਨਿ ॥ ੧ ॥ ਰਹਾਉ ॥ ਪ੯੬ ॥ ੧੩੫੦ ॥ ਬਿਸਨੁਪਦ ਸਾਰੰਗ ਸਜਾਮ ਛੰਦ ॥ ਮਗੁ ਜਾਤ ਹਰਖਤਿ ਪੁਹਪ ਬਰਖਤਿ ਦ੍ਰਿਸ੍ਰਿ ਦੇਵਨ ਗਯੋ ਪਰ ॥ ਅਵਿਲੋਕ ਮਾਰਗ

ਢੁਰਤ ਚਾਮਰ ਫਰਹਰਤ ਧੁਜ ਬਜਾਲ ਅਰਿ ॥ ੧ ॥ ਰਹਾਉ ॥ ਧੁਨਿਪਰੀ ਸ੍ਰਵਣੰ ਪੰਚ ਜਨਜ ਘੰਟਾ ਬਿਜਜ ਧੁਨਿ ਨਾਦ ਕਰ ॥ ਸੁਰ ਕਰਤ ਬੰਦਨ ਧੁਜਾ ਨਿਰਖਤ ਅਸ੍ਰਾਂਗ ਬੰਦਨ ਦੇਵ ਬਰ ॥ ਭਾਗਵਾਨ ਸੁਰੇਸ ਧਨਜ ਧਨਜ ਜੇਵ ਜਨਮ ਸਫਲ ਸਮਰ ॥ ਭੇਟ ਹਰਿ ਪਦ ਭਜੋ ਕ੍ਰਿਤਾਰਥ ਪਾਹ ਪਾਹ ਨਮਾਮਿ ਹਰਿ ॥ ੫੯੭ ॥ ੧੩੫੧ ॥ ਬਿਸਨੁਪਦ ਸਾਰੰਗ ਸਜਾਮ ॥ ਜਿਹ ਦਰਸ ਕਾਰਨ ਜੋਗਿ ਤਪਸੀ ਸਿੱਧ ਪੰਡਿਤ ਜੋਗ ਧਰਤ ॥ ਸਿਵ ਸਨਾਤਨਿ ਸੇਖ ਸਾਰਦ ਦੇਵ ਦੇਵੀ ਤਪੀ ਜਤਿ ॥ ਬਜਾਸ ਨਾਰਦ ਬ੍ਰਹਮ ਅੰਗਰਹਿ ਅਗਸਤ ਲੋਮਸ ਰਿਖਿਭ ਦੱਤ ॥ ਪ੍ਰਹਿਲਾਦ ਆਦਿ ਬਸਿਸਟ ਧ੍ਰੂਅ ਨਿਗਮਾਦਿ ਧਜਾਵਤ ਗਜਾਨ ਤੱਤ ॥ ੫੯੮ ॥ ੧੩੫੨ ॥ ਕਾਲ ਜਮ ਸਸਿ ਸੂਰ ਸਾਧਤ ਨਹ ਤਦਜਪਿ ਪਾਵਤ ਅਖਿਲ ਮਿਤਿ ॥ ਕਰਤ ਕਸ਼੃ ਦੁਰੰਤ ਤਪਸਾ ਧਰਤ ਧਜਾਨ ਜੋਗਿੰਦ੍ਰ ਬ੍ਰਿਤਿ ॥ ਠਟਤਿ ਪੂਜਾ ਹੋਮੁ ਜਗ ਮਖ ਦਾਨ ਬ੍ਰਤ ਆਚਾਰ ਰਤਿ ॥ ਨਹਿ ਤਦਜਪਿ ਪਾਵਤ ਭੇਦ ਰੰਚਕ ਨਹਿ ਪਰਤ ਪਾਨਨ ਰਮਾਪਤਿ ॥ ੫੯੯ ॥ ੧੩੫੩ ॥ ਬਿਸਨੁਪਦ ਸਾਰੰਗ ਸਜਾਮ ਛੰਦ ਛਪਜ ॥ ਧਨਜ ਭਾਗ ਸੁਰੇਸਹ ਪ੍ਰਤੱਛ ਪ੍ਰਤੱਜਖ ਦਰਸਨ ਭੇਟ ਹਰਿ ॥ ਰੋਮ ਰੋਮ ਪੁਲਕਾਤ ਹਰਖਿਤ ਬਯਨ ਗਦ ਗਦ ਚਸ਼ਮ ਤਰ ॥ ਭਯੋ ਜੀਵਨ ਮੁਕਤਿ ਪਰਸਤਿ ਦਰਸ ਪਾਵਨ ਕ੍ਰਿਤ ਟਰ ॥ ਪਾਹ ਪਾਹ ਸਰਨਾਗਤੀ ਹਉ ਨਾਥ ਬਿਨਤੀ ਦਾਸ ਕਰ ॥ ਆਜ ਭਜੋ ਸਨਾਥੰ ਸ੍ਵਾਮੀ ਦਰਸ ਪਾਵਨ ਦ੍ਰਿਗਨ ਭਰ ॥ ਗਏ ਦੁਕ੍ਰਿਤ ਬਿਲਾਇ ਚਿਰਨਨ ਪਰਸ ਚਰਨਨ ਭਯੋ ਠਰ ॥ ੬੦੦ ॥ ੧੩੫੪ ॥ ਬਿਸਨੁਪਦ ਸਾਰੰਗ ਛਪਜ ॥ ਠਾਂਢਿ ਸਾਂਤਿ ਪਾਈ ਉਰ ਅੰਤਰਿ ਬਿਮਲ ਹ੍ਰਿਦਯ ਸੁਧ ਭਉ ॥ ਪਦਮ ਰਾਗ ਮਕਰੰਦ ਲੋਚਨ ਪਰਤ ਸੰਸਯ ਤਿਮਰ ਗਉ ॥ ਕਰ ਜੋਰ ਬੰਦਤ ਚਰਨ ਕਮਲਨ ਆਪ ਨਾਥ ਨਮਾਮਿ ਤਉ ॥

Scanned by CamScanner

ਪ੍ਰਨਤ ਪਾਲ ਗੁਪਾਲ ਮਾਧੋ ਹਰਨ ਆਰਤ ਹ੍ਰਿਦਯ ਗਉ ॥ ਮਹਿਮਾ ਮਹਾਤਮ ਨਾਮ ਸੁਨਿਯਤ ਤਰਤ ਨਿਰਸੰਦੇਹ ਭਉ ॥ ਨਮਾਮਿ ਨਾਥ ਸਨਾਥ ਕੀਨੋ ਨਠਯੋ ਭਯ ਦੁਖ ਜਨਮ ਸਉ ॥੬੦੧॥੧੩੫॥ ਬਿਸਨੁਪਦ ਸਾਰੰਗ ਛਪਯ ॥ ਧੂਪ ਦੀਪ ਸਵਾਰ ਆਰਤੀ ਕਰਤ ਪੂਜਾ ਚਾਰ ਸੁਰ ॥ ਘਸਤਿ ਕੁੰਕਮ ਅਗਰ ਚੰਦਨ ਪੁਹਪ ਗੰਧ ਸੁਗੰਧ ਚੁਰ ॥ ਨੈਬੇਦ ਨਾਨਾ ਭਾਂਤਿ ਬਿੰਜਨ ਬਿਬਿਧ ਮੇਵੇ ਜਾਤਿ ਤਰ ॥ ਅਨਿਕ ਕੁਸਮ ਸੁਗੰਧ ਨਾਨਾ ਭਾਂਤਿ ਪਰਮਲ ਪਰਸ ਪਰ ॥ ਰੁਚਿਰ ਚਰਚਿਤ ਈਸ ਅਰਪਿਤ ਕਰਤ ਜੈ ਜੈ ਕਾਰ ਪੁਰ ॥ ਬਜਤ ਤਾਲ ਮ੍ਰਿਦੰਗ ਮਹੁਵਰ ਨਚਤ ਅਪੱਸਰ ਗਨ ਚਤੁਰ ॥੬੦੨॥ ੧੩੫੬॥ ਬਿਸਨੁਪਦ ਸਾਰੰਗ ਸਜਾਮ ਛੰਦ ਛਪਯ ॥ ਹੋਤਿ ਮੰਗਲਚਾਰ ਰੁਨ ਝੁਨ ਬਜਤ ਸੰਖਨ ਘੰਟ ਧੁਨਿ ॥ ਨਚਤ ਕਿੰਨਰ ਜੱਛ ਗੰਧ੍ਰਬ ਕਰਤ ਉਤਸਵ ਬੇਦ ਧੁਨਿ ॥ ਰੱਛ ਰੱਛ ਗੋਪਾਲ ਬੋਲੇ ਸਬਦ ਜੈ ਜੈ ਕਾਰ ਸੁਨਿ ॥ ਚਲੇ ਹੋਇ ਇਕਤ੍ਰ ਸੁਰ ਸਭਿ ਕਰੀ ਪੈਸਾਰੀ ਸਦਨ ॥ ਕਰਤ ਬਰਖਾ ਪੁਸਪ ਮਾਲਨ ਬਧੂ ਦੇਵਨ ਪੁਰਿ ਸਦਨ ॥ ਪੁਹਪਕ ਆਰੂੜ ਗੁਪਾਲ ਆਏ ਢੁਰਤ ਚਾਮਰ ਛਤ੍ਰ ਮਨਿ ॥੬੦੩॥੧੩੫੭॥ ਬਿਸਨੁਪਦ ਸਾਰੰਗ ਖੜਪਦੀ ॥ ਅੰਤਹ ਪੁਰਿ ਲੈ ਗਯੋ ਬਾਸਵ ਸਕਲ ਸੁਰ ਬ੍ਰਹਮਾਦਿ ਸ਼ਿਵ ॥ ਰਨਵਾਸ ਸਚੀ ਬਧੂ ਅਮਰ ਤਤ ਕਰਤਿ ਉਤਸਵ ਅਗਨਿ ਜਿਵ ॥ ਦਿਬਜ ਸਿੰਘਾਸਨ ਬਿਠਾਰਜੋ ਚਰਨ ਪਖਾਰਤ ਅਨਿਕ ਭਿਵ ॥ ਲੇਤ ਚਰਨੋਦਿਕ ਸਭੈ ਮਿਲ ਸਦਨ ਛਿੜਕਤ ਲਾਇ ਲਿਵ ॥ ਜੁਗ ਪਾਨ ਜੋਰ ਅਧੀਨ ਹੋ ਹੋ ਕਰਤ ਬਿਨਤੀ ਰਿਖਿਸ ਦਿਵ ॥ ਅਹੋ ਨਾਥ ਸਨਾਥ ਕੀਨੋ ਪਰਮ ਪੁਰਖ ਦੇ ਵਾਧਿ ਦਿਵ ॥ ੬੦੪ ॥ ੧੩੫੮ ॥

Scanned by CamScanner

ਬਿਸਨੁਪਦ ਹਮੀਰ ਅਥ ਤ੍ਰਿਦੇਵ ਉਸਤਤਿ ਇੰਦ੍ਰ ਬਾਚ ਚਰਪਦਾ ॥

ਜੈ ਜੈ ਜੈ ਕਰਤਾ ਅਸੁਰੰ ਹਰਤਾ ਪਾਵਨ ਪਤਿਤ ਉਧਾਰ ਕਰੇ ॥ ਸੇਵਕ ਜਨ ਰੱਛਕ ਦਾਨੋ ਭੱਛਕ ਪ੍ਰਨਤਪਾਲ ਜਗਦੀਸ ਹਰੇ ॥ ਬਾਰਿਜ ਸੁ ਬਿਲੋਚਨ ਸੰਕਟਿ ਮੋਚਨ ਕ੍ਰਿਪਾ ਸਿੰਧੁ ਰਸ ਪ੍ਰੇਮ ਧਰੇ ॥ ਜੈ ਜੈ ਕਮਲਾਸਨ ਤੇਜ ਪ੍ਰਕਾਸ਼ਨ ਪਰਮ ਪੁਰਖ ਪ੍ਰਤਾਪ ਭਰੇ ॥ ਜੈ ਜੈ ਦੇਵ ਹਰੇ ॥੧॥੬੦੫॥੧੩੫੯॥ ਆਰਤ ਕ੍ਰਿਤ ਦਾਰਨ ਪਤਿਤ ਉਧਾਰਨ ਸੁਤਹ ਸਿਧ ਪਾਰ ਬ੍ਰਹਮ ਪਰੇ ॥ ਮਾਧਵ ਮਧੁ ਮਰਦਨ ਕਲਮਲਿ ਅਰਦਨ ਖਿਮਾ ਸਤੋ ਗੁਨ ਛਤ੍ਰ ਢਰੇ ॥ ਪੀਤੰਬਰ ਧਰਤਾ ਕ੍ਰਿਤ ਨਿਵਰਤਾ ਧਰਮ ਨਾਮ ਪ੍ਰਤਿਪਾਲ ਕਰੇ ॥ ਜੈ ਜੈ ਗਰੁੜਾਸਨਿ ਕਰਮ ਬਿਨਾਸਨਿ ਗਰੁੜ ਕੇਤੁ ਭਵ ਤਾਪ ਹਰੇ ॥ ॥ ਜੈ ਜੈ ਦੇਵ ਹਰੇ ॥ ੨ ॥ ੬੦੬ ॥ ੧੩੬੦ ॥ ਜੈ ਜੈ ਗੋਪਾਲਾ ਦੀਨ ਦਯਾਲਾ ਪਰਮਾਤਮ ਪਾਰ ਬ੍ਰਹਮ ਦਈ ॥ ਕੇਸਵ ਭਗਵਾਨਾ ਨਿਗਮ ਬਖਾਨਾ ਬਿਸ੍ਵੰਭਰ ਗੋਬਿੰਦ ਮਣੀ ॥ ਸੰਤਨ ਰਿਦ ਬਾਸਨ ਪੰਨਗ ਆਸਨ ਪ੍ਰੋਛ ਪਾਲ ਕ੍ਰਿਤ ਕਰਮ ਛਣੀ ॥ ਹਉ ਮਤਿ ਮੰਦ ਚਰਨ ਸਰਨਾਗਤਿ ਛਮੋ ਨਾਥ ਪ੍ਰਭੁ ਭੂਲ ਭਈ ॥ ਜੈ ਜੈ ਮਧੁ ਸੂਦ ਹਰੇ ॥ ੩ ॥ ੬੦੭ ॥ ੧੩੬੧ ॥ ਬਿਸਨੁਪਦ ਹਮੀਰ ਚਰਪਦ ॥ ਮਤਸ ਕੂਰਮ ਸੂਕਰ ਨਰ ਨਾਹਰ ਬਾਵਨ ਬਲਿ ਛਲ ਪਯਾਲ ਪਠੇ ॥ ਪਰਸੁ ਰਾਮ ਸ੍ਰੀ ਰਾਮ ਕ੍ਰਿਸ਼ਨ ਚੰਦ ਬਉਧ ਰੂਪ ਹ੍ਵੈ ਦੈਂਤ ਹਠੇ ॥ ਨਿਹਕਲੰਕ ਨਿਹਸੰਕ ਰਮਾਪਤਿ ਦਸਕ ਰੂਪ ਧਰ ਦੁਸ੍ਟ ਮਥੇ ॥ ਜੈ ਜੈ ਰਿਪੁ ਸੂਦਨ ਅਸੁਰ ਬਿਰੂਧਨ ਪਾਹ ਪਾਹ ਪ੍ਰਭੁ ਕਾਲ ਨਥੇ ॥ ਜੈ ਜੈ ਮੁਰ ਸੂਦ ਹਰੇ ॥੪॥੬੦੮॥੧੩੬੨॥ ਜੈ ਜੈ ਪਦ ਕੰਜਨ ਆਰਤ ਭੰਜਨ ਨਮਸਕਾਰ ਜਗਦੀਸ ਹਰੇ ॥ ਜੈ ਜੈ ਜੈ ਦਰਸ਼ਨ ਚਕ੍ਰ ਸੁਦਰਸ਼ਨ ਗਦਾ ਸੰਖ ਕਰ ਪਦਮ ਧਰੇ ॥ ਨਾਹਨ ਗੁਨ ਜਪ ਤਪ ਸੀਲ ਨ ਸੰਜਮ

Scanned by CamScanner

ਪਾਪਾਤਮ ਅਗਜਾਨ ਭਰੇ ॥ ਹਮ ਅਉਗਨਿਆਰੇ ਪਾਥਰ ਭਾਰੇ ਨਾਮ ਲੈਤ ਭਵ ਸਿੰਧੁ ਤਰੇ ॥ ਜੈ ਜੈ ਮਧੁ ਸੂਦ ਹਰੇ ॥ ਪ ॥ ੬੦੯ ॥ ੧੩੬੩ ॥ ਬਿਸਨੁਪਦ ਹਮੀਰ ਚਰਪਦ ॥ ਪ੍ਰਭੁ ਕ੍ਰਿਤਾਰਥਿ ਕੀਨਾ ਦਰਸ਼ਨ ਦੀਨਾ ਭੇ ਸਨਾਥ ਤੁਅ ਦਰਸ ਕਰੇ ॥ ਬਡ ਭਾਗ ਹਮਾਰੇ ਦਰਸ ਦਿਖਾਰੇ ਅਹੋ ਭਾਗ ਬਡ ਭਾਗ ਭਰੇ ॥ ਦੀਨੋ ਪ੍ਰਭੁ ਦਰਸ਼ਨ ਭਜੋ ਸੁ ਪਰਸਨ ਪਾਹ ਪਾਹ ਹਰਿ ਸਰਨ ਪਰੇ ॥ ਪ੍ਰਭੁ ਕ੍ਰਿਪਾ ਧਾਰਹੁ ਅਗੁਨ ਨਿਵਾਰਹੁ ਅਧਮ ਉਧਾਰਨ ਆਸ ਧਰੇ ॥ ਜੈ ਜੈ ਜਗਦੀਸ ਹਰੇ ॥੬॥੬੧੦॥੧੩੬੪॥ਛੱਕਾ ੧॥

ਬਿਸਨੁਪਦ ਗੰਭੀਰ ਚਤੁਰਪਦ ॥

ਜੈ ਤ੍ਰਿਭਵਨ ਮੂਰਤਿ ਤ੍ਰੈਗੁਨ ਪਰਸਤ ਬ੍ਰਹਮਾ ਬਿਸਨੁ ਮਹੇਸ ਹਰੇ ॥ ਏਕਾਨਨ ਚਤੁਰਾਨਨ ਰਾਜੈ ਪੰਚਾਨਨ ਤ੍ਰ�ै ਨੇਤ੍ਰ ਬਰੇ ॥ ਨਾਦ ਪੰਚ ਜਨਜ ਬੀਨ ਡਾਮਰੂ ਹੰਸ ਬ੍ਰਿਖਭੰ ਗਰੁੜਾਨ ਚਰੇ ॥ ਜੈ ਚਕ੍ ਸੁਦਰਸ਼ਨ ਪਦਮ ਕਮੰਡਲ ਭਾਲ ਚੰਦ੍ ਤ੍ਰਿਸੂਲ ਧਰੇ ॥ ਜੈ ਜੈ ਤ੍ਰਿਦੇਵ ਹਰੇ ॥ ੧ ॥ ੭ ॥ ੬੧੧॥੧੩੬੫॥ ਸ੍ਵੇਤਾਂਬਰ ਪੀਤਾਂਬਰ ਰਾਜੈ ਬਾਘੰਬਰ ਪਟ ਅੰਗ ਧਰੇ ॥ ਸ੍ਰੀ ਪ੍ਰਮੁਦਾ ਸੰਗੀ ਗੌਰਿ ਅਰਧੰਗੀ ਬ੍ਰਹਮਾਨੀ ਮੁਖ ਚਾਰ ਹਰੇ ॥ ਸਨਕਾਦਿਕ ਸੰਗੀ ਭੂਤ ਭਡ਼ੰਗੀ ਬਿਬੁਧਾਦਿਕ ਕਲ ਸੰਗ ਫਿਰੇ ॥ ਤ੍ਰਿਗੁਨਾਤੀਤਾ ਦਰਸ ਜੁਗੀਸਾ ਅਰਧ ਤ੍ਰਿਭੰਗੀ ਬੇਦ ਰਰੇ ॥ ਜੈ ਜੈ ਤ੍ਰਿਦੇਵ ਹਰੇ ॥ ੨ ॥ ੮ ॥ ੬੧੨ ॥ ੧੩੬੬ ॥ ਮਹਿਮਾ ਨਹਿ ਜਾਨੋ ਪਰਮ ਅਜਾਨੋ ਰਾਮ ਦਾਸਾਨੀ ਪੈਜ ਹਰੇ ॥ ਸੁਭ ਕਰਮ ਨ ਕੀਨਾ ਸਭਿ ਬਿਧਿ ਹੀਨਾ ਸੰਕ ਤਜਾਗ ਪ੍ਰਭੁ ਸਰਨ ਪਰੇ ॥ ਪਾਪੋ ਪਾਪਾਹੰ ਪਾਪ ਕਮਾਹੰ ਕਪਟ ਦੋਖ ਛਲ ਛਿਦ੍ ਭਰੇ ॥ ਤ੍ਰਾਹ ਤ੍ਰਾਹ ਸਰਣਾਗਤਿ ਹਰਿ ਜੀਉ ਹਉ ਪਦ ਪੰਕਜ ਸਰਨ ਪਰੇ ॥ ਜੈ ਜੈ

Scanned by CamScanner

ਤ੍ਰਿਦੇਵ ਹਰੇ ॥ ੩ ॥ ੯ ॥ ੬੧੩ ॥ ੧੩੬੭ ॥ ਬਿਸਨੁਪਦ ਗੰਭੀਰ ਚਤੁਰਪਦ ਕਬਜੋ ਬਾਚ ॥ ਦੈ ਦੈ ਆਸੀਸਾ ਦੇਵ ਮੁਨੀਸਾ ਪ੍ਰਦੱਛਨ ਸੁਰਸ ਕਲ ਕਰੇ ॥ ਝਾਂਝਰ ਮ੍ਰਿਦੰਗਨ ਬਜਤ ਮੁਚੰਗਨ ਸ੍ਰੁਤਿ ਧੁਨਿ ਦੇਵਨ ਗਾਨ ਕਰੇ ॥ ਗੰਧ੍ਰਬ ਕਿੰਨਰ ਗਨ ਜੱਛ ਬਰੰਗਨ ਹੂੁਰ ਅਪੱਸਰਾ ਨ੍ਰਿਤ ਕਰੇ ॥ ਦੈ ਦੈ ਦ੍ਵਿਜ ਦੱਛਨ ਕ੍ਰੋਰ ਪ੍ਰਦੱਛਨ ਸਰਨ ਸਰਨ ਕਰ ਚਰਨ ਪਰੇ ॥ ੪ ॥ ੧੦ ॥ ੬੧੪ ॥ ੧੩੬੮ ॥ ਬਿਸਨਪਦ ਗੰਭੀਰ ਚਤੁਪਰਦ ॥ ਬੋਲੇ ਪ੍ਰਭੁ ਬਾਨੀ ਅੰਮ੍ਰਿਤ ਸਾਨੀ ਮੰਗਲ ਕਰਿ ਸੁਭ ਦਿਸ੍ਟਿ ਕਰੀ ॥ ਦੇਵਨ ਪਰਬੋਧੇ ਸਬਹਨ ਸੋਧੇ ਦੇਵਤੇਸ ਲੈ ਬਾਂਹ ਧਰੀ ॥ ਚਿੱਤ ਛੋਭ ਮਿੱਟਜੈ ਹਰਖ ਬਢੱਯੈ ਨਾਸ ਕਰੋਂ ਰਿਪੁ ਮੇਕ ਘਰੀ ॥ ਸੁਰ ਕਰਤ ਜੁਹਾਰੂ ਬਾਰੰਬਾਰੂ ਦੁੰਦਭਿ ਘੋਖ ਪੁਹਪ ਬ੍ਰਿਸ੍ਟਿ ਕਰੀ ॥ ਪ ॥ ੧੧ ॥੬੧੫॥ ੧੩੬੯ ॥ ਬਾਵਨ ਮਲਜਾਗਿਰ ਧੁਖਤ ਉਜਾਗਰ ਗੰਗੋਦਿਕ ਪਾਦਰਘ ਕਰੇ ॥ ਬਿੰਜਨ ਪਕਵਾਨਾ ਬਿਬਿਧ ਕਰਾਨਾ ਦਿਬਜ ਭੋਗ ਸਮਰਪ ਧਰੇ ॥ ਸੁਰ ਕਰਤ ਬਡਾਈ ਸੁਮਨ ਬਰਖਾਈ ਬਾਰ ਬਾਰ ਪ੍ਰਭੁ ਚਰਨ ਪਰੇ ॥ ਲੈ ਲੈ ਕੰਠ ਲਾਵਤ ਦ੍ਰਿਗਨ ਲਗਾਵਤ ਪਦ ਪੰਕਜ ਲੈ ਸੀਸ ਧਰੇ ॥੬॥੧੨॥ ੬੧੬ ॥ ੧੩੭੦ ॥ ਛਕਾ ੨ ॥

ਅਥ ਦੇਵ ਸਮਾਜ ਬਿਲਾਸ ਸਪਤ ਬਾਸੁਰ ਅਪੱਛਰਾ ਨ੍ਰਿਤ ਬਰਨਨੰ ॥

ਬਿਸਨੁਪਦ ਕੁੰਭ ॥ਅਬ ਕਹੌਂ ਦੇਵ ਉਸਤਤਿ ਉਚਾਰ ॥ ਤੁਮ ਸੁਨੋ ਸੰਤ ਰਿਦ ਧਰ ਪਜਾਰ ॥ ਸਪਤ ਦਿਵਸ ਇੰਦ੍ਰ ਪੂਜਾ ਰਚਾਇ ॥ ਰਸ ਰਾਜ ਰੀਤਿ ਪਾਤ੍ਰੰ ਬੁਲਾਇ ॥ ੧ ॥ ੬੧੭ ॥ ੧੩੭੧ ॥ ਪੁਰ ਹਾਟ ਪਾਟ ਘਨਸਾਰ ਆਦਿ ॥ ਸਭਿ ਠੌਰ ਠੌਰ ਛਿਰਕਤਿ ਸੁਖਾਦਿ ॥ ਸਭਿ ਪੌਰ ਪੌਰ ਸੁਭ ਬੰਦਨ ਵਾਰ ॥ ਮਨਿ ਰਤਨ ਪੁਸ਼ਪ ਜੁਤ ਗੁਹਤ ਹਾਰ ॥ ੨ ॥ ੬੧੮ ॥ ੧੩੭੨ ॥ ਸਭਿ ਦ੍ਵਾਰ ਦ੍ਵਾਰ

ਸੋਭਿਤ ਅਨੂਪ ॥ ਨਹਿ ਲਖਜੋ ਜਾਤਿ ਕੋਊ ਰੰਕੁ ਭੂਪ ॥ ਗ੍ਰਿਹ ਗ੍ਰਿਹ ਉੱਛਾਹ ਮੰਗਲ ਸੁਚਾਰ ॥ ਬਾਜਤ ਬਧਾਉ ਉਤਸਵ ਅਪਾਰ ॥ ੩ ॥ ੬੧੯ ॥ ੧੩੭੩ ॥ ਬਨ ਠਨ ਕੁਮਾਰ ਸੁੰਦਰਿ ਅਨੂਪ॥ ਰਚਿ ਰਚਿ ਕੁਮਾਰ ਸੁਰ ਬਧੁਨ ਭੂਪ ॥ ਸੁਭ ਬਰਨ ਬੇਖ ਮੰਗਲ ਸੁ ਸਾਜ ॥ ਸਜ ਅੰਗ ਅੰਗ ਮੁਕਤਾ ਸਮਾਜ ॥ ੪ ॥ ੬੨੦ ॥ ੧੩੭੪ ॥ ਸੁਭ ਹੀਰ ਚੀਰ ਰਤਨਨ ਅਮੋਲੁ ॥ ਦੰਪਤਿ ਨੁਰਾਗ ਭੱਛਤਿ ਤਮੋਲੁ ॥ ਕਈ ਬਾਲ ਬੈਸ ਕਈ ਤਰੁਨਿ ਅੰਗ ॥ ਦੁਤਿ ਚੰਦ ਚਾਰੁ ਲਾਜਤ ਅਨੰਗ ॥੫॥੬੨੧॥੧੩੭੫ ॥ ਨਿਜ ਗ੍ਰਹਿ ਗ੍ਰਿਹ ਸੋ ਨਿਸਰ ਨਾਰਿ ॥ ਕਰ ਕਨਕ ਥਾਲ ਝਾਰੀ ਸੁਧਾਰਿ ॥ ਤਿਹ ਮਧ ਧੂਪ ਦੀਪਕ ਸਵਾਰਿ ॥ ਕੁੰਕਮ ਸੁਗੰਧ ਸੁਰਸਰੀ ਬਾਰਿ ॥ ੬ ॥ ੬੨੨ ॥ ੧੩੭੬ ॥ ਚਿੱਤ ਚੌਪ ਹਰਖ ਮੰਗਲ ਬਿਨੋਦ ॥ ਮਿਲ ਕਰਤ ਗਾਨ ਧੁਰਪਦ ਕਮੋਦ ॥ ਮਿਲ ਜੁੱਥ ਜੁੱਥ ਸੁੰਦਰਿ ਸੁਰੰਗ ॥ ਸੁਰ ਬਧੁਨ ਗੀਤ ਗਾਵਤਿ ਸੁਧੰਗ ॥ ੭ ॥ ੬੨੩ ॥ ੧੩੭੭ ॥ ਗਾਵੰਤ ਗੀਤ ਬਾਜੰਤ ਤਾਲ ॥ ਨ੍ਰਿਤਤਿ ਬਰੰਗ ਉਘਟਤ ਧਮਾਲ ॥ ਸਭਿ ਚਲੀ ਪੂਜ ਸ੍ਰੀ ਬਿਸਨੁ ਦੇਵ ॥ ਭੀ ਭਗਤਿ ਪਰਾਯਣ ਬ੍ਰਹਮ ਸੇਵ ॥ ੮ ॥ ੬੨੪ ॥ ੧੩੭੮ ॥ ਭੀ ਪ੍ਰਾਪਤਿ ਆਇ ਦੇਵੇਸ ਧਾਮ ॥ ਜੁਗ ਪਾਨ ਜੋਰ ਕਰ ਕਰਿ ਪ੍ਰਨਾਮ ॥ ਹਿਯ ਹਰਖਵੰਤ ਆਨੰਦ ਉਰੋਜ ॥ ਸੁਠ ਮੁਖਿ ਸਜਾਨਿ ਲਜਿਤ ਮਨੋਜ ॥੯॥੬੨੫॥ ੧੩੭੯ ॥ ਭਈ ਪ੍ਰਾਪਤਿ ਜਾਇ ਇੰਦ੍ਰਾਨਿ ਤੀਰੁ ॥ ਜੁਗ ਪਾਨ ਜੋਰ ਬੰਦਤ ਗਹੀਰੁ ॥ ਕਰਿ ਮਨੋਮਾਨ ਆਦਰ ਬਿਠਾਰਿ ॥ ਪੂਛੀ ਕੁਸਲ ਸਭਿ ਸਮਾਚਾਰਿ ॥ ੧੦ ॥ ੬੨੬ ॥ ੧੩੮੦ ॥ ਸੁਰ ਬਧੁਨ ਬਾਚ ॥ ਕਰਿ ਕਰਿ ਪ੍ਰਨਾਮ ਜੁਗ ਜੋਰ ਪਾਨ ॥ ਸਿਰਨਾਇ ਬੈਨ ਬੋਲੀ ਸੁਜਾਨ ॥ ਜਬ ਦਰਸ ਪਰਸ ਭਜੋ ਚਰਨ ਡੀਠ ॥ ਸਭਿ ਬਿਧਿ ਕੁਸਲ ਮੰਗਲ ਬਸੀਠ ॥੧੧॥੬੨੭॥੧੩੮੧॥

ਧਨਜ ਭਾਗ ਆਜ ਭਰਿ ਦ੍ਰਿਸ੍ਟਿ ਦੀਖ ॥ ਚਿਰ ਕਰੇ ਰਾਜ ਦਾਸਨ ਅਸੀਖ ॥ ਸਭਿ ਤ੍ਵ ਪ੍ਰਸਾਦਿ ਭਈ ਸਫਲ ਸੇਵ ॥ ਪਾਯੋ ਦਰਸਾਰ ਸ੍ਰੀ ਬਿਸਨੁ ਦੇਵ ॥ ੧੨ ॥ ੬੨੯ ॥ ੧੩੯੨ ॥ ਬਿਸਨੁਪਦ ਕੁੰਭ ਸੋਲਹੇ ॥ ਭਯੋ ਲੋਕ ਲੋਕ ਸੁਭ ਸਮਾਚਾਰ ॥ ਗ੍ਰਿਹ ਸਕ੍ਰ ਆਇ ਸ੍ਰੀ ਪ੍ਰਭੁ ਮੁਰਾਰਿ ॥ ਸੰਤਨ ਸਭੈ ਮੁਨਿ ਹਰਖ ਕੀਨ ॥ ਦੁਸ੍ਟ ਦੈਂਤ ਦ੍ਰੋਹੀ ਭੇ ਮਲੀਨ ॥ ਤਿਨ ਕਹੀ ਜਾਇ ਬ੍ਰਿਜਨਾਦ ਪਾਸ ॥ ਚਿਤ ਰਾਜ ਕਰਨ ਕੀ ਛਾਡ ਆਸ ॥ ਸੁਰ ਸਕਲ ਬਿਸਨੁ ਬ੍ਰਹਮਾ ਮਹੇਸ ॥ ਆਯੋ ਕੁਮਕ ਸੁਰਪਤਿ ਬਿਸੇਸ ॥ ਨ੍ਰਿਪ ਮ੍ਰਿਤਜੁ ਲੋਕ ਜਮ ਬਰੁਨ ਆਦਿ ॥ ਕੌਬੇਰ ਸੂਰ ਸਸਿ ਜੱਛ ਜਾਦ ॥ ਭੈਰਵ ਬਿਤਾਲ ਕਿੰਨਰ ਗੰਧ੍ਰਬ ॥ ਸਭਿ ਜੁਰੇ ਆਨ ਜੋਧਾਨ ਸਰਬ ॥ ਕਹਾਂ ਰਹੇ ਬੈਠ ਚਿਤ ਹੋ ਅਚੇਤ ॥ ਸੁਰ ਜੁਰੇ ਆਨ ਪ੍ਰਭ ਹੋਹੁ ਸੁਚੇਤ ॥ ੧੩ ॥ ੬੨੯ ॥ ੧੩੯੩ ॥

ਬਿਸਨੁਪਦ ਕੁੰਭ ਸੋਲਹੇ ਨਾਦ ਬੀਰਜ ਦੈਂਤ ਬਾਚ ॥ ਸੁਨਿ ਮੂੜ ਮਤਿ ਬੁਧਿ ਤ੍ਵ ਮਲੀਨ ॥ ਜਿਨ ਕਰਸਿ ਸੋਭ ਸੁਰ ਮਨੁਜ ਦੀਨ ॥ ਏ ਸਭਿ ਅਹਾਰ ਮੇਰੋ ਤੂੰ ਜਾਨ ॥ ਸਭਿ ਜਾਵੋਂ ਭੱਛ ਏਕਲ ਪ੍ਰਮਾਨ॥ ਕਈ ਬਾਰਿ ਸਕ੍ਰ ਧਰਿ ਝੋਟ ਲੀਨ ॥ ਜੀਯ ਦਯੋ ਛਾਡ ਜਬ ਭਜੋ ਦੀਨ ॥ ਕਾ ਕਰਸਿ ਆਨ ਉਪਮਾ ਅਜਾਨ ॥ ਜਿਨ ਕਰਸਿ ਫੇਰਿ ਪੈ ਹੈਂ ਨ ਜਾਨ ॥ ਆਜਾਨ ਬੂਝ ਤੁਹਿ ਦੀਨ ਛਾਡ ॥ ਨਹਿ ਹਨਤ ਤੋਹਿ ਤਲ ਪੁਹਮਿ ਗਾਡ ॥ ਥਰ ਥਰ ਕੰਪਤਿ ਭਜੋ ਦੂਤ ਤੌਨ ॥ ਟੱਕ ਟਕਿ ਲਗੀ ਬਚ ਗਹਜੋ ਮੌਨਿ ॥ ਜਿਯ ਗਯੋ ਜਾਨੁ ਇਹ ਆਇ ਮੀਚੁ ॥ ਸਠ ਅਤਿ ਗਰਬਾਤ ਬਚ ਭਾਖ ਨੀਚ ॥ ਫਿਰ ਕਰਨ ਲਾਗ ਸੋਭਾ ਬਖਾਨ ॥ ਫੁਨ ਕਹਯੋ ਨਾਥ ਕੋ ਤ੍ਵ ਸਮਾਨ ॥ ਇਹ ਸਭਿ ਤੁਹਾਰ ਭੱਛਨ ਕੈ ਲੇਵ ॥ ਅਬ ਛਮੋ ਨਾਥ ਢੀਠਾਈ ਸੇਵ ॥ ੧੪ ॥ ੬੩੦ ॥ ੧੩੯੪ ॥ ਬਿਸਨੁਪਦ ਰਾਗ ਮਲਾਰ ॥ ਸੁਨਿ ਪਾਯੋ

ਸੁਰ ਸੰਤ ਗੋਬਿੰਦ ਜੀ ਆਏ ਹੈ ਪੁਰ ਹੂਤ ॥ ਭਾਗ ਸਰਾਹੀਏ ਇੰਦ੍ਰਗਾਵ ਕੋ ਜਿਹ ਗ੍ਰਹ ਪੁਰਖ ਅਛੂਤ॥ ਦਰਸਨ ਹੇਤੁ ਤਪੀ ਤਪ ਸਾਧਤ ਧਜਾਵਤ ਮੁਨਿ ਔਧੂਤ ॥ ਜੋਗੀ ਜਤੀ ਤਪੀ ਬ੍ਰਤ ਧਾਰੀ ਹਾਰੇ ਸਨਕ ਸਪੂਤ ॥ ੧੫ ॥ ੬੩੧ ॥ ੧੩੮੫ ॥ ਬਿਸਨੁਪਦ ਮਲਾਰ ਕਬਜੋ ਬਾ੍ਚ ॥ ਸੁ ਗੁਪਾਲ ਗ੍ਰਹ ਇੰਦ੍ਰ ਰਾਵ ਕੇ ਪ੍ਰਤਖ ਪਰਮ ਪੁਰਖੂਤ ॥ ਭਗਤਿ ਹੇਤੁ ਅਰਜਨ ਕੇ ਸੰਗੇ ਰਥ ਹਾਂਕਜੋ ਹ੍ਵੈ ਸੂਤ ॥ ਐਸੀ ਆਧਮ ਅਛੋਪ ਭੀਲਨੀ ਤਾਂ ਕੇ ਗ੍ਰਿਹ ਖਾਏ ਅਗਨੂਤ ॥ ਪ੍ਰੇਮ ਬਿਬਿਸਿ ਗਜ ਗਨਿਕਾ ਤਾਰੀ ਤਾਰਜੋ ਹਰਨਾਕਸ ਕੋ ਪੂਤ ॥ ਸੋ ਗੁਪਾਲ ਇਹ ਇੰਦ੍ਰ ਰਾਉ ਕੇ ਪ੍ਰਗਟ ਭਏ ਪੁਰਖੂਤ ॥ ੧ ॥ ਰਹਾਉ ॥ ੨ ॥ ੬੩੨ ॥ ੧੩੮੬ ॥ ਚਲਚਲ ਆਵਤ ਦੇਵ ਮੁਨਿਨ ਬ੍ਰਿੰਦ ਗਾਵਤ ਮੰਗਲ ਚਾਰ ॥ ਜੋਗੀ ਜਤੀ ਤਪੀ ਬ੍ਰਤ ਧਾਰੀ ਗਨ ਗੰਧ੍ਰਬ ਜਟ ਧਾਰ ॥ ਸੰਤ ਭਗਤਿ ਦਰਸਨ ਹਿਤੁ ਕਾਰੀ ਮਗਨ ਹ੍ਰਿਦਜ ਸੁਖ ਸਾਰ ॥ ਪਹੁਚਿ ਸਕਲ ਸੁਰਪਤਿ ਕੇ ਦ੍ਵਾਰੇ ਠਾਢਿ ਬਿਸਨੁ ਦਰਬਾਰ ॥੩॥੬੩੩॥੧੩੮੭॥ ਕਿੰਨਰ ਜੱਛ ਭੁਜੰਗ ਬਰੰਗਨ ਅਪੱਸਰ ਬੈਸ ਕੁਮਾਰ ॥ ਨਵਲ ਪਰੀ ਨਾਗਰ ਗੁਨ ਆਗਰ ਚਰਚਿਤ ਖੋੜ ਸ਼ਿੰਗਾਰ ॥ ਜੁੱਥ ਜੁੱਥ ਹੂਰਨ ਅਪੱਸਰ ਗਨ ਆਗਰ ਚਤੁਰ ਬਿਚਾਰ ॥ ਸਾਜ ਸਮਾਨ ਨ੍ਰਿਤ ਸੰਗੀਤੀ ਗਾਇਸੁ ਸੁਘਰ ਕੁਮਾਰ ॥ ੪ ॥ ੬੩੪ ॥ ੧੩੮੮ ॥ ਨਟਿ ਨਾਟਕ ਆਗਰ ਗੁਨ ਨਾਗਰ ਪਾਤ੍ ਚਤੁਰ ਸੁਰੰਗ ॥ ਪਰੀ ਗੰਧ੍ਰਬੀ ਜੱਛ ਕਿੰਨਰਨੀ ਕਰਿ ਕਰਿ ਹਰਖ ਉਮੰਗ॥ ਸੁ ਮੁਖਿ ਸੁ ਲੋਚਨਿ ਪਰੀ ਪਦਮਨੀ ਪ੍ਰਗਟਤ ਜੋਤਿ ਅਨੰਗ ॥ ਚੰਚਲ ਚਤੁਰ ਚਾਰੁ ਚਿਤ੍ਰਿਤ ਸ੍ਰੀ ਚਪਲਾ ਚੰਦ੍ ਬਰੰਗ ॥ ੫ ॥ ੬੩੫ ॥ ੧੩੮੯ ॥ ਬਿਸਨੁਪਦ ਮਲ੍ਹਾਰ ਭੈਰਉ ॥ ਅਲਪ ਬੈਸ ਨੌ ਜੋਬਨਿ ਸਖੀ ਰੀ ਕ੍ਰੀੜਤਿ ਕੇਲ ਉਮੰਗ ॥ ਕਚ ਕੁਚ ਕਮਲ ਬਰੁਨ ਦ੍ਰਿਗ ਚੰਚਲ ਮਦ ਮਤਿ

Scanned by CamScanner

ਅਮਲ ਸ਼ੁਰੰਗ ॥ ਚਿਬੁਕ ਚਾਰ ਅੰਜਨ ਕਜਰਾਰੇ ਰਾਜਿਤ ਪ੍ਰਗਟ ਅਨੰਗ ॥ ਕਟਿ ਕੇਹਰ ਚੰਚਲ ਦ੍ਰਿਗ ਸਾਇਕ ਚੰਪਕ ਚਪਲ ਤੁਰੰਗ ॥ ੬ ॥ ੬੩੬ ॥ ੧੩੯੦ ॥ ਬਿਸਨੁਪਦ ਮਲ੍ਹਾਰ ॥ ਮਦਨ ਮਨੋਹਰ ਪਿਕ ਬਚ ਸੁੰਦਰਿ ਅਤਿ ਕੋਮਲ ਸਭਿ ਅੰਗ ॥ ਕਾਮ ਕਲੇਵਰ ਚੰਦ੍ ਬਰਨ ਦੁਤਿ ਛਬਿ ਉੱਤਮ ਸਰਬੰਗ ॥ ਲਟ ਲਟ ਚਲਨ ਮਧੁਰ ਬਚ ਪਿਆਰੀ ਮਰਦਤ ਗਤਹ ਮਤੰਗ ॥ ਤਨ ਸੁਗੰਧ ਗੁੰਜਿਤ ਮਕਰੰਦਨ ਲੋਚਨ ਝਪਟ ਪਿਲੰਗ ॥ ੭ ॥ ੬੩੭ ॥ ੧੩੯੧ ॥ ਸੁਘਰ ਪ੍ਰਬੀਨ ਗਾਤ ਸੰਗੀਤੀ ਨ੍ਰਿਤ ਨਾਟਕ ਸਭਿ ਅੰਗ ॥ ਭ੍ਰਿਕੁਟਿ ਕੁਵੰਡ ਸਾਯਕ ਦ੍ਰਿਗ ਹਰਨੀ ਲੋਇਨ ਚਪਲ ਕੁਰੰਗ ॥ ਅਧਰ ਅਰੁਨ ਪੰਕਜ ਦੁਤਿ ਮੁੰਚਿਤ ਦਸਨਨ ਬਿਮਲ ਤਰੰਗ ॥ ਨਾਜ਼ਕ ਕਵਲ ਚਪਲ ਸਸਿ ਬਦਨੀ ਸਾਵਲ ਆਲਕ ਭੁਜੰਗ ॥ ੮ ॥ ੬੩੮ ॥ ੧੩੯੨ ॥ ਕਨਕ ਅਵਟ ਸਾਂਚੇ ਜਨ ਢਾਰੀ ਨਿਰਮਲ ਅਮਲ ਮਯੰਕ ॥ ਸਾਵਲਿ ਸੁਘਰ ਸੁਲੋਚਨਿ ਸਖੀ ਰੀ ਕੋਕਿਲ ਕੰਠ ਕਲੰਕ ॥ ਨਵਤਨ ਨਵਲ ਨਵੀਨ ਕੁਮਾਰੀ ਚਖੁ ਅੰਜਨ ਸੁਭ ਅੰਕ ॥ ਮਾਨ ਭਰੀ ਰਸਿ ਖਾਨਿ ਭਰੀ ਅਭਿਮਾਨ ਭਰੀ ਅਤਿ ਸੰਕ ॥ ੯ ॥ ੬੩੯ ॥ ੧੩੯੩ ॥ ਬਾਰਿ ਸੀ ਬੈਸ ਰਹਿਤ ਸਭਿ ਹੀ ਦਿਨ ਨਵਤਨ ਨਵਲ ਕਿਸੋਰ॥ ਮੰਦ ਹਾਸ ਦੁਤਿ ਹਾਸ ਕੁਮੁਦਨੀ ਬਿਗਸਤ ਚੰਦ ਚਕੋਰ ॥ ਭਾਗ ਭਰੀ ਸੁ ਸੁਹਾਗ ਭਰੀ ਅਨੁਰਾਗ ਭਰੀ ਚਿਤ ਚੋਰ ॥ ਹੇਰਿਤਿ ਭੂਖ ਤਜੇ ਤਨ ਕੀ ਸੁਧਿ ਭੂਲਤ ਚਿਤ੍ਰੂਨਿ ਠੌਰ ॥੧੦॥੬੪੦॥੧੩੯੪॥ ਪ੍ਰੀਤਿ ਕੀ ਰੀਤਿ ਭਲੀ ਬਿਧਿ ਜਾਨਤਿ ਨਟਿ ਨਾਟਕ ਰਸ ਰੀਤਿ ॥ ਸੀਲ ਸਨੇਹ ਨੇਹ ਗੁਰ ਭਗਤੀ ਹਰਿ ਪ੍ਰਤਿ ਰਾਖਤਿ ਪ੍ਰੀਤਿ ॥ ਅਲਪ ਬੈਸ ਦੁਤਿ ਕਰਿ ਛਬਿ ਨੂਤਨ ਰਤਿ ਮੂਰਤਿ ਅਨਭੀਤਿ ॥ ਮੀਨ ਮਰਾਲ ਮੋਰ ਕੋਕਿਲ ਪਿਕ ਮਨੁ ਹਰਨੀ ਸਭਿ ਚੀਤਿ

Scanned by CamScanner

॥੧੧॥੬੪੧॥੧੩੯੫॥ ਸਜ ਸਜ ਹੀਰ ਚੀਰ ਅੰਗ ਅੰਗਨ ਪਹੁੰਚਤਿ ਭੀ ਹਰਿਦ੍ਵਾਰਿ ॥ ਉਤਸ਼ਵ ਹਰਖ ਬਿਨੋਦ ਮਜਨ ਮਨਿ ਗਾਵਤਿ ਮੰਗਲ ਚਾਰ ॥ ਪ੍ਰਾਪਤਿ ਭੀ ਅਪੱਸਰ ਗਨ ਸਭਿ ਹੀ ਇੰਦ੍ਰ ਸਭਾ ਦਰਬਾਰਿ ॥ ਬੰਦਨ ਕਰਤਿ ਬਿਜਜ ਬਿਨਤੀ ਲਖ ਹਰਿ ਪਦ ਬਾਰੰਬਾਰਿ ॥੧੨॥੬੪੨॥੧੩੯੬॥ ਦੈ ਦੈ ਮਾਨ ਸਭਨ ਦਈ ਆਗਜਾ ਸਾਜ ਸਮਾਜ ਸੁਧਾਰਹਿ ॥ ਉਰਵਸਿ ਆਦਿ ਅਪੱਛਰ ਸੁਨਿ ਸੁਨਿ ਕਰਤਿ ਸਭਹਿ ਜੈਕਾਰਹਿ ॥ ਧਨਜ ਭਾਗ ਸ੍ਵਾਮੀ ਅਛਰਨ ਕੇ ਪ੍ਰਭੁ ਪ੍ਰਸਾਦਿ ਦਰਸਾਰਹਿ॥ ਅਵਿਲੋਕਨ ਚਰਨਾਰਬਿੰਦ ਭਜੋ ਮਹਾਂ ਪ੍ਰਭੂ ਕਰਤਾਰਹਿ ॥ ੧੩ ॥ ੬੪੩ ॥ ੧੩੯੭॥ ਬਿਸਨੁਪਦ ਮਲ੍ਹਾਰ ਰੰਭਾਉ ਵਾਚ ॥ ਜਿਹ ਦਰਸਨ ਹਿਤੁ ਸੁਰ ਮੁਨਿ ਧਜਾਵਤ ਸੇਖ਼ ਸਿੱਧ ਜੋਗਿੰਦ੍ਰਾ ॥ ਜੋਗੀ ਜਤੀ ਤਪੀ ਖਟ ਦਰਸਨ ਰਿਖਿ ਨਾਰਦ ਰਵਿ ਚੰਦ੍ਰਾ ॥ ਅੰਸਧਾਰ ਨ੍ਰਿਪਤਿ ਬਡ ਜੋਧੇ ਗ੍ਰਹ ਤਜਿ ਬਾਸਿ ਭੇ ਕੰਦ੍ਰਾ ॥ ਸਾਧਿਕ ਬ੍ਰਤੀ ਤਪਸਜਾ ਸਾਧਿਤ ਦੁਰਤ ਦੁਰੰਤ ਜਨਿੰਦ੍ਰਾ ॥੧੪॥੬੪੪॥੧੩੯੮॥ ਉਰਵਸ਼ਿਉ ਵਾਚ ॥ ਧਰਤਿ ਧਜਾਨ ਕਲਪੰ ਪ੍ਰਯੰਤੰ ਪ੍ਰਤਿ ਦਿਨ ਰਤਨ ਛਨੀਸਾ ॥ ਭਸਮ ਮਸਾਨ ਮਲਤ ਸਭਿ ਅੰਗਨ ਅਲਪ ਅਹਾਰ ਜੋਗੀਸਾ ॥ ਹਾਰ ਪਰੈ ਕਿਨਹੂੰ ਨਹਿ ਪਾਯੋ ਬਿਅੰਤ ਪੁਰਖੁ ਜਗਦੀਸਾ ॥ ਸੋ ਪਦ ਕੰਜ ਪ੍ਰਗਟ ਭਜੋ ਦਰਸਨ ਅਘਨਾਸਨ ਅਤਿਥੀਸਾ ॥੧੫॥੬੪੫॥੧੩੯੯॥ ਸੁਨਿ ਬਚ ਸ੍ਰਵਣ ਸਭੀ ਹਰਖਾਨੇ ਨਿਜ ਨਿਜ ਸਾਜ ਮਿਲਾਵਤ ॥ ਰਾਸਿ ਮੰਡਲੀ ਸਭਾ ਜੋਰ ਕਰਿ ਜੈ ਜੈ ਕਾਰ ਬੁਲਾਵਤ ॥ ਸਾਜ ਸਮਾਜ ਸਕਲ ਆਖਾਰਨਿ ਗੰਧ੍ਰਬ ਜੱਛ ਬਜਾਵਤ ॥ ਪਾਤ੍ਰ ਸੁਘਰਿ ਚਤੁਰ ਨਟਿ ਨਾਟਕ ਮਧੁਰ ਧੁਰ ਧੁਨਿ ਗਾਵਤ ॥੧੬॥੬੪੬॥੧੪੦੦॥ ਲੈ ਲੈ ਸਾਜ ਸਮਾਜ ਬਰੰਗਨ ਤਾਲ ਤੰਬੂਰ ਮ੍ਰਿਦੰਗਨ ॥ ਬੀਨ ਰਬਾਬ ਬਾਂਸੁਰੀ ਖੰਜਰੀ ਤਬਲਾ ਢੋਲ

ਮੁਚੰਗਨ ॥ ਕਰਤਾਲ ਸਾਰੰਗੀ ਬੇਨੁ ਪਖਾਵਜ ਘੁੰਘਰੂ ਬੈਨ ਉਮੰਗਨ ॥ ਜਲ ਤਰੰਗ ਡਫ ਝਾਂਝ ਨਫੀਰੀ ਬਾਜਤ ਗਾਨ ਬਰੰਗਨ ॥ ੧੭ ॥ ੬੪੭ ॥ ੧੪੦੧ ॥ ਮਿਲਤ ਸਾਜ ਧੁਨਿ ਉਠਤ ਬਿਲਾਵਲਿ ਰਾਗ ਰਾਗਨੀ ਜੇਤੇ ॥ ਇੰਦ੍ਰ ਸਭਾ ਸੁਰ ਸਕਲ ਇਕਤ੍ਰੰ ਚਤੁਰਾਨਨ ਬ੍ਰਿਖ ਕੇਤੇ ॥ ਰਿਖਿ ਨਾਰਦ ਸਾਰਦ ਸ੍ਰੀ ਪਦਮਾ ਉਮਾ ਗਨੇਸ਼ ਸਮੇਤੇ ॥ ਸ੍ਵਾਮਿ ਕਾਰਤਿਕ ਬਰੁਨ ਕੁਬੇਰ ਧਰਮ ਰਾਜ ਜਮ ਏਤੇ ॥ ੧੮ ॥ ੬੪੮ ॥ ੧੪੦੨ ॥ ਹਰਿਜਨ ਭਗਤਿ ਸਾਧੁ ਬ੍ਰਹਮ ਗਜਾਨੀ ਸੰਤ ਸਮਾਜ ਇਕਤ੍ਰਾ॥ ਰਵਿ ਸਸਿ ਪੱਛਨ ਬਨੀ ਬੈਸੰਤਰ ਛਪਨ ਕੋਟਿ ਘਨ ਪੁਤ੍ਰਾ ॥ ਜਲਧਰ ਜਲ ਪਤਿ ਖਗ ਪਤਿ ਨੰਦੰ ਰੰਭਾ ਰਾਉ ਨਖਜਤ੍ਰਾ ॥ ਗਨ ਗੰਧ੍ਰਬ ਕਿੰਨਰ ਜਛ ਅਪੱਛਰ ਦੇਵ ਬਧੂਨ ਬਚਿਤ੍ਰਾ ॥੧੯॥੬੪੯॥੧੪੦੩॥ ਬਿਸਨੁਪਦ ਮਲ੍ਹਾਰ ॥ ਮੂਖਕ ਮਯੂਰ ਸਿੰਘ ਗਜ ਬਾਹਨ ਸਜਾਮ ਕਰਨ ਮ੍ਰਿਗ ਆਦਿਕ ॥ ਨਵ ਗ੍ਰਿਹ ਚਿਤ੍ਰ ਗੁਪਤ ਜਤਿ ਜੋਗੀ ਸਨਕ ਸਨੰਦ ਸਿਧ ਸਾਧਿਕ ॥ ਪਸੁ ਪੰਛੀ ਹੂਰਨ ਰੁਹ ਆਨੀ ਮੋਹਨੀਆ ਬਿਬੁਧਾਦਿਕ ॥ ਅੰਸਧਾਰ ਭੂਪਤਿ ਪਰਾਕ੍ਰਮੀ ਦੇਵ ਰਾਟ ਔ ਬਾਸੁਕਿ ॥੨੦॥੬੫੦॥੧੪੦੪॥ ਸਕਲ ਸਮਿਗ੍ਰੀ ਪਰਜਾ ਜੇਤੀ ਸੁਰ ਨਰ ਸਬੈ ਹਜ਼ੂਰੰ ॥ ਭੈਰਵ ਭੂਤ ਪਿਸਾਚ ਡਾਕਨੀ ਖੰਕਾਲੀ ਕਲ ਕ੍ਰੂਰੰ ॥ ਬਿਬੁਧਾਂਤਕ ਬੈਤਾਲ ਜੱਖਣੀ ਸੰਖਨਿ ਡੀਰ ਬਿਸੂਰੰ ॥ ਕੰਕ ਬੰਕ ਜਮਦੰਤ ਅਘੋਰੀ ਜੋਗਨਿ ਜੁੱਥ ਕਰੂਰੰ ॥ ੨੧ ॥ ੬੫੧ ॥ ੧੪੦੫ ॥ ਕਾਕ ਕਰਾਲ ਕੰਕ ਜਮ ਜਖਨ ਕਾਂਕ ਮਸਾਨ ਭਣੰਗੀ ॥ ਨਿਜ ਨਿਜ ਠੌਰ ਸਭੈ ਨਿਜ ਪਦਵੀ ਸਭਾ ਮਾਝ ਇਕੰਗੀ ॥ ਰਾਜ ਨੀਤਿ ਬਿਵਹਾਰ ਸਰਨ ਜੁਤ ਮਿਨਹ ਮਿਨਹ ਸਭ ਅੰਗੀ ॥ ਪ੍ਰਿਥਕ ਪ੍ਰਿਥਕ ਨਿਜ ਨਿਜ ਪਦਵੀ ਸਭਿ ਅਦਬ ਅਦਾਬ ਪ੍ਰਸੰਗੀ ॥ ੨੨ ॥ ੬੫੨ ॥ ੧੪੦੬ ॥ ਬਿਸਨੁਪਦ ਮਲ੍ਹਾਰ ॥ ਏਕ ਪਾਵ ਠਾਢੈ

ਕੰਪਤਿ ਸਭਿ ਭੂਤ ਬੈਤਾਲ ਭਝੰਗੀ ॥ ਦੋ ਕਰ ਜੋਰ ਨਿੰਮ੍ਰ ਪਦ ਲੀਨਾ ਹਰਿ ਜਨ ਹਰਿ ਸਤ ਸੰਗੀ ॥ ਰਿਖਿ ਮੁਨਿ ਛੇ ਦਰਸਨ ਜਤਿ ਜੋਗੀ ਧਜਾਨ ਸਮਾਧਿ ਇਕੰਗੀ ॥ ਕਾਲਿ ਕਰਾਲ ਜੋਗਨੀ ਜਮ ਗਨ ਖੰਕਾਲੀ ਕਲਿ ਚੰਗੀ ॥ ੨੩ ॥ ੬੫੩ ॥ ੧੪੦੭ ॥ ਠਾਂਢੇਂ ਮਹਾਂ ਭੂਪ ਪਦ ਨਿਰਖਤ ਨਿਜ ਨਿਜ ਠੌਰ ਅਨੰਗੀ ॥ ਰਤਨ ਸਿੰਘਾਸਨਿ ਪੁਹਪਕ ਬੈਠੇ ਰਾਜਿਵ ਨਜਨ ਅਸੰਗੀ ॥ ਚਤੁਰਾਨਨ ਸੰਕਰ ਦੁਹੁੰ ਪਾਸਨ ਏਕ ਰੂਪ ਤ੍ਰਿਭੰਗੀ ॥ ਲਛਮੀ ਉਮਾ ਬਾਮ ਦਿਸ ਰਾਜਿਤ ਬ੍ਰਹਮਾਨੀ ਅਰਧੰਗੀ ॥ ਮੋਰ ਮੁਕਟ ਪੰਨਗ ਮੌਰੀ ਸਿਰ ਹੰਸ ਪੇਚ ਕਾਲੰਗੀ ॥ ਚਕ੍ਰ ਤ੍ਰਿਸੂਲ ਪਿਨਾਕ ਪੁਸਤਕ ਕਰ ਗਦਾ ਸੰਖ ਪਦਮੰਗੀ ॥ ੧ ॥ ਰਹਾਉ ॥ ੨੪ ॥ ੬੫੪ ॥ ੧੪੦੮ ॥ ਧ੍ਰਿਤ ਕੁੰਡਲ ਸੁੰਦਰਿ ਮੁਕਤਾਹਲਿ ਸ੍ਰਵਨਨ ਮਾਹਿ ਬਿਰਾਜੈ ॥ ਜਟਾ ਗੰਗ ਸਿਰ ਊਪਰਿ ਸੋਹੈ ਨਾਭ ਕਮਲ ਪਦ ਰਾਜੈ ॥ ਸ੍ਵੇਤੰਬਰ ਪੀਤੰਬਰ ਕਾਛੈ ਬਾਘੰਬਰ ਕਟਿ ਛਾਜੈ ॥ ਤਿਲੋਚਨਿ ਦ੍ਰਿਗ ਅਸ੍ਰ ਦੁਨੇਤ੍ਰ ਤ੍ਰਿਭੰਗੀ ਬਪੁ ਛਾਜੈ ॥ ੨੫ ॥੬੫੫॥੧੪੦੯॥ ਬਿਸਨੁਪਦ ਮਲ੍ਹਾਰ ॥ ਰੁੰਡ ਮਾਲ ਬਨਮਾਲ ਸੁਹਾਵਨਿ ਨਾਗ ਹਾਰ ਬਨਮਾਲਾ ॥ ਹੰਸਾਸਨਿ ਕਮਲਾਸਨਿ ਮਾਧੋ ਬ੍ਰਿਖਭਾਸਨਿ ਗੋਪਾਲਾ ॥ ਖਗ ਆਸਨਿ ਪਸੁ ਆਸਨਿ ਮਿਸ੍ਰਤ ਤ੍ਰਿਭੰਗੀ ਦਜਾਲਾ ॥ ਗਰੁੜਾਸਨਿ ਪਦਮਾਸਨਿ ਬੈਠੇ ਸਿੰਘਾਸਨਿ ਗੋਪਾਲਾ ॥ ੨੬ ॥ ੬੫੬ ॥ ੧੪੧੦ ॥ ਗ਼ੌਰ ਅੰਗ ਦੁਤਿ ਅੰਗ ਬਿਰਾਜਿਤ ਚੰਦ੍ ਬਦਨ ਅਭਿਰਾਮਾ ॥ ਏਕ ਦੁ ਭੁਜ ਅਸ੍ਰ ਭੁਜ ਚਤੁਰ ਭੁਜ ਅਰਧੰਗੀ ਆਕਾਮਾ ॥ ਦੇਖ ਦਰਸ ਸੁਰ ਨਰ ਬਲਿ ਜਾਵਤ ਕ੍ਰਿਪਾ ਸਿੰਧੁ ਸੁਖ ਧਾਮਾ ॥ ਦਰਸ਼ਨ ਦੇਖ ਸਭੀ ਬਲਿਹਾਰੀ ਤ੍ਰਿਭੰਗੀ ਜੁਤਿ ਬਾਮਾ ॥ ੨੭ ॥ ੬੫੭ ॥ ੧੪੧੧ ॥ ਭਾਲ ਤਿਲਕ ਕੁੰਕਮ ਸ੍ਰੀ ਖੰਡੀ

Scanned by CamScanner

ਬਿਸ੍ਵ ਬਿਭੂਤਿ ਬਿਰਾਜੈ ॥ ਕਿੰਕੁਰਿ ਬੀਨ ਪੰਚ ਜਨਜ ਗਰਜਤ ਸੁਨਿ ਧੁਨਿ ਭ੍ਰਮ ਭਜ ਭਾਜੈ ॥ ਧਨਜ ਭਾਗ ਸੁਰ ਪਤਿ ਕੋ ਗਨੀਯੈ ਜਿਹ ਗ੍ਰਿਹ ਸਕਲ ਸਮਾਜੈ ॥ ਜੋਤਿ ਪ੍ਰਕਾਸ਼ ਨੇਤ੍ਰ ਪ੍ਰਭੁ ਰਵਿ ਸਸਿ ਮਸੁਕ ਪ੍ਰਭਾ ਬਿਰਾਜੈ ॥ ਪੰਚ ਬਕਤ੍ਰ ਚਤੁਰ ਏਕਾਕੀ ਮੁਖਿ ਮੰਡਲ ਛਬਿ ਛਾਜੈ ॥ ਤ੍ਰਿਭਵਨ ਨਾਥ ਤ੍ਰਿਦੇਵ ਤ੍ਰਿਭੰਗੀ ਓਅੰਕਾਰ ਧੁਨਿ ਗਾਜੈ ॥ ੧ ॥ ਰਹਾਉ ॥ ੨੮ ॥ ੬੫੮ ॥ ੧੪੧੨ ॥ ਗਨਪਤਿ ਸ੍ਵਾਮਿ ਕਾਰਤਿਕ ਬਾਚਤ ਗੀਤਾ ਨਿਗਮ ਹਜ਼ੂਰੰ ॥ ਬਾਸਵ ਛਤ੍ਰ ਢੁਰਾਵਤ ਪ੍ਰਭੁ ਕਹ ਫਨਿ ਸਹੰਸ੍ਰ ਛਤ੍ਰ ਢੂਰੰ ॥ ਸਚੀ ਢੁਰਾਵਤਿ ਚਾਮਰ ਮੁਕਤਾ ਵੇਦ ਧੁਨਿ ਜੁਤਿ ਹੂਰੰ ॥ ਕਰਤਿ ਦੇਵ ਫੂਲਨ ਕੀ ਬਰਖਾ ਬਰਸਤ ਅੰਮ੍ਰਿਤ ਨੂਰੰ ॥ ੨੯ ॥ ੬੫੯ ॥ ੧੪੧੩ ॥ ਨਾਰਦ ਸਾਰਦ ਕਰਤਿ ਖਵਾਸੀ ਕਮਲਾ ਚਰਨ ਧਜਾਵਤਿ ॥ ਸੰਤ ਭਗਤਿ ਆਰਾਧਤਿ ਪੂਜਤਿ ਬਾਰੰਬਾਰ ਮਨਾਵਤਿ ॥ ਕਿੰਨਰ ਜੱਛ ਬਰੰਗਨਿ ਗੰਧ੍ਰਬ ਗਾਵਤਿ ਨਾਦ ਬਜਾਵਤਿ ॥ ਹੂਰ ਪਰੀ ਅਪੱਸਰ ਨਟਿ ਨ੍ਰਿਤਤਿ ਬਹੁ ਬਹੁ ਭਾਵ ਬਨਾਵਤਿ ॥੩੦॥ ੬੬੦ ॥ ੧੪੧੪ ॥ ਨਟਿ ਨਾਗਰਿ ਰੰਭਾ ਉਰਵਸਿ ਜੁਤਿ ਨ੍ਰਿਤਤਿ ਭਾਥਜ ਤਾਲੰ ॥ ਅਪੱਸਰ ਪਰੀ ਬਰੰਗਨਿ ਹੂਰਨ ਗਾਨ ਸੰਗੀਤਿ ਰਸਾਲੰ ॥ ਹਾਵੰ ਭਾਵ ਦਾਵ ਬਹੁਤੇਰੇ ਸਾਨਤ ਸੈਨ ਬਿਸਾਲੰ ॥ ਝੂਮਰ ਨਟਿ ਵਰਿ ਮਕਰੀ ਸਕਰੀ ਮਿਲ ਮਿਲ ਬਾਲਿ ਗੁਪਾਲੰ ॥੩੧॥੬੬੧॥੧੪੧੫ ॥ ਸੰਗੀਤ ਸਾਰ ਨ੍ਰਿਤਤਿ ਨਟਿ ਨਾਗਰਿ ਤਾਥਜ ਤਾਥਜ ਤਾਲੰ ॥ ਝੂਮਰ ਨਚਤਿ ਬਰੰਗਨਿ ਅਪੱਸਰ ਹਿਲ ਮਿਲ ਬਾਲਿ ਗੁਪਾਲੰ ॥ ਸਖੀ ਸਜਾਨੀ ਸੁਰਜਨਿ ਗੁਨਿ ਜਨ ਗਾਵਤਿ ਸਬਦ ਰਸਾਲੰ ॥ ਪੇਖ ਪੇਖ ਦਰਸਨ ਜਗ ਜੀਵਨਿ ਹੋਤਿ ਪਵਿਤ੍ਰ ਨਿਹਾਲੰ ॥ ੩੨ ॥ ੬੬੨ ॥ ੧੪੧੬ ॥ ਪਰਮ ਪੁਨੀਤਿ ਪਰਮ ਸੁਚਿ ਪਾਵਨ ਪਰਮੇਸ੍ਵਰ ਪ੍ਰਨ ਪਾਲੰ ॥ ਪਾਰ ਬ੍ਰਹਮ ਪੁਰਖੋਤਮ ਪੂਰਨ ਪੂਰਨ ਬ੍ਰਹਮ ਗੁਪਾਲੰ॥

ਕਮਲ ਨੇਤ੍ਰ ਕੇਸਵ ਨਾਰਾਜਨ ਨੀਲ ਕੰਠ ਅਨਕਾਲੰ ॥ ਮਧੁ ਸੂਦਨ ਮਕਸੂਦਨ ਜੈ ਜੈ ਪਾਵਨ ਕਰਤ ਨਿਹਾਲੰ ॥ ੩੩ ॥ ੬੬੩ ॥ ੧੪੧੭ ॥ ਹੋਤੁ ਅਨਾਹਦ ਉਤਸ਼ਵ ਮੰਗਲ ਰੁਨ ਝੁਨ ਸਾਰ ਸੰਗੀਤੀ॥ ਰਾਸਿ ਮੰਡਲ ਰਾਜਨ ਕੀ ਲੀਲਾ ਸਭਾ ਮਾਝ ਸੁਖ ਰੀਤੀ ॥ ਅਖਾਰ ਮੰਡਲੀ ਰਾਸਿ ਅਛਰਨ ਦਸਕ ਔਤਾਰ ਪੁਨੀਤੀ ॥ ਬਨ ਬਨ ਰੂਪ ਲੀਲਾ ਮੰਗਲ ਕਰ ਪਾਵਨ ਪਰਮ ਪਰੀਤੀ ॥੩੪॥੬੬੪॥੧੪੧੮॥ ਮਤਸ ਰੂਪ ਕੇਤੀ ਬਨ ਆਵਤਿ ਕੂਰਮ ਬਰਾਹ ਨਰ ਸਿੰਘੀ ॥ ਬਾਵਨ ਪਰਸਰਾਮ ਸ੍ਰੀ ਰਾਮਾ ਕ੍ਰਿਸਨੰ ਰੂਪ ਅਨੰਘੀ ॥ ਬੋਧ ਰੂਪ ਦਾਨਵ ਖਲ ਮਰਦਨ ਨਿਹਕਲੰਕ ਕਲ ਜੰਘੀ ॥ ਹੋਤ ਬਿਲਾਸ ਮੋਦੁ ਮ੍ਰਿਦੁ ਮੰਗਲ ਜੈ ਜੈ ਕਾਰ ਉਮੰਘੀ ॥ ੩੫ ॥ ੬੬੫ ॥ ੧੪੧੯ ॥ ਕਰਤਿ ਕਲੋਲ ਗਾਨ ਕੰਤੂਹਲਿ ਹਰਖ ਬਿਸਾਲ ਬਿਲਾਵਲਿ ॥ ਆਨੰਦ ਉਰਿ ਨ ਸਮਝ ਨਿਰਖ ਤਬ ਕਰਤਿ ਬਿਨੋਦ ਕੁਲਾਹਲਿ ॥ ਗੁਨ ਜਨ ਗੁਨੀ ਪ੍ਰਗਟ ਜਨੁ ਨਿਜ ਨਿਜ ਹੋਤ ਆਨੰਦ ਉਲਾਹਲਿ ॥ ਝੂਲਾ ਛੰਦ ਕਬਿੱਤ ਬਿਸਨੁ ਪਦ ਰਚਿ ਰਚਿ ਪਰਮ ਸੁਖਾਹਲਿ ॥੩੬॥੬੬੬॥੧੪੨੦॥ ਬਿਸਨੁਪਦੰ ਕਾਫ਼ੀ ਅਸਤੋਤ੍ਰੰ ਕੀਲੰ ਕਵਚ ਉਚੱਾਰਤ ॥ ਕਰਖਾ ਵਾਰ ਕਬਿੱਤ ਜੁਝਾਊ ਮਾਰੂ ਰਾਗ ਸੁਧਾਰਤ ॥ ਬਿਬਿਧ ਰਾਗ ਰਾਗਨਿ ਬਹੁ ਨਾਦਨ ਗਾਵਤ ਸੁਘਰ ਬਜਾਵਤ ॥ ਪ੍ਰਿਥਕ ਪ੍ਰਿਥਕ ਰਾਗਨ ਨਾਦਨ ਜੁਤਿ ਤਿਨ ਕੇ ਨਾਮ ਸੁਨਾਵਤ ॥ ੩੭ ॥ ੬੬੭ ॥ ੧੪੨੧ ॥ ਕਥਿਕ ਕਲਾਵਤ ਭਾਂਡ ਭਗਤੀਜੇ ਕਰਿ ਕਰਿ ਸ੍ਵਾਂਗ ਦਿਖਾਵਤ ॥ ਸ੍ਵਾਂਗੀ ਸੂਤ੍ਰ ਧਾਰ ਇੰਦ੍ਰਜਾਲੀ ਮਾਯਾ ਮੋਹ ਬਢਾਵਤ ॥ ਭੂਮਿ ਡੂਮਨੀ ਭਾਟ ਮਿਰਾਸੀ ਨਾਨਾ ਸ੍ਵਾਂਗ ਬਨਾਵਤ ॥ ਰਾਜ ਰੀਤਿ ਨਕਲੈਂ ਬਹੁਤੇਰੀ ਹਾਸੀ ਬਿਬਿਧ ਸੁਨਾਵਤ ॥੩੮॥੬੬੮॥੧੪੨੨॥ ਬਿਸਨੁਪਦ ਮਲ੍ਹਾਰ ਕਬਜੋ ਬਾਚ ॥ ਆਗੈ ਕਥਾ ਅਵਰ ਪਰਗਾਸੋ ਸੁਨਹੁ

Scanned by CamScanner

ਸੰਤ ਸੁਰ ਗਜਾਨੀ ॥ ਨ੍ਰਿਤ ਸੰਗੀਤ ਗਾਨ ਉਤਸਵ ਹਰਿ ਬਾਸਵ ਪੁਰ ਰਜਧਾਨੀ ॥ ਉਤਸਵ ਮੰਗਲ ਚਾਰ ਸੁਹਾਵਨਿ ਗਾਨ ਸੰਗੀਤ ਤਲਾਨੀ ॥ ਜਿਹ ਬਿਧਿ ਨ੍ਰਿਤ ਅਛਰਨ ਕੀਨਾ ਸੁਨਹੁ ਸੰਤ ਪ੍ਰਧਾਨੀ ॥੩੯॥ ੬੬੯ ॥ ੧੪੨੩ ॥ ਬਿਸਨੁਪਦ ਮਲ੍ਹਾਰ ਸੰਗੀਤੀ ਅਥ ਸੰਗੀਤ ਸਾਰ ਕਥਤੇ ॥ ਧਾਗੜਦੀ ਧ੍ਰੁਮ ਧ੍ਰਿਗ ਤਾਂਗ ਦਾਗ਼ੜ ਦੀ ਦਿਮ ਦਿਰਨਾ ॥ ਬਾਗੜਦੀ ਬਿਰਕਤੈਂ ਬਾਂਗ ਤਾਗੜਦੀ ਤੁਮ ਤੁਮ ਤੁਮ ਤਿਰਨਾ ॥ ਦਾਗੜਦੀ ਦੈ ਦੈ ਤਾਲ ਘਾਘੜਦੀ ਘੁਮ ਘਿਰਨਾ ॥ ਦਾਗੜਦੀ ਦੁਮ ਦੁਮ ਦੀਮ ਬਾਗੜਦੀ ਬਿਰਕਤ ਬਿਰਨਾ ॥ ਤਦ੍ਰ ਦਾਨੀ ਦਾਨੀ ਤੁਮ ਦਾਨੀ ਤਲਲ ਤੁਮ ਦਿਰਨਾ ॥ ੧ ॥ ਰਹਾਉ ॥੧॥੪੦॥੬੭੦॥੧੪੨੪॥ ਬਿਸਨੁਪਦ ਮਲ੍ਹਾਰ ਸੰਗੀਤ ਤਲਾਣਾ ॥ ਡਾਗੜਦੀਂ ਡਹ ਡਹ ਨਾਦ ਢਾਗੜਦੀ ਢੋਲ ਢਮੱਕੈ ॥ ਧਾਗੜਦੀ ਧੁਕ ਧੁਕ ਕਰਤ ਦਾਗੜਦੀ ਦੱਮ ਦੱਮ ਦਮੱਕੈ ॥ ਲਾਗੜਦੀ ਲਹ ਲਹ ਜੋਤਿ ਮਾਗੜਦੀ ਮਨਿ ਗਨ ਝਮੱਕੈ ॥ ਝਾਗੜਦੀ ਝਿਮ ਝਿਮ ਝਾਂਝ ਚਾਗੜਦੀ ਚਾਤੁਰ ਚਮੱਕੈ ॥ ੨ ॥ ੪੧ ॥ ੬੭੧ ॥ ੧੪੨੫ ॥ ਛਾਗੜਦੀ ਛਿਨ ਛਿਨ ਛੈਨ ਡਾਗੜਦੀ ਡਵਰੂ ਡੱਮ ਡੱਮ ॥ ਥਾਗੜਦੀ ਦੈ ਦੈ ਥਾਪ ਢਾਗੜਦੀ ਢਕੈ ਢੋਲਕ ਢੱਮ ਢੱਮ ॥ ਤਾਗੜਦੀ ਤੁਨ ਤੁਨ ਤਾਲ ਝਾਗੜਦੀ ਝੂਮਕ ਝੁੱਮ ਝੁੱਮ ॥ ਚਾਗੜਦੀ ਚਿਰੁ ਕਰੁ ਰਾਜ ਜਾਗੜਦੀ ਜੁਗ ਜੁਗ ਤੁਮ ਤੁਮ ॥੩॥੪੨॥੬੭੨॥੧੪੨੬॥ ਬਿਸਨੁਪਦ ਮਲ੍ਹਾਰ ਸੰਗੀਤ ਤਲਾਣਾ ॥ ਨਾਗੜਦੀ ਨਾਦ ਅਨੇਕ ਬਾਗੜਦੀ ਬਾਜੈ ਰੁਨ ਝੁਨ ॥ ਹਾਗੜਦੀ ਹਰਖਤ ਹੂਰ ਜਾਗੜਦੀ ਜੈ ਜੈ ਸੁਰ ਮੁਨਿ ॥ ਠਾਗੜਦੀ ਠਠਕਤ ਠੌਰ ਧਾਗੜਦੀ ਧੁਨਿ ਸੁਨਿ ਸੁਨਿ ॥ ਮਾਗੜਦੀ ਮੰਗਲ ਚਾਰ ਕਰਤ ਸੁਰ ਜੈ ਜੈ ਪੁਨ ਪੁਨ ॥੪॥੪੩॥੬੭੩॥੧੪੨੭॥ ਨਾਗੜਦੀ ਨ੍ਰਿਤਤਿ ਹੂਰ ਪਾਗੜਦੀ ਪਰੀ ਬਰੰਗਨਿ ॥ ਤਾਗੜਦੀ

Scanned by CamScanner

ਤਬਲਾ ਬਜਤ ਮਾਗੜਦੀ ਮੁਰਜ ਮੁਚੰਗਨ ॥ ਗਾਗੜਦੀ ਗੰਧ੍ਰਬ ਗਾਨ ਤਾਗੜਦੀ ਤਾਨ ਤਰੰਗਨ ॥ ਮਾਗੜਦੀ ਮਿਲਾਵਤਿ ਸਾਜ਼ ਉਠਤਿ ਧੁਨਿ ਬੀਨ ਉਪੰਗਨ ॥ ੫ ॥ ੪੪ ॥ ੬੭੪ ॥ ੧੪੨੮ ॥ ਢਾਗੜਦੀ ਢਮਕਤ ਢੋਲ ਬਾਗੜਦੀ ਬੀਨ ਬਜਾਵੈ ॥ ਨਾਗੜਦੀ ਨਾਇ ਨਫ਼ੀਰ ਤਾਗੜਦੀ ਤਾਲ ਸੁਨਾਵੈ ॥ ਗਾਗੜਦੀ ਗੰਧ੍ਰਬ ਗਾਨ ਪਾਗੜਦੀ ਪਰੀ ਨਚਾਵੈ ॥ ਝਾਗੜਦੀ ਰੁਨ ਝੁਨ ਝਾਂਝ ਡਾਗੜਦੀ ਡੌਰੂ ਡੱਮ ਵਾਵੈ ॥ ੬ ॥ ੪੫ ॥ ੬੭੫ ॥ ੧੪੨੯ ॥ ਛਕਾ ੧ ॥ ਬਿਸਨੁਪਦ ਮਲ੍ਹਾਰ ਸੰਗੀਤ ਤਲਾਣਾ ॥ ਥਾਗੜਦੀ ਥਿਰਕਤਿ ਹੂਰ ਤਾਗੜਦੀ ਤਾਥਜ ਤਾਥਜ ॥ ਉਆਗੜਦੀ ਉਰਵਸਿ ਨ੍ਰਿਤ ਰਾਗੜਦੀ ਰੰਭਾ ਸਾਥਜ ॥ ਸਾਗੜਦੀ ਸਾਇਰ ਸੁਘਰਨ ਗਾਗੜਦੀ ਗੁਨਿ ਜਨ ਗਾਥੈ ॥ ਬਾਗੜਦੀ ਬਿਸਨੁ ਦਰਬਾਰਿ ਸਭਿ ਹੀ ਨਾਵਤ ਮਾਥੈ ॥ ੧ ॥ ੭ ॥ ੪੬ ॥ ੬੭੬ ॥ ੧੪੩੦ ॥ ਜਾਗੜਦੀ ਜੈ ਜੈ ਕਰਤਿ ਸਾਗੜਦੀ ਸੁਰ ਮੁਨਿ ਸਭਿ ਹੀ ॥ ਦਾਗੜਦੀ ਦਰਸ਼ਨ ਕਰਤ ਚਾਗੜਦੀ ਚਾਰ ਪਦਾਰਥ ਲਭਿ ਹੀ ॥ ਬਾਗੜਦੀ ਬਾਜਤ ਬੀਨ ਰਾਗੜਦੀ ਰੰਭਾ ਫਰਹੀ ॥ ਮਾਗੜਦੀ ਮੰਗਲ ਚਾਰ ਸੁਰਨ ਜੁਤਿ ਬਾਸਵ ਕਰ ਹੀ ॥ ੨ ॥ ੮ ॥ ੪੭ ॥ ੬੭੭ ॥ ੧੪੩੧ ॥ ਉਆਗੜਦੀ ਹੋਤ ਉਛਾਹ ਹਾਗੜਦੀ ਹੂਰ ਹਰਖੈ ॥ ਰਾਗੜਦੀ ਰੁਨਝੁਨਕਾਰ ਪਾਗੜਦੀ ਪੁਹਪ ਬਰਖੈ ॥ ਸਾਗੜਦੀ ਸਭਾ ਮਝਾਰ ਗੁਨੀ ਜਨ ਗੁਨ ਕਉ ਪਰਖੈ ॥ ਲਾਗੜਦੀ ਲੀਲਾ ਪੇਖ ਦਾਗੜਦੀ ਦੇਵ ਸਰਖੈ ॥ ੩ ॥੯॥ ੪੮ ॥ ੬੭੮ ॥ ੧੪੩੨ ॥ ਬਿਸਨੁਪਦ ਮਲ੍ਹਾਰ ਸੰਗੀਤ ਤਲਾਣਾ ॥ ਬਾਗੜਦੀ ਹੋਤ ਬਧਾਵ ਦਾਗੜਦੀ ਦੇਤ ਮੁਮਾਰਖ ॥ ਦਾਗੜਦੀ ਦੋਨੋ ਲੋਕ ਸਕਲ ਹਰਿਜਨ ਸਾਰਖ ॥ ਧਾਗੜਦੀ ਧਨਜ ਤ੍ਵ ਭਾਗ ਮਾਗੜਦੀ ਮਘਵਾ ਕ੍ਰਿਤਾਰਥ ॥ ਤਾਗੜਦੀ ਤ੍ਵ ਪ੍ਰਸਾਦਿ ਦਰਸ ਭਵ ਜਨਮ ਸਕਾਰਥ

Scanned by CamScanner

॥੪॥੧੦॥੪੯॥ ੬੭੯ ॥ ੧੪੩੩ ॥ ਹਾਗੜਦੀ ਹੋਤ ਨਿਹਾਲ ਦਰਸ ਕਰ ਤ੍ਰਿਭਵਨ ਪਤਿ ਹੀ ॥ ਗਾਗੜਦੀ ਗੀਤਾ ਆਦਿ ਨਿਗਮ ਧੁਨਿ ਪਢਤ ਸੁਮਤਿ ਹੀ ॥ ਗਾਗੜਦੀ ਕੀਰਤਨਿ ਗਾਨ ਕਰਤਿ ਨਾਰਦੀ ਭਗਤਿ ਹੀ ॥ ਬਾਗੜਦੀ ਬਲਿਬਲਿ ਜਾਤ ਪਾਵਤ ਸੁਰ ਮੋਛ ਮੁਕਤਿ ਹੀ ॥ ੫ ॥ ੧੧ ॥੫੦॥ ੬੮੦ ॥ ੧੪੩੪ ॥ ਆਗੜਦੀ ਆਨੰਦ ਹੋਤ ਜਾਗੜਦੀ ਜੈ ਜੈ ਕਾਰਾ ॥ ਫਾਗੜਦੀ ਫਤਹ ਗੁਬਿੰਦ ਬਾਗੜਦੀ ਬਿਜਜ ਉੱਚਾਰਾ ॥ ਨਾਗੜਦੀ ਨਿਰਖਤ ਨਯਨ ਜਾਗੜਦੀ ਜਗਦੀਸ ਮੁਰਾਰਾ ॥ ਬਾਗੜਦੀ ਬਿਸਨੁ ਦਰਬਾਰ ਮਾਗੜਦੀ ਮੰਗਲਚਾਰਾ ॥ ੬ ॥ ੧੨ ॥ ੫੧ ॥ ੬੮੧ ॥ ੧੪੩੫ ॥ ਛਕਾ ੨ ॥ ਬਿਸਨੁਪਦ ਮਲ੍ਹਾਰ ਦੂਜੀ ਤਰਹ ॥ ਹੋਤ ਉਛਾਹ ਬਿਲਾਸ ਬਿਲਾਵਲ ਗਾਨ ਕਲੋਲ ਸੰਬੂਹਨਿ ॥ ਉਘਟਤ ਰਾਗ ਰਾਗਨੀ ਸਭਿ ਹੀ ਨ੍ਰਿਤਤਿ ਜੱਛ ਬਧੂਹਨਿ ॥ ਮਿਲਤ ਸਮਾਜ ਬਜੰਤਿ ਨਾਦ ਬਹੁ ਨਚਤਿ ਬਰੰਗਨਿ ਦੂਹਨਿ ॥ ਤਿਨ ਕੇ ਨਾਮ ਪ੍ਰਗਟ ਕਰਿ ਭਾਖਤ ਰਾਗ ਰਾਗਨੀ ਬਜੂਹਨਿ ॥੫੨॥ ੬੮੨ ॥ ੧੪੩੬ ॥ ਮਾਲਕੌਸ ਵਡਹੰਸ ਅਲਾਪਤਿ ਤਾਲ ਤਾਨ ਮਦ ਮੋਚਨਿ ॥ ਮਾਰੂ ਪਰਜ ਧਮਾਰੰ ਗਜ ਧਰ ਲਲਿਤ ਸੂਹੀ ਤ੍ਰਿਲੋਚਨਿ ॥ ਕਾਮੋਦੀ ਕਲਜਾਨ ਕੁਸਮ ਕਰ ਦੁੰਦ ਸੁ ਲੋਚਨਿ ॥ ਭੈਰਵ ਹਿੰਡੋਲ ਬਸੰਤ ਕਮਲ ਚੰਪਕ ਮਨਿ ਰੋਚਨਿ ॥ ੫੩ ॥ ੬੮੩ ॥ ੧੪੩੭ ॥ ਕਛੇਲੀ ਪਟਮੰਜਰੀ ਟੋਡੀ ਕਉਭਾਰਾ ਸਰਸ ਅਹੀਰੀ ਮਾਲਤੀ ਖੋਖਟ ਜਲਧਾਰਾ ॥ ਬਿਭਾਸ ਭਾਸਕਰ ਸੂਹਵੀ ਮਧੁਕਰ ਸੁਰਮਾਨੰਦ ਤੁਖਾਰਾ ॥ ਸੋਰਠਿ ਸਾਰੰਗ ਗੌਂਡ ਬਿਲਾਵਲਿ ਰਾਮਕਲੀ ਨਟ ਦੇਵਗੰਧਾਰਾ ॥੫੪॥ ੬੮੪ ॥ ੧੪੩੮ ॥ ਦੀਪਕ ਮੇਘ ਰਾਗ ਗੁੰਡ ਗੌਰੀ ਕੁੰਡ ਚੰਡ ਗਜਧਰ ਅਉਤਾਰਾ ॥ ਮਾਲੀ ਗੌੜਾ ਮਾਝ ਤਲੀਲੰਗੀ ਬੰਗਾਲਮ ਦੀਪਕ ਬੈਰਾਰਾ ॥ ਮਧੁ ਮਾਧਵ ਦੀਪਕੀ ਬਸੰਤੀ ਗੰਭੀਰ

Scanned by CamScanner

ਹਮੀਰ ਅੰਗ ਮੇਵਾਰਾ ॥ ਜੈਜਾਵੰਤੀ ਜੈਤਸਰੀ ਕਰਨਾਟੀ ਕੁਸਮ ਮਲ੍ਹਾਰਾ ॥ ੫੫ ॥ ੬੮੫ ॥੧੪੩੬॥ ਕਾਲੰਕਾ ਕੁੰਤਲ ਅਰੁ ਸਜਾਮਾ ਪੁੰਨੀਆ ਬੰਗੁਲੀ ॥ ਬੈਰਾਧਰ ਗੂਜਰੀ ਗੰਧਾਰੀ ਸੂਹੀ ਸੀਹਤਿ ਜੰਗਲੀ ॥ ਸਿੰਧਵੀ ਸ੍ਰੀ ਰਾਗ ਧਨਾਸਰੀ ਟੋਡੀ ਸੰਧੂਰ ਮੰਗਲੀ ॥ ਸਾਲੂ ਸਾਗਰ ਮਾਲਸਿਰੀ ਪ੍ਰਭਾਤੀ ਭੈਰਉ ਪਿੰਗੁਲੀ ॥ ੫੬ ॥ ੬੮੬ ॥ ੧੪੪੦ ॥ ਬਿਸਨੁਪਦ ਮਲ੍ਹਾਰ ਦੂਜੀ ਤਰਹ ॥ ਕਉਸਕ ਯਮਨ ਬਿਲਾਵਲ ਭਾਸਕਰ ਭੈਰਵ ਅਲਾਪਹਿ ॥ ਹਰਖ ਦਿਸਾਖ ਬੈਰਾ ਧਰ ਜਬਲੀ ਸਰਸ ਬਿਨੋਦਾ ਥਾਪਹਿ ॥ ਖੌ ਖਟ ਦੇਵਕਰੀ ਅਸਲੇਖੀ ਪੰਚਮ ਸਾਜ ਮਿਲਾਵਹਿ ॥ ਖਸ਼੍ਰ ਰਾਗ ਜੁਤਿ ਤੀਸ ਬਰੰਗਨਿ ਬਿਬਿਧ ਨਿਸਾਨ ਬਜਾਵਹਿ ॥ ੫੭ ॥ ੬੮੭ ॥ ੧੪੪੧ ॥ ਹੋਤ ਮੰਗਲ ਚਾਰ ਜਹ ਤਹ ਹਰਖ ਦੇਵ ਮਨਾਵਹੀਂ ॥ ਸਪਤ ਦਿਵਸ ਆਰੰਭ ਉਤਸਵ ਨ੍ਰਿਤ ਗਾਨ ਸੁਨਾਵਹੀਂ ॥ ਚਤੁਰ ਨਾਰਿ ਹੂਰ ਸੁਘਰ ਗੁਨਿ ਜਨ ਸਾਜ ਤਾਨ ਮਿਲਾਵਹੀਂ ॥ ਉਘਟਤ ਸੰਗੀਤ ਅਨੇਕ ਰਾਗਨ ਗੁਨਨ ਪਾਤ੍ਰ ਨਚਾਵਹੀਂ ॥ ੫੮ ॥ ੬੮੮ ॥ ੧੪੪੨ ॥ ਮਲ੍ਹਾਰ ॥ ਮੰਗਲ ਕੁਲਾਹਲ ਹੋਤ ਉਤਸਵ ਭਗਤਿ ਨਾਰਦਿ ਪੂਜਹੀਂ ॥ ਆਨੰਦ ਅਨਦਿਨ ਹਰਖ ਛਿਨ ਛਿਨ ਅਨਨਜ ਭਗਤਿ ਅਦੂਜ ਹੀਂ ॥ ਬਿਲਾਸ ਉਮਗ ਹੁਲਾਸ ਮੰਗਲ ਰਾਜ ਅਬਿਚਲ ਭੂੰਜ ਹੀਂ ॥ ਜੈ ਜੈ ਅਨਾਹਦਿ ਸਬਦ ਉਚਰਤ ਦਰਸ ਬਲਿ ਬਲਿ ਹੂਜ ਹੀਂ ॥ ੫੯ ॥ ੬੮੯ ॥ ੧੪੪੩ ॥ ਧੂਪ ਦੀਪ ਨੈਬੇਦ ਨਾਨਾ ਪਾਕ ਬਿੰਜਨ ਬਿਬਿਧ ਬਿਧ ॥ ਭਾਂਤਿ ਭਾਂਤਿਨ ਫਲ ਕਿਰਾਨਾ ਪੁਸਪ ਗੰਧ ਸੁਗੰਧ ਨਿਧ ॥ ਜਗ ਪੁਰਖ ਅਰਪਿਤਿ ਸੁਮਨ ਬਰਖਤਿ ਸੁਰਨ ਹਰਖਤ ਰਿਧਿ ਸਿਧਿ ॥ ਕਾਮਧੇਨੁ ਕਲਪ ਤਰੋਵਰ ਠਾਢੀ ਹਜ਼ੂਰ ਅਨੇਕ ਰਿਧਿ ॥੬੦॥੬੯੦॥ ੧੪੪੪ ॥ ਬਿਸਨੁਪਦ ਮਲ੍ਹਾਰ ਸ੍ਰੀ ਭਗਵਾਨੋ ਵਾਚ ॥ ਪ੍ਰਭੁ ਕਰੀ ਆਗਜਾ ਬਾਸਵਹ

Scanned by CamScanner

ਅਬ ਦੇਰ ਬਿਲਮ ਨ ਕੀਜਿਯੈ ॥ ਸਾਜ ਸੈਨ ਸਮੂਹ ਪ੍ਰਤਿਨਾ ਕੂਚ ਆਗਜਾ ਦੀਜਿਯੈ ॥ ਨਿਜ ਨਿਜ ਚਮੂ ਚਤੁਰੰਗਨੀ ਸੁਰ ਸਕਲ ਜਾਤ੍ਰਾ ਸੋਧਿਯੈ ॥ ਦੈ ਬੰਬ ਬਿਜਨ ਨਿਸਾਨ ਮਾਰੂ ਦਨੁਜ ਜੁਧ ਬਿਰੋਧਿਯੈ ॥੬੧॥੬੯੧॥ ੧੪੪੫ ॥ ਬਿਸਨੁਪਦ ਮਲ੍ਹਾਰ ਸਕ੍ਰੋ ਵਾਚ ॥ ਕਰ ਜੋਰ ਮਾਥ ਨਿਵਾਇ ਬਾਸਵ ਪ੍ਰੇਮ ਮਗਨ ਅਧੀਨ ਹ੍ਵੈ ॥ ਪਾਹ ਪਾਹ ਸਨਾਥ ਕੀਨੋ ਅਨਾਥ ਨਾਥ ਕ੍ਰਿਪਾਲ ਹ੍ਵੈ ॥ ਜਿਹ ਦਰਸ ਕਾਰਨ ਜਤੀ ਜੋਗੀ ਸਿਧ ਸਾਧ ਮਹਾਨ ਹ੍ਵੈ ॥ ਸੇਖ ਗਨ ਗੰਧ੍ਰਬ ਸੁਰਾਸੁਰ ਨ੍ਰਿਪਤਿ ਚਕ੍ਰਵੈ ਮਾਨ ਹ੍ਵੈ ॥ ੬੨ ॥੬੯੨॥ ੧੪੪੬ ॥ ਬਿਸਨੁਪਦ ਮਲ੍ਹਾਰ ॥ ਕਰਤ ਕੋਟਿ ਦੁਰੰਤ ਤਪਸਾ ਨਿਗਮ ਨੇਤਿ ਬਖਾਨ ਹੀ॥ ਲੇਤ ਨੌਤਨ ਨਾਮ ਨਿਤ ਪ੍ਰਤਿ ਤਦਜਪਿ ਅਲੱਖ ਨ ਜਾਨ ਹੀ ॥ ਨਿਰ ਬਿਕਾਰ ਅਹਾਰ ਸਾਧਤ ਅਲਪ ਨਿੰਦ੍ਰਾ ਠਾਨ ਹੀ ॥ ਧਰਤ ਧਜਾਨ ਸਮਾਧਿ ਇਸਥਿਤ ਕਈ ਕਲਪ ਲੌ ਪ੍ਰਮਾਨ ਹੀ ॥੬੩॥ ੬੯੩ ॥ ੧੪੪੭ ॥ ਨਹਿ ਤਦਜਪਿ ਪਾਵਤ ਦਰਸ ਰਾਜਿਵ ਨਯਨ ਮੂਰਤਿ ਸਾਵਲੀ ॥ ਹਾਰ ਹਾਰ ਪਰੇ ਸਭੀ ਮਿਲ ਨਹ ਲਹਜੋ ਭੇਦ ਰੁਮਾਵਲੀ ॥ ਸੋਈ ਮਦਨ ਮੂਰਤਿ ਦ੍ਰਿਸ੍ਟ ਗੋਚਰ ਪ੍ਰਗਟ ਦਰਸ ਸੁਹਾਵਰੀ ॥ ਭਜੋ ਆਜ ਸਨਾਥ ਹੇ ਪ੍ਰਭੁ ਦਰਸ ਪੇਖਜੋ ਰਾਵਰੀ ॥ ੬੪ ॥ ੬੯੪ ॥ ੧੪੪੮ ॥ ਕਹਿ ਬਚਨ ਆਰਤ ਦੀਨ ਹੋ ਹੋ ਨਮਾਮਿ ਨਾਥ ਨਮਾਮਤੇ ॥ ਸਭਿ ਸੁਫਲ ਭਈ ਸਮਾਜ ਜਾਤ੍ਰਾ ਦਰਸ ਦੀਨ ਦਯਾ ਪਤੇ ॥ ਅਹੋ ਨਾਥ ਸਨਾਥ ਕੀਨਜੋ ਦਰਸ ਦੀਨਜੋ ਭਜੋ ਗਤੇ ॥ ਕਰ ਜੋਰ ਬਾਸਵ ਸਚੀ ਬਿਨਵਤਿ ਚਰਨ ਪ੍ਰਣਵਤਿ ਨਿਮ੍ਰਤੇ ॥ ੬੫ ॥ ੬੯੫ ॥ ੧੪੪੯ ॥ ਹੋ ਮੁਦਿਤ ਹਰਖ ਸੁਰੇਸ ਸਭਿ ਬਿਧ ਦਈ ਆਗਜਾ ਦੇਵ ਮੁਨਿ ॥ ਪ੍ਰਭੁ ਚਰਨ ਬੰਦਤ ਹਰਖ ਮੰਗਲ ਬਜਤ ਘੰਟਾ ਸੰਖ ਧੁਨਿ ॥ ਨ੍ਰਿਤਤਿ ਸੰਗੀਤ ਦੇਵਾਂਗਨਾ ਬਾਜਤਿ ਨਿਸਾਨ ਮ੍ਰਿਦੰਗ ਧੁਨਿ ॥ ਦੇਵ ਦੇਵ ਸੁਰੇਸ ਕੁਲਿ ਮਿਲ

ਪ੍ਰਦੱਛਨਾ ਪ੍ਰਭੁ ਪੁਨਹ ਪੁਨਿ ॥ ੬੬ ॥ ੬੯੬ ॥ ੧੪੫੦ ॥ ਮਲ੍ਹਾਰ ॥ ਸਾਜ ਮੰਗਲ ਆਰਤੀ ਸੁਰ ਕਰਤ ਬਿਬਿਧ ਬਿਧਾਨ ਸੌਂ ॥ ਬਜਤਿ ਧੁਨਿ ਘੰਟਾ ਮਧੁਰ ਸੁਨਿ ਸੰਗ ਬੀਨ ਪ੍ਰਮਾਨ ਸੌਂ ॥ ਨਾਚਤਿ ਅਪੱਛਰ ਹੋਤ ਮੰਗਲ ਚਾਰੁ ਰੁਨ ਝੁਨ ਗਾਨ ਸੌਂ ॥ ਦੇਵਤ ਪ੍ਰਦੱਛਨ ਸਕਲ ਸੁਰ ਅਰੁ ਬਿਨਜ ਕਰਤ ਕ੍ਰਿਪਾਨ ਸੌਂ ॥ ੬੭ ॥ ੬੯੭ ॥ ੧੪੫੧ ॥ ਅਰਘ ਦਾਨ ਪਾਦਰਘ ਪੂਜਤ ਲੇਤ ਚਨਨੋਦਿਕ ਹਰਖ॥ ਪ੍ਰਭੁ ਦੀਨਿ ਜਜਮਾਲਾ ਸਭਨ ਪ੍ਰਤਿ ਬਿਜਜ ਹੋਤਿ ਮੰਗਲ ਸਰਖ ॥ ਨ੍ਰਿਤ ਕਾਰਿ ਸੰਗੀਤ ਪੂਜਾ ਬਿਜਜ ਉਤਸਵ ਪੂਰਨੰ ॥ ਅਬ ਸੁਨੋ ਜੁਧ ਸਮਾਜ ਦੇਵਨ ਦਲ ਦੇਵ ਦੈਤ ਬਿਸੂਰਨੰ ॥ ੬੮ ॥੬੯੮॥ ੧੪੫੨ ॥ ਛੱਕਾ ੨ ॥

ਬਿਸਨੁਪਦ ਮਲ੍ਹਾਰ ਪੜਤਾਲ ਮਘਵਾ ਬਾਚ ਨਿਜ ਸੈਨਾ ਪ੍ਰਤਿ ॥

ਦੈ ਰੇ ਦਮਾਮਨ ਚੋਬ ਬੰਬ ਦੀਹ ਦਾਰੁਨ ਘੋਖ ॥ ਸਾਜ ਦੈ ਰੇ ਪ੍ਰਬਲ ਦਲ ਅਨੀ ਚਤੁਰੰਗਨੀ ॥ ਹਨਹੁ ਨਾਦ ਬੀਰਜ ਆਂਜ ਸੈਨਾ ਪ੍ਰਤਾਪ ਸਹਿਤ ਜੀਤ ਹੌ ਬਨਾਇ ਸਮਰ ਬੀਰ ਰੰਗ ਰੰਗਨੀ ॥ ਮੰਡਹੁ ਆਜ ਬੀਰ ਖੇਤ ਤੁਮਲ ਆਹਵ ਕਰਾਲ ਜਗ ਹੈ ਮਸਾਨ ਪ੍ਰੇਤ ਭੈਰਵ ਦਲ ਜੁਗਨੀ ॥ ਕਰਹੁੰ ਰੁੰਡ ਮੁੰਡੰ ਨਚਹਿ ਭਕਰੁੰਡ ਸੁੰਡੰ ਜੂਝਹੈਂ ਸਾਵੰਤ ਬੀਰ ਬਰ ਹੈਂ ਬਰੰਗਨੀ ॥ ੬੯ ॥ ੬੯੯ ॥ ੧੪੫੩ ॥ ਬਿਸਨੁਪਦ ਮਲ੍ਹਾਰ ਪੜਤਾਲ ॥ ਚਿੰਕ ਹੈ ਚਾਵੰਡ ਗਯਨ ਜੂਝ ਹੈਂ ਸਾਵੰਤ ਅਯਨ ਨਚ ਹੈਂ ਕਪਾਲਿ ਰੁੱਦ੍ਰ ਕਾਲੀ ਕਿਲਕਾਰ ਹੈਂ ॥ ਫੁੰਕ ਹੈਂ ਫਿਕਾਰ ਭੂਤ ਹੱਸ ਹੈਂ ਮਸਾਨ ਪੂਤ ਡਿਗ ਹੈਂ ਜੁਝਾਰ ਸੂਰ ਜੋਗਨਿ ਚਿਕਾਰ ਹੈਂ ॥ ਗਜਹਿੰ ਰਨਧੀਰ ਬੀਰ ਬਜ ਹੈਂ ਨਿਸਾਨ ਦੀਹ ਜੁੱਟ ਹੈਂ ਸਾਵੰਤ ਲੋਥ ਰਨ ਮੌ ਹੁੰਕਾਰ ਹੈਂ ॥ ਗਿਰਹਿੰ ਗਜ ਸੁੰਡ ਰੁੰਡ ਪੋਇਹਿੰ ਗਲ ਮਾਲ ਮੁੰਡ ਨਚਹਿ ਕਲਿ ਮਹਾ ਰੁੱਦ੍ਰ ਸੂਰਨ

Scanned by CamScanner

ਲਲਕਾਰ ਹੈਂ ॥ ੭੦ ॥ ੭੦੦ ॥ ੧੪੫੪ ॥ ਸੁਨਿ ਸੁਨਿ ਬਚ ਹਰਖ ਭਏ ਚਿਤ ਕਿ ਸਭ ਸੋਕ ਗਏ ਕੀਨਿ ਹੈ ਤਜਾਰ ਸੁਰ ਨਿਜ ਨਿਜ ਚਤੁਰੰਗਨੀ ॥ ਸਾਜ ਸਾਜ ਆਯੁਧ ਤਨ ਹਰਖੇ ਰਿਖਿ ਦੇਵ ਮੁਨਿ ਫ਼ਹਰਤ ਧੁਜ ਲੋਟਨ ਗਨ ਬਜੁਹਨਿ ਮਤੰਗਨੀ ॥ ਘੋਰ ਘੋਰ ਪ੍ਰਲਜਸੱਦ ਚਿੰਸਤ ਹਜ ਪਛਿਪਦਿ ਗੁੰਜਤ ਗਜ ਭੀਮ ਘੋਖ ਉਸ਼੍ਟਨਿ ਤੁਰੰਗਨੀ ॥ ਗਾਜ ਗਾਜ ਉਠੇ ਸੂਰ ਹਰਖਤ ਭਈ ਪਰੀ ਹੂਰ ਗਾਵਤਿ ਮਿਲ ਮੰਗਲ ਚਾਰ ਸੁਮੁਖਿ ਸੁਰੰਗਨੀ ॥ ੭੧ ॥ ੭੦੧ ॥ ੧੪੫੫ ॥ ਕੋਟਿ ਕੋਟਿ ਧੁਜਾ ਬਰ ਫ਼ਹਰਤ ਰਨ ਬਿਜਜ ਕਰ ਮਾਰੂ ਸੁਭ ਨਾਦ ਬਜਜੋ ਘੰਟਾ ਧੁਨਿ ਸੰਖਨੀ ॥ ਸੋਧਿ ਸੁਭਿ ਘੜੀ ਲਗਨ ਮੰਗਲ ਕਰ ਹਰਖ ਮਗਨ ਹਰਵਲ ਭੇ ਕਾਰਤਿਕ ਗਨ ਗਨਪਤਿ ਦਲ ਮੁਖਨੀ ॥ ਭੈਰਵ ਗਨ ਪ੍ਰੇਤ ਮਾਲ ਕਿਲਕਿਟਿ ਦੈ ਦੈ ਬਿਤਾਲ ਜੁੱਗਨਿ ਮਸਾਨ ਭੂਮਿ ਡਰਕਤ ਭੀ ਜੱਖਨੀ ॥ ਹਾਹਾ ਕਰ ਦਾਂਤ ਬਾਇ ਗਨਪਤਿ ਮਨਾਇ ਧਾਈ ਨਚਤਿ ਭੀ ਜੋਗਨਿ ਕਲਿ ਭਭਕਤਿ ਭੀ ਭੱਖਨੀ ॥੭੨॥੭੦੨॥ ੧੪੫੬॥ ਰਿਖਿ ਮੁਨਿ ਸੁਰ ਸੰਗ ਸਭੈ ਕਾਰਤਿਕ ਦਲ ਸੁਭਟ ਚਲੇ ਬਾਂਕੁਰੇ ਰਜੀਲੇ ਬੀਰ ਬੂਥਨੀ ਮਤੰਗਨੀ ॥ ਬਾਂਧੇ ਕਟਿ ਤੂਨ ਬਿਕਟ ਸਾਰੰਗਸਰ ਚਾਂਪ ਸੁਭਟ ਹੈ ਹੈ ਅਸ੍ਵਾਰ ਚਪਲ ਚੰਚਲ ਤੁਰੰਗਨੀ ॥ ਮੁਕਤਿਲਾਲ ਮੁਕਤਮਾਲ ਸੋਭਿਤ ਸੁਭ ਤਿਲਕ ਭਾਲ ਜ਼ਮੁਰਦ ਇਲਮਾਸ ਲਾਲ ਹਾਰਨ ਸੁਰੰਗਨੀ ॥ ਰਾਜਿਤ ਸਿਰ ਮੁਕਟ ਮੌਰ ਢੁਰਕਤ ਸੁਭ ਛਤ੍ਰ ਚੌਰ ਗਨਪਤਿਸ੍ਰਿ ਕਾਰਤਿਕੇਯ ਹਰਖਤ ਬਰੰਗਨੀ ॥ ੭੩ ॥ ੭੦੩ ॥ ੧੪੫੭ ॥ ਮੂਖਕ ਮਯੂਰ ਰੂੜ ਹੋ ਹੋ ਅਸਵਾਰ ਸੂਰ ਲੈ ਲੈ ਦਲ ਆਪ ਆਪ ਸੈਨਾ ਚਤੁਰੰਗਨੀ ॥ ਬਾਜੇ ਤਹਾਂ ਕੋਟਿ ਨਾਦ ਦੁੰਦਭਿ ਧੌਂਸਾ ਬਿਹਾਦ ਤਬਲਾ ਤੰਬੂਰ ਤੂਰ ਤੁੰਦਕ ਮੁਚੰਗਨੀ ॥ ਕਸ ਕਸ ਕਟਿ ਤੂਨ ਬਿਕਟ ਧਾਰੇ ਸਰ ਚਾਪ ਸੁਭਟ ਲੀਏ ਕਰਿ ਚਕ੍ ਬਕ੍

ਗੋਫ਼ਨ ਖਤੰਗਨੀ ॥ ਮਾਤੇ ਰਸਿ ਅਮਲ ਨਯਨ ਅੰਮ੍ਰਿਤ ਪਿਯ ਮਧੁਰ ਬੈਨ ਸੁੰਦਰ ਕੁਮਾਰ ਦੋਊ ਬਾਂਧਤਿ ਤੁਫ਼ੰਗਨੀ ॥ ੭੪ ॥ ੭੦੪ ॥ ੧੪੫੮ ॥ ਸੋਭਿਤ ਸੁਭ ਹੀਰ ਚੀਰ ਅੰਗ ਅੰਗ ਸੁਭਗ ਧੀਰ ਮਾਥੇ ਸ੍ਰੀਖੰਡ ਤਿਲਕ ਜੈ ਜੈ ਉਚਾਰ ਹੀ ॥ ਘੰਟਾ ਧੁਨਿ ਸੰਖ ਕੀਏ ਨਿਜ ਨਿਜ ਦਲ ਸੰਗ ਲੀਏ ਅਸੁ ਗਜ ਰਥ ਦਲ ਪਦਾਤਿ ਜਾਤ੍ਰਾ ਸੁਧਾਰ ਹੀ ॥ ਹਰਵਲ ਭਏ ਦੋਊ ਨੰਦ ਪੂਜਕ ਜਗ ਪ੍ਰਿਥਮ ਬੰਦ ਗਨਪਤਿ ਮਹਾਨ ਜੋਧ ਸੈਨਾ ਸੁ ਪਧਾਰ ਹੀ ॥ ਚਾਲੇ ਜਗਦੀਸ਼ ਸਿਮਰ ਬੰਦ ਪਦ ਉਮਾਹਰ ਦੈ ਦੈ ਨਗਾਰ ਕੂਚ ਧੌਂਸਾ ਧੁੰਕਾਰ ਹੀ ॥ ੭੫ ॥ ੭੦੫ ॥ ੧੪੫੯ ॥ ਗਜੇ ਸ਼ਿਵ ਬੰਬ ਬੋਲ ਬਾਜਤਿ ਮ੍ਰਿਦੰਗ ਢੋਲ ਡਮਰੂ ਡਮਕਾਇ ਨਾਦ ਕਿੰਕਰੀ ਬਜਾਇ ਕੈ ॥ ਸੋਭੈ ਸਿਰ ਜਟਾ ਜੂਟ ਮੁਦਿਤ ਤਨ ਭਸਮ ਭੂਤ ਰਾਜਿਤ ਲਿਲਾਟ ਇੰਦੁ ਜਟੀ ਗੰਗ ਸਾਇ ਕੈ ॥ ਸੋਭਿਤ ਗਲ ਮੁੰਡ ਮਾਲ ਕਰ ਮੋ ਧਰਕੇ ਕਪਾਲ ਚਕ੍ ਤ੍ਰਿਸੂਲ ਸੰਗ ਪਿਨਾਕੰ ਛਕਾਇ ਕੈ ॥ ਪਹਿਰ ਗਲ ਨਾਗ ਹਾਰ ਧੌਲੇ ਨੰਦੀ ਸਵਾਰ ਮਾਥੇ ਹਰ ਗੰਗਧਾਰ ਭਿਭਰੇ ਰੁਹਰਾਇ ਕੈ ॥ ੭੬ ॥ ੭੦੬ ॥ ੧੪੬੦ ॥ ਸੈਨਾ ਸੰਗ ਪ੍ਰੇਤ ਮਾਲ ਜੁੱਗਨਿ ਭੀਹਲ ਬਿਤਾਲ ਖਪਰੋ ਕਪਾਲ ਲਿਜੇ ਭੂਤਨ ਭਭਕਾਰ ਹੀ ॥ ਭੈਰਵ ਪਿਸਾਚ ਕੰਕ ਕਪਾਲਕ ਮਸਾਨ ਬੰਕ ਜੁੱਗਨਿ ਕੀ ਝੰਕ ਬਿਖਮ ਕਿਲ ਕਿਲ ਚਿੰਕਾਰ ਹੀ ॥ ਡੀਹਰ ਦਲ ਕਾਕ ਚੀਲ ਜੰਬੁਕ ਕਰਾਲ ਭੀਲ ਗੁਰਗੋ ਪਿਲੰਗ ਸ਼ੇਰ ਚੀਤਰ ਫਿੰਕਾਰ ਹੀ ॥ ਡਹ ਡਹ ਨਿਸੁੰਨ ਨਾਦ ਡਾਢਿ ਹਾਸੀ ਉਨਮਾਦ ਕਹ ਕਹ ਕਿਲਕੰਤ ਭੂਤ ਪ੍ਰੇਤਨਿ ਬੰਕਾਰ ਹੀ ॥ ੭੭ ॥ ੭੦੭ ॥ ੧੪੬੧ ॥ ਪੜਤਾਲ ॥ ਲੂਬਰ ਮਾਜਾਰ ਸ੍ਵਾਨ ਧਾਏ ਸੁਨਿ ਜਾਤੁਧਾਨ ਕਰਗਸ ਕਰਾਲ ਗੀਧ ਮੰਗਲ ਬਿਚਾਰ ਹੀ ॥ ਡਾਕਨਿ ਡੀਅਰ ਪਿਸਾਚ ਪਹੁੰਚੇ ਗਨ ਕਰਤ ਨਾਚ ਪਹਿਰਿ ਗਲ ਮੁੰਡ ਮਾਲ ਸ਼ਿਵ ਸ਼ਿਵ ਉਚਾਰ ਹੀ ॥ ਭੈਰਵ ਰਾਖਸ਼

Scanned by CamScanner

ਬਿਤਾਲ ਸਜ ਸਜ ਕਰਵਾਲ ਢਾਲ ਠੋਕਤ ਭੁਜਦੰਡ ਬੀਰ ਬੱਮ ਬੱਮ ਜੈਕਾਰ ਹੀ ॥ ਡੰਡਕ ਗੋਫ਼ਨ ਗ਼ੁਲੇਲ ਮੂਸਲ ਤ੍ਰਿਸੂਲ ਸੇਲ ਧਨੁਹੀ ਕੁਅੰਡ ਬਾਨ ਬੀਰਨ ਡੰਕਾਰ ਹੀ ॥ ੭੮ ॥ ੭੦੮ ॥੧੪੬੨॥ ਸਹਿਥੀ ਬੱਲਮ ਕਟਾਰ ਲਸ਼੍ਰਿਕ ਤਰਵਾਰ ਧਾਰ ਸਿਪਰ ਗੁਰਜੋ ਗੁਲੇਲ ਬੱਲਮ ਛਕਾਇ ਕੈ ॥ ਖੰਡਾ ਖਗ੍ਗ ਸੈਫ ਸੂਲ ਬਨੈਟੀ ਮੁਦਗਰ ਤ੍ਰਿਸੂਲ ਤੈਨੀ ਨਿਖੰਗ ਤੀਰ ਤੀਖਨ ਬੰਧਾਇ ਕੈ ॥ ਧੂਲੀ ਸਿਰ ਜਟਾਧਾਰ ਪਹਿਰੇ ਗਲ ਮੁੰਡ ਮਾਰ ਹੋ ਕਰਿ ਮਦ ਮਤਿ ਬੀਰ ਭੰਗ ਕੂ ਚੜਾਇ ਕੈ ॥ ਕੇਤੇ ਤ੍ਰਿਮੁੰਡ ਝੁੰਡ ਪਹਿਰਿ ਗਲ ਮੁੰਡ ਰੁੰਡ ਪੀਸ ਪੀਸ ਦਾੜਨ ਭਟ ਮੁਛੈਂ ਫੜਕਾਇ ਕੈ ॥੭੯॥੭੦੯ ॥੧੪੬੩॥ ਭਾਰੇ ਉਤੰਗ ਡੀਲ ਭੀਖਮ ਭਜਾਨ ਕੀਲ ਸ਼੍ਰੋਣਤ ਚੁਚਾਤ ਨਜਨ ਧਾਏ ਮੂਹਬਾਇ ਕੈ ॥ ਕਾਢਿ ਸੁ ਭਜਾਨ ਦੰਤ ਭੂਤਨਿ ਬਿਤਾਲਿ ਕੰਕ ਨਾਚਤਿ ਕਪਾਲਿ ਕਾਲਿ ਤਾਲਨ ਦਿਵਾਇ ਕੈ ॥ ਊਚੇ ਉਤੰਗ ਸ਼੍ਰਿੰਗ ਰਾਖਸ਼ ਗਨ ਦੂਤ ਜਿੰਨ ਉਮਡਿ ਦਲ ਬਿਖਮ ਦੀਹ ਡਉਰੂ ਡਮਕਾਇ ਕੈ ॥ ਗੋਮੁਖ ਕਾਨੜ ਮ੍ਰਿਦੰਗ ਗੁਡਗੁਡ ਦੁੰਦਭਿ ਉਪੰਗ ਤੁਰਹੀ ਸਹਨਾਇ ਝਾਂਝ ਮਾਰੂ ਕੋ ਬਜਾਇ ਕੈ ॥ ੮੦ ॥੭੧੦॥੧੪੬੪॥ਪੜਤਾਲ॥ ਸੂਕਰ ਸਜੰਦ ਪੀਲ ਖੱਚਰ ਰੋਬਾਹ ਚੀਲ ਉਸ਼੍ਟ੍ਰ ਤੁਰੰਗ ਤੇਜ ਸੁਭਟਨ ਧਵਾਇ ਕੈ ॥ ਬਾਨੀ ਬਾਨੈਤ ਬੀਰ ਚਾਤੁਰ ਚਾਲਾਕ ਧੀਰ ਦੈ ਦੈ ਨਿਸਾਨ ਚੋਬ ਕੇਤੁਨ ਫਹਰਾਇ ਕੈ॥ ਸੋਭਿਤ ਤਹ ਮਧ ਨਾਥ ਭੂਤਨ ਦਲ ਬਿਬਿਧ ਸਾਥ ਚਾਲੇ ਸੁਭ ਘਰੀ ਸੋਧਿ ਗਨਪਤਿ ਮਨਾਇ ਕੈ ॥ ਦੱਛਨ ਦਿੱਸ ਸੈਨੀ ਲੀਜੇ ਦਾਹਿਨ ਜਮਰਾਵ ਕਿਜੇ ਬਾਂਧੇ ਬਹੁ ਬਜ਼ੂਹ ਚੁੰਗ ਫੌਜਨ ਬਨਾਇ ਕੈ ॥੮੧॥੭੧੧॥੧੪੬੫॥

ਬਿਸਨੁਪਦ ਮਲ੍ਹਾਰ ਪੜਤਾਲ ਅਥ ਚਤੁਰ ਮੁਖ ਦਲ ਜਾਤ੍ਰਾ ਕਥਨੰ ॥

ਕਰਤਾ ਜਗ ਕਰਨਹਾਰ ਵਿਬੁਧਾਦਿ ਸਨਕੇਯ ਕੁਮਾਰ ਰਿਖਿ ਮੁਨਿ ਸੁਰ ਸੰਤ ਸਭਿ ਬਿਵਾਨਨ ਸੁਹਾਵਤੇ ॥ ਬਾਹਨ ਮਰਾਲ ਚਰੇ ਸੋਭੈ ਮਨਿ ਮਾਲ ਗਰੇ ਕ਼ਲਗ਼ੀ ਸਿਰ ਮੁਕਟ ਸਾਜਿ ਸੰਤਨ ਮਨਾਵਤੇ॥ ਸੈਨਾ ਪਰਿਵਾਰ ਲਿਯੇ ਜੈ ਜੈ ਜੈ ਕਾਰ ਕਿਯੇ ਸਿਮਰਤਿ ਨਿਗਮਾਗਮ ਚੌਰ ਛਤ੍ਰੰ ਢੁਰਾਵਤੇ ॥ ਕ਼ਲਗ਼ੀ ਸਰਪੇਚ ਜਿਗ਼ਾ ਮਾਨਿਕ ਮਨਿ ਲਾਲ ਲਗਾ ਕੁੰਡਲ ਮਨਿ ਮਕਰਾਕਾਰ ਰਤਨਨ ਜੜਾਵਤੇ ॥ ੮੨ ॥ ੭੧੨ ॥ ੧੪੬੬ ॥ ਮੋਤਿਨ ਕੇ ਮੁਕਟ ਮੌਰ ਦੁਰ ਯਕਤਾ ਗਜ ਠੌਰ ਨੌਰ ਜ਼ਮੁਰਦ ਇਲਮਾਸ ਲਾਲ ਰਤਨਨ ਮਨ ਹੀਰੇ ਹੀ ॥ ਮਾਨਿਕ ਮਨਿ ਲਾਲ ਹਾਰ ਜਿਗ਼ਾ ਕ਼ਲਗ਼ੀ ਦਸਤਾਰ ਭੁਜ ਬੰਦ ਭੌਰਾ ਸੀਸ ਫੂਲ ਮਨਿ ਗਨ ਬਿਸੇਖ ਹੀ ॥ ਕ਼ਾਕ਼ਮ ਕਲਧੌਂਤ ਬਿਬਿਧ ਅਤਲਸ ਊਦਾ ਸੁਭੰਤ ਤਾਸ ਬਾਦਲ ਕ੍ਰਿਪਾਸ ਰੰਗ ਰੰਗਨ ਅਸੇਖ ਹੀ ॥ ਆਨਨ ਕੀ ਛਬਿ ਛਾਜਿਤ ਦੁਤਿ ਚੰਦ ਮਯਨ ਲਾਜਿਤ ਮੁਖ ਮੰਡਲ ਪਰ ਜ੍ਵੁਲਤਿ ਛਟਾ ਦਿਨਮਨਿ ਅਲੇਖ ਹੀ ॥੮੩॥੭੧੩॥੧੪੬੭॥ ਧਾਰਿ ਸਾਰੰਗ ਖ਼ਤੰਗ ਰਾਜਿਤ ਭਟ ਸੁਭ ਨਿਖੰਗ ਕਮੰਡਲ ਮ੍ਰਿਨਾਲ ਗਦਾ ਸ੍ਰੀ ਪਤਿ ਧਜਾਵਤੇ ॥ ਦਮਕਤਿ ਮੁਖ ਛਟਾ ਜੋਤਿ ਦਿਨਮਨਿ ਛਬਿ ਸਸਿ ਉਦੋਤਿ ਗੁੰਜਤ ਅਲਿ ਭ੍ਰਿੰਗ ਭ੍ਰਮਰ ਮੋਹਨਿ ਮੁਹਾਵਤੇ ॥ ਚੰਚਲ ਦ੍ਰਿਗ ਕਦਲਿ ਜੰਘ ਆਨਨ ਦੁਤਿ ਸਰਸ ਕੰਜ ਲਾਜਿਤ ਰਤਿਪਤਿ ਅਨੰਗ ਸੁੰਦਰਿ ਸੁਹਾਵਤੇ ॥ ਧੌਂਸਾ ਧੁੰਕਾਰ ਢੋਲ ਮਾਰੂ ਮ੍ਰਿਦੰਗ ਬੋਲ ਬੀਨਾ ਘੰਟਾ ਰਬਾਬ ਸੰਖਨ ਬਜਾਵਤੇ ॥੮੪॥੭੧੪॥੧੪੬੮॥ ਅਸੁ ਗਜ ਰਥ ਦਲ ਬਿਵਾਨ ਪਾਯਕ ਦਲ ਦੀਹ ਠਾਨ ਮੰਗਲ ਕਰ ਹਰਖ ਗਾਨ ਜੈ ਜੈ ਉਚਾਰ ਹੀਂ ॥ ਦੁੰਦਭਿ ਮ੍ਰਿਦੰਗ ਬੀਨ ਮੁਹਵਰ ਬੰਸੀ ਡਫੀਨ ਖੁਰਜੋ ਪਿੰਨਰੂ ਢਤੀਨ

ਨਾਦਨ ਉਘਾਰ ਹੀਂ ॥ ਤੁਰਹੀ ਤੰਬੂਰ ਡੀਨ ਗੋਮੁਖ ਕਰਨਾਇ ਚੀਨ ਮੁਰਲੀ ਮੁਰਜੋ ਉਪੰਗ ਗਗਨ ਸੁਧਾਰ ਹੀਂ ॥ ਬੈਰਕ ਧੁਜ ਕੋਟਿ ਕੋਟਿ ਮਾਤੇ ਗਜ ਮਤ ਲੋਟਿ ਫਹਰਤ ਰੰਗੋ ਬਰੰਗ ਝੂਮਤਿ ਝੁਲਾਰ ਹੀਂ ॥ ੮੫ ॥ ੭੧੫ ॥ ੧੪੬੯ ॥ ਪੰਛੀ ਪਰੀ ਹਯ ਸੁਰੰਗ ਦੁਲਦੁਲ ਕੱਛੀ ਤੁਰੰਗ ਦਰਿਆਈ ਉਚੈਸ੍ਰਵਾ ਹਿੰਸਤ ਹਜ਼ਾਰ ਹੀਂ ॥ ਉਸ਼੍ਟ੍ਰ ਚਾਰੁ ਸ਼ੁਤਰ ਅਪਾਰ ਚਿੰਸਤ ਗੁੰਜਤ ਤੁਖਾਰ ਗਰਜਤ ਗਜ ਮੱਤ ਉਤੰਗ ਸੂਰਨ ਜੈਕਾਰ ਹੀਂ ॥ ਸੈਨਾ ਨਿਜ ਤੀਸ ਪਦਮ ਏਕ ਏਕ ਸੁਭਟ ਬਿਖਮ ਸੂਰੇ ਸਾਵੰਤ ਜੋਧ ਕਰਤਾ ਪਰਿਵਾਰ ਹੀਂ ॥ ਛੂਹਨਿ ਬਜੂਹਨਿ ਅਸੰਖ ਚਕ੍ਰ ਬਜੂਹਨਿ ਬਿਸੰਖ ਬੰਦਲ ਬਾਨੀ ਬਨੈਤ ਗੁੰਜਤ ਗੁੰਜਾਰ ਹੀਂ ॥ ੮੬ ॥ ੭੧੬ ॥ ੧੪੭੦ ॥ ਪੜਤਾਲ ॥ ਧਾਰਿ ਪਟ ਬਿਬਿਧ ਰੰਗ ਹੀਰ ਚੀਰ ਬਿਮਲ ਅੰਗ ਰਤਨਨ ਮਨਿ ਮਾਲ ਸੁਭਗ ਭੂਖਨ ਅਮੋਲ ਹੀਂ ॥ ਦਾਮਨਿ ਛਬਿ ਛਟਾਕਾਰ ਦਮਕਤ ਉਰ ਮੁਕਤ ਹਾਰ ਮਨਿ ਗਨ ਫਨਿ ਨੀਲ ਅਨਿਕ ਧਾਰੇ ਅਤੋਲ ਹੀਂ ॥ ਰਾਜਿਤ ਅਨੰਗ ਛਬਿ ਪੇਖ ਸਸਿ ਛਾਹ ਦਬਿ ਦਿਨਮਨਿ ਸਮਾਨ ਢਬਿ ਜੈ ਜੈ ਬੋਲ ਬੋਲ ਹੀਂ ॥ ਗਾਜਤ ਹਰਖਤ ਉਪੰਗ ਬਾਜਤ ਦੁੰਦਭਿ ਮ੍ਰਿਦੰਗ ਗਾਵਤ ਗੁਨ ਮੰਗਲਚਾਰ ਬਿਲਸਤ ਕਲੋਲ ਹੀਂ ॥ ੮੭ ॥ ੭੧੭ ॥੧੪੭੧॥ ਮਾਤੇ ਰਸ ਅਮਲ ਨਜਨ ਚਾਤੁਰ ਪ੍ਰਿਜ ਮਧੁਰ ਬਯਨ ਸੂਰੇ ਪ੍ਰਧਾਨ ਬਲੀ ਭੁਜ ਬਲਿ ਗਰਬਾਵਤੇ ॥ ਠੋਕਤ ਭੁਜਦੰਡ ਬਲੀ ਅੱਗ੍ਰ ਮੱਲ ਅਦਾ ਭਲੀ ਸਾਜੇ ਸਿਲਾਹ ਖ਼ੁਦ ਨਾਚੁਖ਼ ਝ੍ਰੂਮਾਵਤੇ॥ ਬਾਂਕੁਰੇ ਸਿਲਾਹ ਬੰਦ ਰਾਜਿ ਮੁਖ਼ ਕੰਜ ਚੰਦ ਐਂਠੇ ਹਠ ਹਠੀ ਬੀਰ ਨਯਨਨ ਨਚਾਵਤੇ ॥ ਕਾਮਿਲ ਦੁਤਿ ਸਕਲ ਅੰਗ ਸੁਭਿਤ ਰੰਗ ਜਿਸ ਅਨੰਗ ਸਾਜਿ ਦਲ ਜੁੱਥ ਜੁੱਥ ਨਿਜ ਨਿਜ ਸੁਹਾਵਤੇ ॥੮੮॥੭੧੮॥੧੪੭੨॥ ਪੜਤਾਲ ॥ ਦਾਹਨਿ ਦਿਸ ਸ਼ਿਵ ਮਹਾਨ ਬ੍ਰਹਮਾ ਜਗਪਤਿ ਵਿਮਾਨ

Scanned by CamScanner

ਭੂਤਨ ਵਿਬੁਧਾਦਿ ਸੈਨ ਨਿਜ ਨਿਜ ਆਉ ਆਵਤੇ ॥ ਦੁੰਦਭਿ ਧੌਂਸਾ ਅਪਾਰੁ ਬਾਜਤ ਧੁਨਿ ਘੰਟ ਚਾਰੁ ਉਘਟਤ ਤਹ ਰਾਗ ਨਾਦ ਜੈ ਜੈ ਬੁਲਾਵਤੇ ॥ ਘਹਿਰਤ ਨਿਸ਼ਾਨ ਦੀਹ ਫਹਰਤ ਧੁੱਜ ਜੁੱਥ ਥੀਹ ਸੁਰਮੁਨਿ ਵਿਮਾਨ ਛਜਿਤਿ ਮੰਗਲ ਪਦ ਗਾਵਤੇ ॥ ਚਾਲੇ ਸੁਭ ਘਰੀ ਸੋਧਿ ਮੰਗ਼ਲ ਉਤਸ਼ਵ ਬਿਨੋਦ ਧਾਰਿ ਰਿਦ ਚਰਨ ਕੰਜ ਗਨਪਤਿ ਮਨਾਵਤੇ ॥ ੮੯ ॥ ੭੧੯ ॥ ੧੪੭੩ ॥ ਬਾਮ ਦਿਸ ਬਰੁਨ ਜੱਛ ਕਿੰਨਰ ਕੌਬੇਰੁ ਸ੍ਰਛ ਭਿੰਨਰੁ ਜਮ ਪਿਤ੍ਰ ਰਾਜ ਕਾਲੋ ਕਿਲਕਾਰ ਹੀਂ ॥ ਦੈਤਨ ਦਲ ਜੁੱਥ ਜੁੱਥ ਜਮਗਨ ਸੈਨਾ ਬਿਰੂਥ ਕਿੰਨਰ ਬਹੁ ਨਾਦ ਦੇਤ ਡੀਲਨ ਬਿਸਤਾਰ ਹੀਂ ॥ ਕਿੰਨਰ ਦੱਛ ਜੱਛ ਕੁਮੇਰ ਭਾਰੇ ਤਨ ਸ੍ਰਿੰਗ ਮੇਰੁ ਸਹਿਥੀ ਤ੍ਰਿਸੂਲ ਪਾਸ ਪੈਨੀ ਸਿਕਾਲ ਹੀਂ ॥ ਭੀਖਨ ਤਨ ਘੋਰ ਬਕ੍ਰ ਦਾਨੋ ਜਮ ਜੱਛ ਪੱਛਰ ਕਾਢਿ ਯਮ ਦਾਂਤ ਦੀਹ ਮਹਿਖੀ ਚਿਕਾਰ ਹੀਂ ॥ ੯੦ ॥ ੭੨੦ ॥ ੧੪੭੪ ॥ ਗ਼ੂਲਨ ਦਸ ਬਿਬਿਧ ਸੰਗ ਭੀਖਮ ਭੈਰਵ ਮਲੰਗ ਕਾਢਿ ਬਿਕਰਾਲ ਦਾੜ ਆਨਨ ਅਨੇਕ ਹੀਂ ॥ ਮਾਤੇ ਬਿਖ ਸ੍ਰੌਨ ਨਜਨ ਭੀਖਮ ਭਯਾਨ ਬਯਨ ਹਾਹਾ ਹੂਹੂ ਕਰਾਲ ਡਾਕ਼ਓ ਬਿਸੇਖ ਹੀਂ ॥ ਧਾਰੇ ਕਰ ਚਕ੍ਰ ਸੇਲ ਗੋਫ਼ਨ ਪਾਸੀ ਗੁਲੇਲ ਮੁਦਗਰ ਕਮੰਦ ਸੂਲ ਬੱਲਮ ਅਸੇਖ ਹੀਂ ॥ ਬਾਂਧਿ ਕਟਿ ਤੂਨ ਬੀਰ ਧਨੁਹੀ ਪੱਛੀ ਪਰੀਰ ਦੰਡਕ ਲਸ੍ਰਿਕ ਤੁਫੰਗ ਕੂ ਧਰ ਅਲੇਖ ਹੀਂ ॥ ੯੧ ॥ ੭੨੧ ॥ ੧੪੭੫ ॥ ਪੜਤਾਲ ॥ ਬਾਜਤ ਡਵਰੂ ਦਮਾਮ ਗੁਡਗੁਡਿ ਧੌਂਸਾ ਧਮਾਮ ਗੋਮੁਖ ਕਰਨਾਇ ਨਾਯ ਡੁਗਡਗੀ ਧਮਕਾਵ ਹੀਂ ॥ ਖ਼ੰਜਰਿ ਡੱਫ ਢੱਢ ਢੋਲ ਮਾਰੂ ਢਕ ਫੀਲ ਢੋਲ ਕਾਨੜ ਡੰਕਾ ਡਾਮਰੁ ਸਿੰਗੀ ਗਨਵਾਵ ਹੀਂ ॥ ਥੂਲਿ ਨਖ ਜਟਾਧਾਰਿ ਮੁੰਡੇ ਕਲ ਘੋਰਦਾੜ ਜਮਗਨ ਕਿੰਨਰ ਮਲੇਛ ਫੁੰਕਤ ਭਭਾਵ ਹੀਂ ॥ ਰਾਕਸ ਭੀਖਮ ਕਰਾਲ ਸੈਨਾ ਸਮ ਜੱਛ ਕਾਲ ਪੀਏ ਮਦ ਘੋਰ ਘੋਰ ਦਾਂਤਨ ਠਹਿਕਾਵ ਹੀਂ

Scanned by CamScanner

ਕੁਪੇ ਸੰਘਰ ਛੋਭ ਹੀਂ ॥ ਬਿਬੇਕ ਜੁਤ ਸੁਰਗਨ ਹਕਾਰਤਿ ਧਨੁ ਟੰਕਾਰਤਿ ਖੋਭ ਹੀਂ ॥੩॥੬੦੭॥ ੧੧੩੯॥੩੪੫੮॥ ਸੰਖ ਬੀਨ ਮ੍ਰਿਦੰਗ ਦੁੰਦਭਿ ਭੇਰਿ ਗੋਮੁਖ ਬੱਜ ਹੀਂ ॥ ਨਾਨਾ ਬਾਦਿਤ੍ਰਨ ਰਾਗ ਰਾਗਨਿ ਉਠਤਿ ਧੁਨਿ ਗੁਨਿ ਸੱਜ ਹੀਂ ॥ ਬੈਰਕ ਪਤਾਕਨ ਗਗਨ ਛਾਯੋ ਦੁਤਿ ਨਿਰਖ ਬਾਹਨ ਲੱਜ ਹੀਂ ॥ ਹਾਥੀ ਡਕਾਰਤਿ ਹਯ ਹਿੰਸਾਰਤਿ ਨਾਦ ਭੀਖਨ ਗੱਜ ਹੀਂ ॥੪॥੬੦੮॥੧੧੪੦॥੩੪੫੯॥ ਸੁਨਿ ਸੱਦ ਮਾਰੂ ਗਾਨ ਸੰਘਰ ਨਿਸਰ ਆਏ ਭਟ ਜਿਤੇ ॥ ਬਿਬੇਕ ਭਟ ਦਲੁ ਨਿਸਰ ਆਏ ਸੰਗ੍ਰਾਮ ਹਿਤੁ ਸੂਰਾ ਤਿਤੇ ॥ ਤਿਨ ਕੇ ਸੁਨਹੁ ਤੁਮ ਨਾਮ ਸੰਤਹੁ ਲੀਨੁ ਆਗਯਾ ਰਿਪੁ ਇਤੇ ॥ ਪ੍ਰਧਾਨ ਸੇ ਨਾਨੀ ਹਰਾਵਲ ਅਗ੍ਰਨੀਯ ਜੋ ਧਾਰਤੇ ॥੫॥੬੦੯॥੧੧੪੧॥੩੪੬੦॥ ਪੰਚਕ ੧॥ ਅਥ ਨਾਮ ਬਿਬੇਕ ਸੁਭਟਨ ਉਪ ਮੰਤ੍ਰਿਯਨ ਕਬਤੇ ਤ੍ਵ ਪ੍ਰਸਾਦਿ ॥ ਬਿਸਨੁਪਦ ਪੁੰਨਜਾਕੀ ਸਮਰ ਗੀਤਾ ਛੰਦ ॥ ਬਿਦਜਾ ਛਮਾ ਸੁਭ ਲਛਣ ਨਯਾਯ ਸਾਂਖ ਬੇਦਾਂ ਮਹਾਭਾਰਤ ਸੁਨੋ ॥ ਮੀਮਾਸਾ ਭਾਸਕਰ ਆਗਮ ਸੁਧਾਚਾਰ ਧਰਮ ਉਪੇਛਜਾ ਏ ਗਨੋ ॥ ਦ੍ਵਾਦਸ ਭਟ ਪ੍ਰਧਾਨ ਜੋਧਨ ਲੇ ਖੜਗ ਤੋਮਰ ਸਰ ਘਨੋ ॥ ਕਟਿ ਕਸ ਨਿਖੰਗਨਿ ਭਟ ਭੁਜੰਗਨਿ ਚੜ ਤੁਰੰਗਨਿ ਲੈ ਧਨੋ ॥੭॥੬੧੦॥੧੧੪੨॥੩੪੬੧॥ ਸਿਰ ਢੁਰਤਿ ਚਾਮਰ ਛਤ੍ਰ ਰਤਨਨ ਬਸਨ ਭੂਸਨ ਮਨਿ ਜੜੇ ॥ ਸੁਭ ਕ੍ਰੀਟ ਕੁੰਡਲ ਮੋਤਿ ਹਾਰਨ ਮੁਖ ਇੰਦੁ ਛਾਜਤਿ ਰਨ ਚੜੇ ॥ ਪਿਖ ਹੂਰ ਲੋਭੀ ਚਿੱਤ ਛੋਭੀ ਸਿੱਧ ਚਾਰਨ ਪਥ ਖੜੈ ॥ ਸ੍ਰਸਤੈਨ ਟੇਰਤਿ ਦੇਵ ਰਿਸਿ ਪਦ ਬਿਜਯ ਉਚਰਤਿ ਸ੍ਰੁਤਿ ਪੜੈ ॥੨॥੬੧੧॥੧੧੪੩॥੩੪੬੨॥ ਸੁਧਾਚਾਰ ਪਾਖੰਡ ਜੁੱਟੇ ਮੀਮਾਸਾ ਨਜਾਯ ਨਾਸਤਕ ਤਰਕ ਸੰਗ ॥ ਇਹ ਭਾਂਤਿ ਇਕ ਅਰੁ ਦ੍ਵੈ ਜੁਟੇ ਰਨ ਸ਼ਸਤ੍ਰ ਤਾਨਤਿ ਹਨਤਿ ਜੰਗ ॥ ਬਿਸਖ ਡਾਰਤਿ ਬਹੁਤ ਭਾਂਤਿਨ ਖੜਗ ਬਾਹਤਿ ਕਰ ਨਿਖੰਗ ॥ ਸਹਿਥੀ

Scanned by CamScanner

ਚਲਾਵਤਿ ਬੀਰ ਘਾਵਤਿ ਸਮਰ ਤਾਵਤਿ ਰੇਲ ਖਿੰਗ ॥੩॥੬੧੨॥੧੧੪੪॥੩੪੬੩॥ ਮਚਜੋ ਘੋਰ ਸੰਗ੍ਰਾਮ ਦਾਰੁਨ ਦੀਹ ਸੰਘਰ ਮੰਡ ਹੀਂ ॥ ਦਿਸਾ ਪੁੰਖਨ ਪੁੰਖ ਛਾਯੋ ਰੁਕਜੋ ਬਾਯੁ ਸਰ ਛੰਡ ਹੀਂ ॥ ਬਜਤਿ ਸੰਖਨੁ ਘੰਟ ਘੁੰਘਰੁ ਕੋਸ ਧੌਂਸ ਉਮੰਡ ਹੀਂ ॥ ਘਨ ਲਜਤਿ ਸਾਵਨ ਨਾਦ ਸੁਨਿ ਦਲ ਘਟਾ ਘੋਰ ਘਮੰਡ ਹੀਂ ॥੪॥੬੧੩॥੧੧੪੫॥੩੪੬੪॥ ਜੁਟੇ ਅਸੁਰ ਅਰੁ ਬਿੰਸ ਭਟ ਚਹੁੰ ਦਿਸ ਦੁਬਹੀਆ ਚਾਵਲੇ ॥ ਭਲ ਸ਼ਸਤ੍ਰ ਬਾਹਤਿ ਭਟਨ ਗਾਹਤਿ ਪ੍ਰਨ ਨਿਬਾਹਤਿ ਰਾਵਲੇ ॥ ਬਿਬੇਕ ਸੁਭਨ ਅਬਿਬੇਕ ਯੋਧਨ ਭਿਰੇ ਸਮਰ ਉਤਾਵਲੇ ॥ ਸਹਿਥਿਨ ਬਿਧੇ ਬਹੁ ਬੀਰ ਸੋਭਿਤ ਮਨੁ ਡਾਰਿ ਪੋਏ ਆਵਲੇ ॥੫॥੬੧੪॥ ੧੧੪੬॥੩੪੬੫॥ ਰੈਨ ਦਿਵਸ ਸੰਗ੍ਰਾਮ ਕੀਨ੍ਹੋ ਸੁਭਟ ਦੁਹੁੰ ਦਲ ਮਿਲ ਸਭੀ॥ ਗਜਿ ਗਜੀ ਭਟ ਅਸਿ ਅਸੀ ਭਟ ਰਥਿ ਰਥੀ ਪੈਦਲ ਪਦੀ ॥ ਬਿਵਾਨ ਬਿਵਾਨੀ ਲੜਤਿ ਝੁਰਮਟ ਭਿਰਿ ਬਿਹੰਗੀ ਸੰਗਿ ਖਗੀ ॥ ਯਾਂ ਭਾਂਤਿ ਕੋ ਤਹ ਜੁੱਧ ਮੰਡਜੋ ਧਨਜ ਧਨਜ ਭਾਖਤਿ ਬੁਧਿ ਕਵੀ ॥੬॥੬੧੫॥ ੧੧੪੭॥੩੪੬੬॥ ਭੇ ਪ੍ਰਬਲ ਭਟ ਸਰਬਲੋਹ ਭਗਵਨ ਹਾਰ ਭੀ ਅਬਿਬੇਕ ਕੀ॥ ਖੋੜਸ ਸੁਭਟ ਰਨ ਜੂਝਗੇ ਜੇ ਬਿਸ੍ਵਘਾਤਿ ਬਿਸੇਖ ਹੀ ॥ ਰਣ ਬਿਜਯ ਭਈ ਦ੍ਵਾਦਸਿ ਭਟਨ ਨਭ ਬਜਤਿ ਦੁੰਦਭਿ ਅਭਿਖੇਕ ਕੀ ॥ ਸੁਰ ਸੁਮਨ ਡਾਰਤਿ ਮਨਿਨ ਵਾਰਤਿ ਜਯ ਜੀਤ ਨ੍ਰਿਪ ਬਿਬੇਕ ਕੀ ॥੭॥੬੧੬॥੧੧੪੮॥੩੪੬੭॥ ਸਪਤਕ ੧॥ ਬਿਸਨੁਪਦ ਪੁੰਨਜਾਕੀ ਕੇ ਸਮਰ ਗੀਤਾ ਝੂਝਨ ਛੰਦ ਬਖ਼ਸ਼ਸ਼ ਹਜ਼ੂਰ ਗੁੰਗ ਕਥਤੇ ਤ੍ਵ ਪ੍ਰਤਾਪ ॥ ਕਾਮ ਆਦਿਕ ਜਿਤੇ ਜੋਧਾ ਭਏ ਮੁਰਛਿਤ ਨੇਮ ਕਰ ॥ ਤੇ ਹੋਤੁ ਭੇ ਸਾਵਧਾਨ ਸਭੁ ਹੀ ਪੁਨ ਜੁਟੇ ਸੰਘਰ ਨੇਮ ਕਰ ॥ ਸਮਰਛਿਤ ਮਹਿ ਭੇ ਪ੍ਰਾਪਤ ਸਜੰਦ ਨਿਜ ਨਿਜ ਪੇਲ ਕਰ ॥ ਸਨਮੁਖ ਭਏ ਧਨੁ ਤਾਨ ਫੁਨ ਸਮ ਦਮ ਲਲਕਾਰਤਿ ਰੇਲ ਕਰ

Scanned by CamScanner

॥੧॥੬੧੭॥ ੧੧੪੯॥੩੪੬੮॥ ਸੰਗ੍ਰਾਮ ਗੀਤਾ ਝੂਝਨ ਛੰਦ ਬਖ਼ਸ਼ਸ਼ ਹਜ਼ੂਰ ਸ੍ਰੀ ਸੁਖ ਸਾਗਰ ਗ੍ਰੰਥ ਕਥਤੇ ॥ ਬਜਤਿ ਤਾਲ ਤੰਬੂਰ ਮੁਹਵਰ ਮੁਰਜ ਝਾਂਝਰ ਗੋਮੁਖੀ ॥ ਮੰਦਲ ਪਖ਼ਾਵਜ ਬੇਨੁ ਬੰਸੀ ਪਟਹ ਆਨਕ ਦੋ ਰੁਖੀ ॥ ਕਾਨੜਾ ਦਮਾਮਨਿ ਭੇਰਿ ਦੁੰਦਭਿ ਝਾਲ ਡੁਗਡੁਗਿ ਗੁੰਡ ਭੀ ॥ ਬਹੁ ਭਾਂਤਿ ਨਾਦਨ ਬਜਤਿ ਮਾਰੂ ਸਦ ਦਾਰੁਨ ਸੁੰਦ ਭੀ ॥੨॥੬੧੮॥੧੧੫੦॥੩੪੬੯॥ ਉਠਤਿ ਤਾਨਨ ਰਾਗ ਰਾਗਨਿ ਮਧੁਰ ਧੁਨਿ ਗੁਨਿ ਜਨ ਭਨੇ ॥ ਤਾਲ ਤਾਨ ਪ੍ਰਮਾਨ ਗਾਵਤਿ ਬਿਬਿਧ ਰਾਗਨ ਕੋ ਗਨੇ ॥ ਜਹਿੰ ਸੁਨਤਿ ਬਢਤਿ ਬਹੁ ਚਾਵ ਚਾਈ ਉਮਗ ਕਰ ਆਨਦ ਘਨੇ ॥ ਅਗੁਆਇ ਡਾਰਤਿ ਸ਼ਸਤ੍ਰ ਅਸਤ੍ਰਨ ਪ੍ਰਚਾਰ ਘਾਵਤਿ ਭਟ ਰਨੇ ॥੩॥੬੧੯॥੧੧੫੧॥੩੪੭੦॥ ਦਲ ਦੁਰਦ ਪੇਲਤਿ ਦੁਰਦ ਦਲ ਦਲ ਅਸ੍ਵ ਅਸ੍ਵਨ ਫੰਧਾਜ ਕੈ ॥ ਦਲ ਸਯੰਦ ਸਯੰਦਨ ਧਵਾਜ ਨਿਜ ਨਿਜ ਕਰਤੁ ਆਹਵ ਚਾਜ ਕੈ ॥ ਪੁਨ ਦਲਪਤੀ ਦਲਪਤਿਨ ਹਾਂਕਤਿ ਬਾਨ ਡਾਰਤਿ ਧਾਜ ਕੈ ॥ ਦੋ ਦਲ ਭਿਰੇ ਪ੍ਰਚਾਰ ਯਕ ਯਕ ਦ੍ਵੰਦ ਯੁਧ ਮਚਾਜ ਕੈ ॥੪॥੬੨੦॥੧੧੫੨॥੩੪੭੧॥ ਕਾਮ ਆਦਿਕ ਭਟ ਜਿਤੇ ਅਬਿਬੇਕ ਮੰਡਜੋ ਘੋਰ ਹੇ ॥ ਬਹੁ ਸੈਨ ਨ੍ਰਿਪਤਿ ਬਿਬੇਕ ਕੀ ਕੂਟੀ ਘਨੀ ਚਵ ਓਰ ਹੇ ॥ ਖੜ ਅੰਗਨੀ ਦਲ ਕਟੀ ਬਹੁ ਬਿਧਿ ਸ੍ਰੋਨ ਕੋ ਨਦ ਜੋਰ ਹੇ ॥ ਤਹਿੰ ਨਚਤਿ ਪ੍ਰੇਤ ਮਸਾਨ ਕੰਕਨਿ ਗ੍ਰਿਝ ਚਾਵੰਡ ਸੋਰ ਹੇ ॥੫॥੬੨੧॥ ੧੧੫੩॥੩੪੭੨॥ ਜੁੱਗਨੀ ਭੈਰਵਿ ਕਪਾਲਿਕ ਡੀਅਰ ਬੈਤਾਲੀ ਨਚੇ ॥ ਰੁਧਿਰ ਕੀਚਨ ਈਸ ਨਾਚਤਿ ਪਤ੍ਰ ਭਰਿ ਜੁੱਗਨਿ ਅਚੇ ॥ ਉਠਤਿ ਅੱਧ ਕਬੰਧ ਦਾਰੁਨ ਖੱਗ ਲੈ ਆਹਵ ਮਚ ॥ ਬਹੁ ਸੈਨ ਨ੍ਰਿਪਤਿ ਬਿਬੇਕ ਕੀ ਹਤ ਲੀਨ ਨਿਸਚਰ ਦਲਪਚੇ ॥੬॥੬੨੨॥੧੧੫੪॥੩੪੭੩॥ ਬਹੁ ਲੁੱਥ ਜੁੱਥ ਅੰਬਾਰ ਲਾਗਜੋ ਹੇਮਗਿਰ ਸਮ ਉੱਚ ਹੇ ॥ ਸ੍ਵਰਗ ਕੋ ਪਥ ਬਨਜੋ ਮਾਨਹੁ ਭਟ ਜਾਤਿ

Scanned by CamScanner

ਸੁਰਪੁਰਿ ਰੁੱਚਿ ਹੇ ॥ ਭੁਜਾ ਤੁੰਡ ਰੁ ਮੁੰਡ ਪਾਦਨ ਜੰਘ ਮਹਿ ਪਰਿ ਤੁੱਚ ਹੇ ॥ ਅਗਮਜ ਭੂਮਿ ਮਸਾਨ ਕੋ ਰੋਮਾਂਚ ਸੁਖ ਤਹ ਮੁੱਚ ਹੇ ॥੭॥੬੨੩॥੧੧੫੫॥੩੪੭੪॥ ਭੇ ਪ੍ਰਬਲ ਭਟ ਅਸੁਰ ਦਲ ਬਿਬੇਕ ਅਬਿਬੇਕ ਕੁਪੇ ਕੋਹ ਕੈ ॥ ਸਮ ਦਮ ਯਮੰ ਆਚਾਰ ਕਹ ਤਿਨ ਦਈ ਆਗਜਾ ਛੋਹ ਕੈ ॥ ਰਿਪੁ ਪ੍ਰਬਲ ਭੌ ਕਿਹ ਨ੍ਰਿਖਤਿ ਠਾਢ ਅਸ ਕਹਜੋ ਨ੍ਰਿਪਬਰ ਰੋਹ ਕੈ ॥ ਤਿਹ ਪਠੇ ਸੰਘਰ ਕਰਣ ਤਾ ਸੰਗਿ ਸੋ ਕਥਤਿ ਕਵ੍ਵਿੱਤਨ ਜੋਹ ਕੈ ॥੮॥੬੨੪॥੧੧੫੬॥੩੪੭੫॥ ਕਬਿ ਬਾਚ ॥ ਕਾਮ ਸੰਗ ਯਤਿ ਬ੍ਰਹਮ ਚਾਰਜੁ ਅਰੁ ਬਸਤੁ ਬਿਚਾਰ ਜੁੱਟੇ ਸਮਰ ॥ ਕ੍ਰੋਧ ਸੰਗਮ ਛਿਮਾ ਸੀਲ ਜੁੱਟੇ ਹੋਤੁ ਆਹਵ ਪਰਸ ਪਰ ॥ ਲੋਭੁ ਸੰਗਿ ਸੰਤੋਖ ਧੀਰਜ ਜੁਟੇ ਸੰਘਰ ਧਨੁਖ ਸਰ ॥ ਇਨ ਕੋ ਸਨਾਤਨਿ ਵੈਰ ਜੁਗ ਜੁਗ ਬਿਦਿਤ ਸ੍ਰੁਤਿ ਸ਼ਾਸਤ੍ਰਨ ਪ੍ਰਚੁਰ ॥੯॥੬੨੫॥ ੧੧੫੭॥੩੪੭੬॥ ਬਾਨ ਯੁੱਧ ਜੁੱਟੇ ਦੁਬਹੀਆ ਘੋਰ ਆਹਵ ਮਦ ਭਰੇ ॥ ਕਰਤਿ ਮਾਰ ਅਪਾਰ ਜੋਧਨ ਪ੍ਰਚੰਡ ਬਲ ਬਿਕ੍ਰਮ ਕਰੇ ॥ ਧੁਕ ਧੁਕ ਉਠਤਿ ਕਬੰਧ ਦੁਹੁੰ ਦਿਸ ਪ੍ਰੇਤ ਡਾਕਤਿ ਚੀਤਰੇ ॥ ਰੁਦ੍ਰ ਨਾਰਦ ਨਚਤਿ ਕਾਲੀ ਲੈ ਧਾਈ ਜੁੱਗਨਿ ਖਪਰੇ ॥੧੦॥੬੨੬॥ ੧੧੫੮॥੩੪੭੭॥ ਲੋਮ ਹਰਸਨ ਸੰਗ੍ਰਾਮ ਮੰਡਜੋ ਅਸਝ ਦਾਰੁਨ ਜੰਗ ਹੇ ॥ ਗਏ ਪਿਲਚ ਫੰਧਾਇ ਤੁਰਗਨ ਲਰਤਿ ਝੁਰਮਟ ਤੰਗ ਹੇ ॥ ਚਟਪਟ ਚਟਾਚਟ ਬਾਨ ਬਾਨਨ ਸਨਾਸਨ ਖਦੰਗ ਹੇ ॥ ਪਟ ਭੀਜ ਗੇ ਦੁਹੁੰ ਦਿਸ ਜੁਝਾਰਨ ਸ੍ਰੋਨ ਚਾਚਰ ਰੰਗ ਹੇ ॥੧੧॥੬੨੭॥ ੧੧੫੯॥੩੪੭੮॥ ਹਤੇ ਮੰਤ੍ਰੀ ਅਬਿਬੇਕ ਕੇ ਪ੍ਰਧਾਨ ਸੇਨਾਨੀ ਬਿਬੇਕ ॥ ਕਾਮਾਦਿ ਦੁਰਜਯ ਹਤੇ ਸੰਘਰ ਹਤੇ ਨਿਸਚਰ ਰਣ ਅਨੇਕ ॥ ਨਭ ਮਧ ਬਾਜਨ੍ ਬਜਤਿ ਬਹੁ ਬਿੱਧ੍ਰ ਪੁਸਪ ਡਾਰਤਿ ਸੁਰ ਬਿਸੇਖ ॥ ਬ੍ਰਹਮ ਰਿਸਿ ਅਰੁ ਦੇਵ ਰਿਸ਼ਿ ਜਯ ਜਯ ਉਚਾਰਤਿ ਦੈ ਅਸੇਖ ॥੧੨॥੬੨੮॥

Scanned by CamScanner

੧੧੬੦॥੩੪੭੯॥ ਦੇਵਾਂਗਨਾ ਅਪੱਛਰਾਂ ਕਿੰਨਰੀ ਗੰਧ੍ਰਬੀ ਸਕਤੀਨ ਸਰਬ ॥ ਸੁਰ ਨਾਰਿ ਜੱਛਿ ਬਰੰਗ ਨਾਗਨਿ ਇਤਜਾਦਿ ਕਾਮਨਿ ਨ੍ਰਿਖਤਿ ਪਰਬ ॥ ਬਿਜਯ ਛੰਦਨ ਪ੍ਰਭੂ ਗਾਵਤਿ ਸ੍ਰਸਤੈਨ ਉਚਰਤਿ ਅਰਬ ਖ਼ਰਬ ॥ ਪੁੰਨਜਾਨ ਪੁੰਨਜਾਨ ਮੁਨਿ ਵਰ ਪੁਨ ਪੁਨ ਉਚਾਰਤਿ ਵਾਰ ਦਰਬ ॥੧੩॥ ੬੨੯॥੧੧੬੧॥੩੪੮੦॥ ਤ੍ਰਿਦਸਕ ੧॥ ਬਿਸਨੁਪਦ ਪੁੰਨਜਾਕੀ ਕਬਿਬਾਚ ਬਖ਼ਸ਼ਸ਼ ਧੁਰ ਕੀ ॥ ਭਈ ਬਧਾਈ ਕਟਕ ਮਝਾਰਾ ॥ ਜੁੱਝੇ ਕਾਮ ਕ੍ਰੋਧ ਬਰਜਾਰਾ ॥ ਜਾਂ ਕੇ ਭਜ ਅਰੁ ਬੇਗ ਕਰਿ ਸਾਰਾ॥ ਬਿਸ੍ਵ ਤ੍ਰਸਿਤ ਅਰੁ ਬਿਮੁਖ ਕਰਤਾਰਾ ॥੧॥੬੩੦॥ ੧੧੬੨॥੩੪੮੧॥ ਇਨ ਪੰਚਨ ਸਭੁ ਹੀ ਜਗ ਠਾਗਜੋ ॥ ਬਡੇ ਬਡੇ ਬਿਰਕਤਨ ਗਾਢਜੋ ॥ ਕੋਊ ਨ ਤਾਂ ਸੋਂ ਆਪ ਉਬਾਰਜੋ ॥ ਇਨ ਪੰਚਨ ਸਭ ਜਗਤ ਬਿਗਾਰਜੋ ॥੨॥੬੩੧॥੧੧੬੩॥੩੪੮੨॥ ਤੇ ਭਟ ਦੁਰਜੈ ਅਜੈ ਰਣ ਜੂਝਜੋ ॥ ਤਿਨ ਕੇ ਜੁਝਤਿ ਸਭੀ ਭਟ ਲੂਝਜੋ ॥ ਸ੍ਰੀ ਸਰਬਲੋਹ ਪ੍ਰਤਾਪ ਏ ਜੂਝਜੋ ॥ ਪਾਪਾਚਾਰਿ ਅਸੁਰੁ ਰਣ ਬੂਝਜੋ ॥੩॥੬੩੨॥੧੧੬੪॥੩੪੮੩॥ ਹਾਹਾਕਾਰ ਅਬਿਬੇਕ ਦਲ ਭਾਰੀ ॥ ਰੋਵਤਿ ਭੀ ਸਬਹਨੁ ਕੀ ਨਾਰੀ॥ ਰੌਰ ਪਰਜੋ ਅਰਿ ਦਲ ਅਤਿ ਭਾਰੀ ॥ ਬੀਰਜ ਨਾਦ ਜੁਤ ਭਟ ਸਭੁ ਝਾਰੀ ॥੬॥੬੩੩॥ ੧੧੬੫॥੩੪੮੪॥ ਜਿਮ ਅਬਿਬੇਕ ਬਿਬੇਕ ਪ੍ਰਸੰਗਾ ॥ ਨਿਜ ਨਿਜ ਦਲ ਲੈ ਕਰਿ ਹੈਂ ਜੰਗਾ ॥ ਜਾ ਪ੍ਰਕਾਰ ਜੁਝੇ ਰਣ ਪੰਗਾ ॥ ਅਬਿਬੇਕ ਨਿਧਨ ਬੀਰਜਨਾਦ ਕੁਰੰਗਾ ॥੫॥੬੩੪॥ ੧੧੬੬॥੩੪੮੫॥ ਸੁਨਹੁ ਸੰਤ ਦੁਹੁੰ ਸਮਰ ਨਿਦਾਨਾ ॥ ਯਾ ਬਿਧ ਬੀਰਜਨਾਦ ਅਬਿਬੇਕ ਜੁਝਾਨਾ ॥ ਦਾਰੁਨ ਸਮਰ ਮੰਡਿਜੋ ਅਪ੍ਰਮਾਨਾ ॥ ਹਰਿ ਪਦ ਰਿਦ ਧਰਿ ਸ੍ਵਰਗ ਸਿਧਾਨਾ ॥੬॥੬੩੫॥੧੧੬੭॥੩੪੮੬॥ ਜੇ ਜੇ ਭਟ ਬਿਬੇਕ ਸੰਗਿ ਆਏ ॥ ਤਾਂ ਕੇ ਨਾਮ ਸੰਛੇਪ ਸੁਨਾਏ ॥ ਯਾ ਪ੍ਰਕਾਰ ਭਟ ਅਬਿਬੇਕ ਸੁਹਾਏ ॥

Scanned by CamScanner

ਵਾ ਭਟ ਨਾਮ ਸੰਛੇਪ ਗਨਾਏ ॥੭॥੬੩੬॥੧੧੬੮॥੩੪੮੭॥ ਕਥਾ ਬ੍ਰਿਧ ਕੇ ਭਜ ਕਰਿ ਸਾਧੋ ॥ ਅਤਿ ਸੰਛੇਪ ਬਰਨਜੋ ਆਗਾਧੋ ॥ ਸੁਕ੍ਰਾ ਭਾਸਜ ਬਿਸੇ ਬਿਸਤ੍ਰਾਧੋ ॥ ਸਰਸ੍ਵਤਿ ਭਾਸਜ ਕਥਜੋ ਹੇ ਮਾਧੋ ॥੧॥ ਸ੍ਰੀ ਮੰਗਲਾਚਰਨ ਨਾਮ ਸੰਤਨ ॥ ਸਰਸਤਿ ਭਾਸ ਕਹਜੋ ਮਥ ਗ੍ਰੰਥਨ ॥ ਯਾਂ ਕੇ ਦਰਸ ਪਰਸ ਬਡ ਪ੍ਰੰਨਨ ॥ ਪਠਤਿ ਸੁਨਤਿ ਦੋਊ ਪਾਵਨ ਸੱਜਨ ॥੧॥ਰਹਾਉ॥ ੮॥੬੩੭॥ ੧੧੬੯॥੩੪੮੮॥ਅਸ੍ਰੂਕ ੧॥ ਬਿਸਨੁਪਦ ਪ੍ਰੰਨਜਾਕੀ ਖਸ਼੍ਰ ਰਾਗ ਕਬਿਬਾਚ ਤ੍ਵ ਪ੍ਰਸਾਦਿ ॥ ਬੀਰਜਨਾਦ ਬਿਹਾਲ ਭਯੋ ਤਹਿ ਔਸਰੁ ਪੇਖ ਦਸਾ ਨਿਜ ਸੈਨਨ ਕੀ ॥ ਅਬਿਬੇਕ ਸਖਾ ਸਭਿ ਜੂਝ ਗਏ ਕਰ ਮੀਜਤੁ ਸੋਕ ਅਚੈਨਨ ਕੀ ॥ ਸੁਬਸਾਤੁ ਨਹੀ ਕਛੁ ਸ੍ਰੀ ਪਤਿ ਸੋਂ ਸਭਿ ਸੋਚਤਿ ਬੀਤਤਿ ਰੈਨ ਨਹੀ ॥ ਸੁਹਿਰਦ ਸਖਾ ਸਭਿ ਜੂਝ ਗਏ ਅਸ੍ਰੂ ਧਾਰ ਸ੍ਰਵਤਿ ਤਿਸ ਨੈਨਨ ਹੀ ॥੧॥੬੩੮॥ ੧੧੭੦॥ ੩੪੮੯॥ ਤ੍ਵ ਬਲਿ ਦਾਤ ਹਜ਼ੂਰ ॥ ਦਈ ਆਗਜਾ ਸੈਨ ਸੁਹਿਰਦਨ ਕਹੁ ਅਬਿਬੇਕ ਕਹਜੋ ਬੁਲਾਇ ਨਿਜ ਮਰਮਨ ॥ ਹਉਹੂੰ ਚਢਤਿ ਅਰੁ ਤੁਮਹੂੰ ਚਢਹੁ ਭਲ ਜੁੱਧ ਮੰਡੋ ਜੁਤ ਮਿਤ੍ਰਨ ਕੁਰਮਨ ॥ ਇਕ ਬਾਰਿ ਹੀ ਘੇਰ ਕੈ ਮਾਰ ਕਰਹੁ ਨਹਿ ਭਾਜ ਸਕਹਿ ਰਿਪੁ ਮੋ ਲਗਿ ਬਰਮਨ ॥ ਲਿਹੁ ਮਾਰ ਸਭੈ ਦਲ ਵੈਰਿ ਸੁਧਾ ਨਿਰ ਬੀਜ ਕਰੋ ਸੁ ਬਿਬੇਕ ਕੇ ਸੁਰਮਨ ॥੨॥੬੩੯॥ ੧੧੭੧॥੩੪੯੦॥ ਦੈ ਬੰਬ ਚਢਜੋ ਬੀਰਜਨਾਦ ਤਬਹਿ ਸੰਗਿ ਦੈਂਤ ਚਮੂ ਚਤੁਰੰਗਨੀ ਜੰਗਨੀ ਲੈ ॥ ਅਬਿਬੇਕ ਚਢਜੋ ਸੰਗ ਨਿਸਚਰ ਲੈ ਨਿਜ ਸੈਨ ਸਹਿਤ ਭਟ ਸੁਰੰਗਨੀ ਲੈ ॥ ਥਰ ਹਰਜੋ ਭੂਅ ਮੇਰੁ ਪਯਾਲ ਬਨੰ ਘਹਰਜੋ ਨਭ ਮਾਰੁਤ ਭੰਗਨੀ ਭੈ ॥ ਪ੍ਰਲਜ ਅਨੁਮਾਨ ਜਗ ਜੰਤੁ ਸਭਹਿ ਭਏ ਆਕੁਲ ਬਜਾਕੁਲ ਸੰਗਨੀ ਭੈ ॥੩॥੬੪੦॥੧੧੭੨॥੩੪੯੧॥ ਅਗਜਾਨ ਚਢਜੋ ਨਿਜ ਸੈਨਨ ਲੈ ਬਹੁ

Scanned by CamScanner

ਸ਼ਸਤ੍ਰਨ ਅਸਤ੍ਰਨ ਬੀਰ ਸਭੀ ॥ ਅਬਿਬੇਕ ਕੋ ਸਿਖ ਪ੍ਰਧਾਨ ਬਡੋ ਲੈ ਬਾਨ ਕਮਾਨ ਅਗਜਾਨ ਤਭੀ॥ ਅਸਤ ਸੰਗ ਚਢਜੋ ਲੈ ਸੰਗਿ ਚਮੂ ਚਤੁਰੰਗਨਿ ਸਾਥ ਅਪ੍ਰਮਾਨ ਤਭੀ ॥ ਭ੍ਰਮ ਚਢਜੋ ਲੈ ਸਾਥਿ ਚਮੂ ਯੁਗ ਬੀਰ ਪ੍ਰਬਲ ਦੰਡਧਾਰਿ ਤਭੀ ॥੪॥੬੪੧॥੧੧੭੩॥੩੪੯੨॥ ਅਉਰ ਜਿਤੇ ਦਲ ਦੈਂਤਨ ਦਾਨਵ ਰਾਖਸ਼ ਆਦਿ ਚਢੇ ਰਣ ਮੈ ॥ ਕ੍ਰਿਪਾਨ ਗਦਾ ਚੰਦ੍ਰ ਬਾਨ ਪਟਾ ਖਗ ਤੋਮਰ ਧਾਰ ਕਰ ਰੋਹ ਮਨ ਮੈ ॥ ਭੂਤ ਮਸਾਨ ਭੜੰਗ ਕਪਾਲਿਕ ਦੂਤ ਭਯਾਵਨਿ ਜੁੱਗਨਿ ਮੈ ॥ ਚਲਿ ਮਾਰ ਹੀ ਮਾਰ ਪੁਕਾਰਤਿ ਬੀਰ ਹਕਾਰਤਿ ਸੂਰਨ ਕੋ ਰਨ ਮੈ ॥੫॥੬੪੨॥ ੧੧੭੪॥੩੪੯੩॥ ਯੁਧ ਜਾਨ ਨਿਦਾਨ ਕੋ ਦੈਂਤ ਚਲਜੋ ਸੰਗਿ ਸੈਨ ਅਪਾਰ ਜੁਝਾਰਨ ਲੈ ॥ ਦਸੋ ਦਿਸ ਘੇਰਤ ਭਜੋ ਤਬਹੀ ਦਲ ਜੁੱਧ ਬਿਰੁੱਥਿਨਿ ਦਾਰੁਨ ਲੈ ॥ ਅਗਨਤਿ ਦਲ ਬਾਦਲ ਸੈਨ ਘਨੀ ਚਤੁਰੰਗ ਅਨੀ ਹਠਵਾਰਨ ਲੈ ॥ ਗਰਜੇ ਲੈ ਧੋਪ ਕਟਾਰ ਕੁਠਾਰ ਧਨੁ ਸਾਯਕ ਬਾਨ ਕਰਵਾਰਨ ਲੈ ॥੬॥੬੪੩॥੧੧੭੫॥ ੩੪੯੪॥

ਖਸ੍ਰਕ ੧ ॥ ਬਿਸਨੁਪਦ ਪੁੰਨਜਾਕੀ ਅਬਜਾਤ ਹਿੰਦਵੀ ਬਖ਼ਸ਼ਸ਼ ਹਜ਼ੂਰ ਰੇਖ਼ਤਾ ॥ ਸੁਨਹੁ ਅਬ ਚਢਾਈ ਸਮਰ ਸ੍ਰੀ ਪਤਿ ॥ ਸ੍ਰੀ ਸਰਬਲੋਹ ਜਨਾਰਦਨ ਕਥਾ ਸ੍ਰਸਥ ਚਿੱਤ ॥ ਜੇ ਤੇ ਸੁਭਉ ਮੰਗਲਉ ਦੇਵ ਦੱਤ ॥ ਬਿਬਿਧ ਗਨ ਇਤਜਾਦਿ ਢੁਰਤਿ ਚੌਰ ਛਤ ॥੧॥੬੪੪॥੧੧੭੬॥੩੪੯੫॥ ਨ੍ਰਿਪਬਰ ਬਿਬੇਕੋ ਸਕਲ ਪ੍ਰਧਾਨ ਜੁਤ ॥ ਚੜੇ ਸੰਗਿ ਸ੍ਰੀ ਭਗਵਾਨ ਲੈ ਪੌੜ੍ ਪੁੱਤ ॥ ਮਿਤ੍ਰ ਪਿਤ੍ਰ ਸਿੱਧ ਸਾਧੁ ਅਰਥ ਮੁਕਤਿ ॥ ਬ੍ਰਹਮ ਰਿਸਿ ਦੇਵ ਰਿਸਿ ਗੰਧ੍ਰਬ ਅਮਿਤ ॥੨॥੬੪੫॥੧੧੭੭॥ ੩੪੯੬॥ ਗੁਹਯਕ ਉਚਾਰਨ ਕਿੰਨਰ ਮਰੁਤ ॥ ਕਿਮ੍ ਪੁਰਸ ਬਿਦਜਾਧਰੋ ਨਾਗ ਦੁਰਤ ॥ ਬਾਲ ਖਿਲ ਬਣੀ ਖਾਨਸ ਆਦਿਕ ਬਰੂਥ ॥ ਬਸੁ ਬਿਸ੍ਵੇਸਰ ਗਨ ਸਭੀ ਜੂਥ ਜੂਥ ॥੩॥੬੪੬॥ ੧੧੭੮॥ ੩੪੯੭॥

Scanned by CamScanner

ਖੋੜਸ ਪ੍ਰਕਾਰ ਕੋ ਚਮੂ ਦਲ ਬ ਦਲ ॥ ਅਨਿਕ ਫ਼ੌਜ ਚਤੁਰੰਗਨੀ ਅਤਿ ਸਿਜਲ ॥ ਬਡੀ ਭੀਰ ਰਨਧੀਰ ਬੀਰਨ ਪ੍ਰਬਲ ॥ ਅਨੀ ਸ੍ਰੀ ਜਨਾਰਦਨ ਚੜੇ ਭਟ ਸਬਲ ॥ ੪॥੬੪੭॥੧੧੭੯॥ ੩੪੯੮॥ ਬਲੀ ਪ੍ਰਬਲ ਜੋਧਾ ਅਨੀ ਸਿੰਧੁ ਵਤ ॥ ਉਮਡ ਚਲਜੋ ਬਾਰਿ ਬੀਰਨ ਅਮਿਤ ॥ ਖੋੜੰਗਨੀ ਸੈਨ ਭਟ ਏਕ ਚਿਤ ॥ ਸੁਭਟ ਦੇਵ ਦਲ ਗਨ ਸਹਿਤ ਸ੍ਰੀ ਪਤਿ ॥੫॥੬੪੮॥੧੧੮੦॥੩੪੯੯॥ ਬਿਮਲ ਹੀਰ ਚੀਰਨ ਮੁਰੱਸੈ ਨਗਾਰ ॥ ਜਟਿਤ ਭੂਸਨ ਬਸਨ ਦਿਬਜ ਬਹੁ ਪ੍ਰਕਾਰ ॥ ਅਨਿਕ ਰਤਨ ਮਨਿ ਗਨ ਛਕੇ ਨਉ ਬਹਾਰ ॥ ਫੁਲੇ ਮਨਹੁ ਫੁਲਵਾਰਿ ਗੁਲਸ਼ਨ ਗੁਲਜ਼ਾਰ ॥੬॥੬੪੯॥ ੧੧੮੧॥੩੫੦੦॥ ਸਜੇ ਅੰਗ ਅੰਗਨ ਸਭੀ ਸਾਜ਼ ਜੰਗ ॥ ਚਿ ਭੂਸਨ ਚਿ ਬਸਨੰ ਚਿ ਹਰਬਹ ਹਰ ਰੰਗ ॥ ਚਿ ਚਰਮੰ ਚਿ ਬਰਮੰ ਹਮਹ ਤੰਗ ਤੰਗ ॥ ਸੁਭਟ ਨੌ ਜਵਾਨਾਨ ਚਾਬੁਕ ਹਮਹ ਰੰਗ ॥੧॥ ਬਸਾ ਪਹਿਲਵਾਨਾਨ ਮਲੰਗੋ ਮਲੰਗ ॥ ਹਮਹ ਸ਼ੋਖ ਚੁਸਤੋ ਚੂੰ ਗੁਰਗੋ ਪਲੰਗ ॥੧॥ ਰਹਾਉ ॥੭॥ ੬੫੦॥੧੧੮੨॥੩੫੦੧॥ ਬਸਾ ਸ਼ਹ ਸਵਾਰਾਨ ਚਾਬੁਕ ਰਿਕਾਬ ॥ ਜ਼ਿ ਰਜ਼ਮੋ ਜ਼ਿ ਬਜ਼ਮੋ ਫ਼ਜ਼ੀਲਤ ਮਆਬ ॥ ਬਸਾ ਰਥੀ ਸੁਭਟਨ ਮਸੀਖ਼ਤ ਖ਼ਿਤਾਬ ॥ ਜ਼ਿ ਜੌਲਾਨਗੀ ਚੁਸਤ ਚਾਲਾਕ ਨਾਬ ॥੮॥ ੬੫੧॥੧੧੮੩॥੩੫੦੨॥ ਬਸਾ ਗਜੀ ਪੈਦਲ ਬੇਦਿਰੰਗਾ ਦਲੇਰ ॥ ਹਮਹ ਖ਼ੂਨ ਖ਼੍ਵਾਰਾਨ ਸੀਰਤ ਚੂੰ ਸ਼ੇਰ ॥ ਬਸਾ ਨਾਮ ਦਾਰਾਨ ਜੂਥਪ ਭਲੇਰ ॥ ਹਮਹ ਨਾਮ ਦਾਰਾਨ ਸੁਰਗਨ ਦਲੇਰ ॥੯॥ ੬੫੨॥੧੧੮੪॥ ੩੫੦੩॥ ਹਮਹ ਸਮਰ ਚਾਈ ਸ਼ਮਸ਼ ਤੇਜ਼ਿੰਦੇ ਬੀਰ ॥ ਬਸਾ ਹਰਬਹ ਹਰ ਯਕ ਸਿਨਾ ਗੁਰਜ ਤੀਰ ॥ ਸੁਦੰਦ ਰੂਬਰੂ ਜੰਗ ਜੰਗੀ ਅਮੀਰ ॥ ਦੁਹਲ ਨਾਯ ਦੁੰਦਭਿ ਬਜਤਿ ਡਫ ਨਫੀਰ ॥੧੦॥੬੫੩॥੧੧੮੫॥੩੫੦੪॥ ਦਸਕ ੧॥ ਬਿਸਨੁਪਦ ਪੁੰਨਜਾਕੀ ਤਰਹ ਦੂਜੀ ਬਖ਼ਸ਼ਸ਼ ਹਜ਼ੂਰ॥

ਬਿਬੇਕ ਚਢਜੋ ਲੈ ਸੈਨ ਭਲੀ ਸੁਭਕਾਰੀ ਸਭੀ ਹਿਤੁਕਾਰੀ ਸਭੀ ॥ ਸਰਬਲੋਹ ਕੇ ਸੰਗਿ ਚਢਜੋ ਨ੍ਰਿਪ ਨਾਯਕ ਬਿਬੇਕ ਮਹਾਂ ਮਤਿ ਚਾਰੀ ਸਭੀ ॥ ਤਿਨ ਕੇ ਕਛੁ ਨਾਮ ਹੇ ਸਾਧੁ ਸੁਨੋ ਹਰਿ ਸੰਗਿ ਚਢੇ ਉਪਕਾਰੀ ਸਭੀ ॥ ਕਬਿ ਰਾਮ ਕਥਿਤ ਤਿਨ ਨਾਮ ਜੁਝਾਰਨ ਹੇ ਸੰਤ ਸੁਨੋ ਅਧਿਕਾਰੀ ਸਭੀ ॥੧॥ ੬੫੪॥੧੧੮੬॥੩੫੦੫॥ ਤਰਜ ਸਾਨੀ ਛੰਤ ॥ ਮਨੁ ਚਢਜੋ ਸੰਗਿ ਬਿਬੇਕ ਲੈ ਸੁਰਨ ਚਤੁਰੰਗਨਿ ਪ੍ਰਬਲ ॥ ਬਿਦਿਤ ਜਗ ਪਿਤ ਬਿਬੇਕ ਜਾਨੋ ਸਾਜ਼ ਸਾਜ਼ ਅਨੀ ਸਬਲ ॥ ਗਜਰਾਜ ਤੁਰਗ ਸਯੰਦ ਅਸ੍ਵਨ ਬਿਬਿਧ ਬਾਹਨ ਗਨ ਚਪਲ ॥ ਸਿਰ ਢੁਰਤਿ ਚਾਮਰ ਛਤ੍ਰ ਰਤਨਨ ਬਸਨ ਭੂਖ੍ਹਨ ਸਜ ਬਿਮਲ ॥੬੫੫॥੧੧੮੭॥੩੫੦੬॥ ਸੰਕਲਪ ਸਿਖ ਪ੍ਰਧਾਨ ਮਨੁ ਕੋ ਚਢਜੋ ਲੈ ਚਤੁਰੰਗਨੀ ॥ ਨਾਨਾ ਭਟਨ ਸੰਗਿ ਸਮਰ ਚੋਪਜੋ ਚੜ੍ਹ ਚਪਲੁ ਤੁਰੰਗਨਿ ਕੁੰਭਨੀ ॥ ਬਹੁ ਬੀਰ ਭੀਰਨ ਧੀਰ ਰਣ ਕਰ ਗਹਿ ਸ਼ਸਤ੍ਰ ਅਸਤ੍ਰ ਤੁਫ਼ੰਗਨੀ ॥ ਨਾਨਾ ਬਿਵਾਨਨ ਬਿਬਿਧ ਜਾਨਨ ਕੌਤਕ ਉਮਾਹ ਬਰੰਗਨੀ ॥੩॥੬੫੬॥ ੧੧੮੮॥੩੫੦੭॥ ਬਿਦਜਾ ਚਢੀ ਲੈ ਸੈਨ ਅਨਗਨ ਮਨੁ ਬਿਬੇਕ ਕੋ ਭਟ ਪ੍ਰਬਲ ॥ ਬਹੁ ਕਾਜ ਸਾਧਤਿ ਤਾਸ ਕੋ ਤਹਿੰ ਕਹਿਤਿ ਦੰਡਧਾਰੀ ਸ਼ਬਲ ॥ ਸਜੇ ਸੁਭਗ ਸਿਲਾਹ ਜੰਗੀ ਸੁਭਟ ਸਾਵਤ ਦਲ ਬ ਦਲ ॥ ਮਾਰੂ ਬਜਤਿ ਦੁੰਦਭਿ ਪਖ਼ਾਵਜ ਭੇਰਿ ਮੁਰਲੀ ਡਫ ਤਬਲ ॥੪॥੬੫੭॥੧੧੮੯॥ ੩੫੦੮॥ ਚਢੀ ਸਯੰਦਨ ਮਹਾਂਮਤੀ ਸੁ ਬਿਬੇਕ ਮਨ ਜੁਤ ਸੈਨ ਲੈ ॥ ਦ੍ਰਿੜਤਾ ਪ੍ਰਬਲ ਸਾਰਥੀ ਮਹਾਂਮਤਿ ਅਗ੍ਰਨੀਜ ਰਥ ਸੈਨ ਕੈ ॥ ਤਾਤ ਤਾਤਨ ਏਕ ਸੰਗੇ ਚਲਜੋ ਸੰਘਰ ਲੁਝੈਨ ਪੈ ॥ ਸੰਗ ਸੈਨ ਸੁਰੰਗ ਬਿਬਿਧ ਦਲ ਰੰਗ ਰਤਿ ਨੈਨ ਖੁਮਾਰ ਮੈ ॥੫॥੬੫੮॥ ੧੧੯੦॥੩੫੦੯॥ ਧੁਨਿ ਸੰਖ ਘੰਟਨ ਸਦ ਜਯ ਜਯ ਪ੍ਰਭ ਚੜ੍ਹਤਿ ਕਰੀ ਬੀਰਜਨਾਦ ਪੈ ॥ ਦਲ ਅਨੀ ਪ੍ਰਬਲ ਖੜੰਗਨੀ ਖੋੜੰਗਨੀ

Scanned by CamScanner

ਬਿਨਹਾਦ ਭੈ ॥ ਨਾਨਾ ਪਤਾਕਾ ਧੁਜਾ ਲੋਟਨ ਝੁਲਤਿ ਸੈਨ ਅਮਰਾਦ ਕੈ ॥ ਨਹਿ ਜਾਤਿ ਬਰਨੀ ਪ੍ਰਭੁ ਕਟਕ ਸੋਭਾ ਬ੍ਰਹਮ ਸੇਖ ਸਾਰਦ ਸਨਕਾਦਿ ਪੈ ॥੬॥੬੫੯॥੧੧੯੧॥ ੩੫੧੦॥ ਦੋ ਦਲ ਮੁਕਾਬਲੁ ਹੋਤ ਭੇ ਸਰਬਲੋਹ ਸੈਨ ਨਿਸਾਚਰੀ ॥ ਮਾਰੂ ਬਜਜੋ ਦੁਹੂੰ ਦਲ ਸਮਰਛਿਤ ਲੁਝਜੋ ਜੋਧਨ ਜਾ ਸੁਰੀ॥ ਕਰਤਰ ਤ੍ਰੈ ਬਾਰਨ ਸਿਲਹਨ ਸ਼ਮਸ਼ੇਰ ਜਮਧਰ ਪਰਾਸੁ ਰੀ ॥ ਛੁਟਤਿ ਤੋੜੰਗਨ ਗੁਲੇਲਨ ਖ਼ਦੰਗਨ ਨਾਰਾਂਚਨ ਪਰੀ॥੭॥੬੬੦॥੧੧੯੨॥ ੩੫੧੧॥ ਪਠਿਤ ਭੇ ਦੁਹੂੰ ਦਿਸ ਭਟਨ ਭਟ ਸਮਰ ਸੰਦੇਸ਼ਾ ਸਰੀ ॥ ਅਰਧ ਚੰਦ੍ਰਾਕਾਰ ਭਲਾਕਾਰ ਛੂਲਾਕਾਰ ਪੈਨੀ ਧਾਰਾ ਧਰੀ ॥ ਛੁਟਿਤ ਆਯੁਧ ਘੋਰ ਨਾਨਾ ਪਰਸੁ ਪਾਸੀ ਪੈਕਰੀ ॥ ਕਮੰਦ ਫੰਧ ਗੋਪਾਲ ਮੂਸਰ ਭਿੰਦਿਪਾਲ ਤੋਮਰ ਜਮਧਰੀ ॥੮॥੬੬੧॥ ੧੧੯੩॥੩੫੧੨॥ ਸਹਿਥੀ ਸਰੋਹੀ ਤੇਗ਼ ਖੰਡਾ ਪਟਾ ਕਾਤੀ ਖੱਤਕਾ ॥ ਬਜ੍ਰ ਚਕ੍ਰਨ ਦਿਬਜ ਸ਼ਸਤ੍ਰਨ ਯਸ਼ਟਿ ਭਸੁੰਡੀ ਪੁੱਤਕਾ ॥ ਗੋਲਾ ਗਦਾ ਮੁਦਗਰ ਬਨੈਟੀ ਛੂਲ ਸਾਂਗਨ ਦ੍ਰੁਤਕਾ ॥ ਬਹਤਿ ਨਾਨਾ ਅਸਤ੍ਰ ਤੀਛਨ ਦ੍ਰਿਸ੍ਟਿ ਹੂੰਦਲ ਜਗਤ ਕਾ ॥੯॥੬੬੨॥੧੧੯੪॥੩੫੧੩॥ ਸਨਸਨ ਚਲਤਿ ਬਾਨਨ ਬਨੈਟੀ ਝਨਝਨ ਝਨਕਤਿ ਤੇਗ਼ ਰੀ ॥ ਘਨ ਘਨ ਘਨਾ ਗੋਲ੍ਹਾ ਗਰਜਤਿ ਧਮਕ ਤੋਪਨ ਮੇਗ ਰੀ ॥ ਠਨ ਠਨ ਠਕਿਤਿ ਬਰਮ ਸੇਲਨ ਲਹ ਲਹ ਲਸਤਿ ਕਰ ਬੀਜੁਰੀ ॥ ਝਿਮ ਝਿਮ_ਬਰਸਤਿ ਬਾਨ ਬੂੰਦਨ ਬਾਨ ਧਾਰਾ ਖੀਝਰੀ ॥੧੦॥੬੬੩॥੧੧੯੫॥੩੫੧੪॥ ਗੜਾ ਗੜੀਆ ਗਦਾ ਗੋਲ੍ਹਾ ਗੁਰਜ ਗੂਫ਼ਨ ਗਮਰ ਹੇ ॥ ਮੇਰੁ ਮੁਦਗਰ ਮਾਰ ਮੂਸਰ ਮੁਸ੍ਟਿ ਮੱਲਨ ਸਮਰ ਹੇ ॥ ਤੀਰ ਤੋਮਰ ਤੁਪਕ ਤੁਕਨ ਤੇਗ਼ ਤੀਛਨ ਤਬਰ ਹੇ ॥ ਸਕਤਿ ਸਹਿਥੀ ਸ਼ੂਲ ਸੇਲਨ ਸਰੀ ਸਿਪਰੰ ਸਜਰ ਹੇ ॥੧੧॥੬੬੪॥ ੧੧੯੬॥੩੫੧੫॥ ਪਰੀ ਮਾਰ ਅਸਾਰ ਸਾਰਨ ਜੁਝਾਰ ਜੁਝਹਿੰ ਦਿਸ ਦੁਹੂੰ ॥ ਖੁਨਸਾਇ ਤਾਜੀ ਚੀਰ

Scanned by CamScanner

ਪ੍ਰਤਨਾ ਭਟਨ ਪੈਠਤਿ ਦਿਸ ਦੁਹੂੰ ॥ ਗਹਿ ਕੇਸ ਤਲ ਪ੍ਰਕਹਾਰ ਬਦਨਨ ਮੁਸ੍ਰਿ ਘਾਵਤਿ ਭਟ ਦੁਹੂੰ॥ ਬਹੁ ਚਰਨ ਬਾਹਤਿ ਭਟਨ ਗਾਹਤਿ ਨਖੁ ਘਾਤ ਦੰਤਨ ਦਿਸ ਦੁਹੂੰ ॥੧੨॥੬੬੫॥ ੧੧੯੭॥੩੫੧੬॥ਬਰਹੀ ੧॥ ਬਿਸਨੁਪਦ ਪੁੰਨਜਾਕੀ ਰੇਖ਼ਤਾ ॥ ਲੜਤਿ ਸੰਗ੍ਰਾਮ ਭਟ ਦੋ ਦਲ ਕੰਪਜੋ ਭੂਅ ਮੇਰੁ ਤਰੁ ਜਲ ਥਲ ਮੰਡਜੋ ਜੰਗਾਹ ਭਟ ਦਾਰੁਨ ਸੁਨਹੁ ਹੇ ਸੰਤ ਸੁਰ ਗਜਾਨੀ ॥ ਜ਼ਿਮੀਨੋਂ ਆਸਮਾਂ ਗਰਦਸ਼ ਜ਼ਿ ਮਾਹੀ ਮਾਹ ਸ਼ੁਦ ਲਰਜ਼ਸ਼ ਦਸੋ ਦਿਸ ਮਾਰ ਸ਼ਸਤ੍ਰਨ ਕੀ ਬਿਸਮ ਮੁਨਿ ਯੋਗੀ ਰਿਸਿ ਧਜਾਨੀ ॥ ਛੁਟਜੋ ਹਰ ਧਜਾਨ ਵਾ ਅਉਸਰ ਦੁਰੇ ਕਾਤਰ ਗਹਨਿ ਕੰਦਰ ਭਿਰੇ ਭਟ ਸੂਰਮਾ ਜੰਗਾਹ ਰਜੀਲੇ ਸੂਰ ਬਿਰਮਾਨੀ ॥ ਮਚੀ ਤਹਿੰ ਮਾਰ ਅਤਿ ਗਾੜੀ ਦੋ ਦਸਤੀ ਤੇਗ਼ ਜਮਦਾੜੀ ਬਨੈਟੀ ਪਟਾ ਅਸਿ ਤੀਛਨ ਬਹੁਤ ਸੰਗ੍ਰਾਮ ਜੌਲਾਨੀ ॥੬॥੬੬੬॥੧੧੯੮॥੩੫੧੭॥ ਭਿਰੇ ਸਰਦਾਰ ਸਰਦਾਰਨ ਲੁਝਤਿ ਅਸਵਾਰ ਅਸਵਾਰਨ ਲੜਤਿ ਮੁਠਿ ਭੇੜ ਸੰਗ੍ਰਾਮੀ ਦਿਲਾਵਰ ਜੰਗ ਜੋ ਜੰਗੀ ॥ ਛੁਟਤਿ ਤੋਂਫ਼ੰਗ ਹਥਨਾਲੈ ਜੰਜਾਯਲ ਧਮਕ ਘੁਰਨਾਲੈ ਸ਼ਵਾਲਾ ਉਠਤਿ ਅਤਿ ਭਾਰੀ ਕਰਤੁ ਸੰਗ੍ਰਾਮ ਯਕ ਰੰਗੀ ॥ ਲੜਤਿ ਕਈ ਦਾਵ ਭਟ ਕੁਸ਼ਤੀ ਲੜਤਿ ਕਈ ਜੰਗ ਭਟ ਮੁਸ਼ਤੀ ਭਲੇ ਭਟ ਮੱਲ ਮਾਲੰਗਨ ਜੁਝਾਰਨ ਯੋਧ ਭੁਜੰਗੀ ॥ ਫ਼ਿਰਿਸ਼ਤੇ ਹੂਰ ਨਭ ਘੇਰੇ ਨ੍ਰਿਖਤਿ ਕੌਤਕ ਚਹੂੰ ਫੇਰੈਂ ਕਰਤਿ ਬਾਰਾਨ ਪੁਸ਼ਪਨ ਕੀ ਸ੍ਰੀ ਭਗਵਾਨ ਪਰ ਚੰਗੀ ॥੨॥੬੬੭॥੧੧੯੯॥੩੫੧੮॥ ਅਫ਼ਰੀਤਾਂ ਗ਼ੁਲ ਸ਼ੈਤਾਨਾਂ ਨੀਜ਼ਾਰੈ ਆਸਮਾਂ ਧਾਨਾ ਨਜ਼ਾਰੇ ਗਾਤ ਮਾਸਾਨਾ ਏ ਵਰਸਾਵਤ ਫੂਲ ਬੀਰਜਨਾਦੰ ॥ ਲਾਗੀ ਤਹਿ ਠਠਕ ਤਉਕੀਆਂ ਹਵਾ ਬਸ ਤੇਗ਼ਹ ਰਫ਼ਤਨੀਆਂ ਕਸ਼ਾ ਕਸ਼ ਤੀਰ ਹਤ ਭਾਰੀ ਬਜਹਿੰ ਨੀਸ਼ਾਨ ਬਹੁ ਨਾਦੰ ॥ ਬਧਾਈ ਸਾਜਨਾ ਅਜਬਸ ਹਮਹ ਜਿਨਸਾ ਹਮਹ ਕਸ ਕਸ ਮੁਬਾਰਕ

Scanned by CamScanner

ਬਾਦੀਆਂ ਸ਼ਾਦੀ ਖ਼ੁਸ਼ਹਾਲੀ ਐਸ਼ ਅਹਿਲਾਦੰ ॥ ਹਜ਼ੀਮਤ ਦੁਸ਼ਮਨਾ ਦਮ ਦਮ ਰਕੀਬਾਂ ਅਲਮ ਹੋ ਜ਼ਮ ਜ਼ਮ ਬਚੇ ਭਟ ਦੁਹੂੰ ਦਿਸ ਕਮ ਕਮ ਖ਼੍ਵਾਰੀ ਖ਼ਾਨਹ ਬਰਬਾਦੰ ॥੩॥੬੬੮॥੧੨੦੦ ॥੩੫੧੯॥ ਚਲੇ ਪ੍ਰਵਾਹ ਹ੍ਵੈ ਸਾਗਰ ਸਿਲਾਹਨ ਧਾਰ ਰਕਤ ਨਾਕਰ ਖ਼ਸੋ ਖ਼ਾਸ਼ਾਕਸਰ ਸਾਂਗਨ ਸਿਪਰ ਚਕਤੀ ਹੈ ਫ਼ਿਰਤਾ ਮਹਿ॥ ਭਵਾਰੀ ਅਸ੍ਵ ਕੀ ਦਪਟਨ ਭਵਰ ਤਹਿੰ ਸਿੰਧੁ ਕੋ ਰਪਟਨ ਜ਼ਿਰਹ ਚਿਲਤਹ ਮਹਾਂ ਮਨਿ ਗਨ ਸਿਨਾਨਹ ਖ਼ਾਰ ਹੈ ਜਾਮਹਿ ॥ ਦਰੋ ਗੋਲ੍ਹਾ ਝਖੀ ਖ਼ੰਜਰ ਪਟਾ ਹੈ ਮਕਰ ਅਸ ਜਮ ਧਰ ਗੁਰਜ ਘਰਜਾਰ ਤੌਫ਼ੰਗਨ ਚਕ੍ਰ ਕਛਨ ਸੁਭਗ ਵਾ ਮਹਿ ॥ ਮਗਰ ਮੱਛ ਪੀਲ ਅਰੁ ਘੋਰਾ ਸਯੰਦਨ ਮੇਰੁ ਤਹਿੰ ਛੇਰਾ ਗਰਜਨ ਚਤੁਰੰਗਨੀ ਸੂਰਨ ਕੁਲਾਹਲਿ ਸ਼ਬਦ ਅਤਿ ਤਾ ਮਹਿ ॥੪॥੬੬੯॥ ੧੨੦੧॥ ੩੫੨੦॥ ਪਰਵਾਹ ਅਰੁਬੇਗ ਭਟ ਤਾਕਤ ਪਰਾਕ੍ਰਮ ਬੀਰਜ ਬਲ ਸਾਬਤ ਅਗਾਧਤਾ ਤੋਜ ਦਲ ਬਜ਼ੂਹਨਿ ॥ ਗਹਰ ਗੰਭੀਰਤਾ ਸਾਗਰ ਭਟਨ ਪੌਰਖ ਸਮਰ ਆਗ੍ਰ ਅਸੁਰ ਦਾਨਵ ਨਿਸਾਚਰ ਰਾਖਸ਼ਸ਼ ਗੂੰਹਨ ॥ ਅਪਾਰਤ ਦਲ ਬ ਦਲ ਫ਼ੌਜੈਂ ਉਮਗ ਸਾਹਸ ਤਹਾਂ ਮੌਜੈਂ ਤਰੰਗਨਿ ਤਰੰਗ ਮਨ ਲਹਿਰੈਂ ਅਥਾਹਤ ਸੈਨ ਸੰਬੂਹਨ ॥ ਦਿਲਾਵਰ ਸੁਭਗ ਤਹਿੰ ਤਰਨੀ ਤਰਤ ਯਾ ਸਿੰਧੁ ਨਿਜ ਕਰਨੀ ਜਵਾਹਰ ਆਭਰਨ ਰਤਨਨ ਮਨਿਨ ਮੁਕਤਾਨ ਅੰਬੂਹਨ ॥੫॥੬੭੦॥੧੨੦੨॥ ੩੫੨੧॥ ਧੁਜਾ ਭੌ ਬ੍ਰਿਖ ਤਾਂ ਔਸਰ ਬਾਦਿਤਰਨ ਸ਼ਬਦ ਤਿਸ ਦੁਸਤਰ ਅਮਵਾਜੈਂ ਦਪਟ ਭਟ ਸੁ ਭਟਨ ਤਰਤਿ ਤੇ ਸਿੰਧੁ ਭਟ ਕੋਈ ॥ ਮਚੀ ਤਹਿੰ ਮਾਰ ਅਤਿ ਡਾਢੀ ਬਹਤਿ ਆਯੁਧ ਬਿਖਮ ਗਾਢੀ ਭਏ ਤਿਹ ਸੂਰ ਅਰੁ ਕਾਤਰ ਇਕਠੇ ਬੀਰ ਬਰਸੋਈ ॥ ਦਿਸਾ ਮਹ ਗਰਦੋ ਗ਼ੁਬਾਰਾ ਛਪੇ ਦਿਨ ਰਾਜ ਚੜਿ ਤਾਰਾ ਅੰਧੇਰੀ ਦਸ ਦਿਸੋ ਭਾਰੀ ਨ ਦੀਸਤਿ ਪ੍ਰਿਥ੍ਵੀ ਪਥ ਗੋਈ ॥ ਹਜ਼ਾ ਹਜ਼ ਬਾਨ ਬਰ ਬਾਨਾ ਚਕਾਚਕ

Scanned by CamScanner

ਤੇਗ਼ ਠਕੁਰਾਨਾ ਕਸ਼ਾਕਸ਼ ਬੀਰ ਦਲ ਦੋਊ ਰਚਜੋ ਸੰਗ੍ਰਾਮ ਭਟ ਓਈ ॥੧॥ ਦੁਹੰ ਦਿਸ ਉਠਤਿ ਬਿਨੁ ਮੁੰਡਨ ਸਿਲਹ ਪੋਸ਼ਾਂ ਬਿਬਿਧ ਝੁੰਡਨ ਬਿਜ਼ਨਾ ਬਿਜ਼ਨ ਸਾਯਲ ਬਰਹਨੇ ਭਟ ਤੇਗ ਕਰ ਦੋਈ ॥੧॥ ਰਹਾਉ॥੬॥੬੭੧॥੧੨੦੩॥੩੫੨੨॥ ਕਹੂੰ ਚਾਵੰਡ ਚਿਕਾਰੈਂ ਦੁਹੂੰ ਦਿਸ ਬੀਰ ਬੰਕਾਰੈਂ ਖ਼ਬੀਸਾ ਜਿੰਨ ਤਹਿੰ ਡੋਲੈ ਦੁਹੂੰ ਲਸ਼ਕਰ ਬਿਸੈ ਭਾਰੀ ॥ ਫਰੀਤੋ ਆਹਰਮਨ ਭੂਤਨ ਪਲੀਤਾ ਗ਼ੂਲ ਜਖ ਨੂਤਨ ਮਸਾਨੋ ਪ੍ਰੇਤ ਬੈਤਾਲੋ ਨਚਤਿ ਪਈਸਾਚ ਬੈਤਾਰੀ ॥ ਸਿਆਤੀ ਮਸਤ ਉਨਮੱਤਨ ਫਿਰਤਿ ਦੁਹੂੰ ਦਿਸਨ ਬਾਰੂਥਨਿ ਸਭੀ ਮਦ ਹੋਸ਼ ਮਤਵਾਰੇ ਨਚਤਿ ਸੰਗੀਤ ਦੈ ਤਾਰੀ ॥ ਸ਼ੁਆਲਾ ਆਸਮਾਂ ਬਾਰਾਂ ਕ਼ਜਾਮਤ ਆਮਦਹ ਯਾਰਾਂ ਸਭੀ ਭਯ ਭੀਤਿ ਸਹ ਮਨਾਕੀ ਭਈ ਭਟ ਜ਼ਿੰਦਗੀ ਭਾਰੀ ॥੭॥੬੭੨॥ ੧੨੦੪॥੩੫੨੩॥ ਰੇਖ਼ਤਾ ਬੈਕਾਰੀ ॥ ਗਈ ਲਗ ਟੱਕਟਕੀ ਕੀ ਦੁਹੂੰਅਨ ਚਿ ਦਾਨਵ ਚਿ ਅਮਰ ਸੁਰਗਨ ਨ ਦੀਸੈ ਅਉ ਨ ਸੁਨਿਯਤੁ ਹੈ ਜੁ ਕੋਊ ਬਾਤ ਕਾਹੂੰ ਕੀ ॥ ਠਠੇ ਸਮਸਰ ਚਿਤ੍ਰ ਕੀ ਮੂਰਤਿ ਭਈ ਜੜ ਵਤ ਸਭੀ ਸੂਰਤਿ ਭਏ ਹੈਂ ਸਿਥਲ ਪਰਾਕ੍ਰਮ ਤੇ ਸੁਰਾਸੁਰ ਫ਼ੌਜ ਤਾਹੂੰ ਕੀ ॥ ਫਰਿਸ਼ਤੈ ਦੇਵ ਅਫ਼ਰੀਤਾਂ ਭਏ ਸਭਿ ਭੀਤ ਦਰ ਭੀਤਾ ਚਿ ਅਲਵੀ ਚਿ ਖੁਬਸ਼ ਚਿ ਅਫ਼ਰੀਤਾਂ ਗਈ ਰੁਕ ਭੁਜ ਦੁਬਾਹੂੰ ਕੀ ॥ ਲਗੀ ਠਠ ਜੰਗੀਆ ਜੰਗਹ ਭਏ ਭਟ ਸਮਰ ਕਰ ਤੰਗਹ ਜ਼ਿਮੀਨੋ ਆਸਮਾਂ ਗਰਦਸ਼ ਨਹ ਸਕ ਉਸਕ ਸੰਬਾਹੂ ਕੀ ॥੮॥੬੭੩॥੧੨੦੫॥੩੫੨੪॥ ਰੇਖ਼ਤਾ ਰੈਬਾਰੀ ॥ ਕਹੀਂ ਸ੍ਰਿੰਗਾਲ ਬਦ ਬੋਲੈਂ ਕਹੀਂ ਬਿਨੁ ਮੁੰਡ ਭਟ ਡੋਲੈਂ ਚਾਵੰਡਾ ਗ੍ਰਿਝ ਝਿੱਲੀ ਗਨ ਤਹਿੰ ਅਸੁਭ ਆਵਾਜ਼ ਨਭਚਰ ਕੀ ॥ ਸ੍ਰਿੰਗਾਲੀ ਅਗਨਿ ਮੁਖ ਡਾਰਤਿ ਵਜਦ ਬਾਦ ਸਰਸਰ ਮ੍ਰਿਗੁ ਚਾਰਤ ਕੁਹਕਤਿ ਕਾਲ ਸਰਸੁਰ ਕਾਲੀ ਨਚਤਿ ਹਰ ਖੇਤ ਨਿਸਿਚਰ ਕੀ ॥ ਸ਼ੁਦਹ ਭੂਅ ਕੰਪ ਪਰਬਤ ਸਭਿ ਘਹਿਰਤਿ ਖਤੇ ਗਗਨ

Scanned by CamScanner

ਸਿਪਹਰ ਨਭ ਹ੍ਵੈ ਉਲਕਾਪਾਤ ਛਿਨ ਛਿਨ ਮੇ ਘਟਿਤ ਦੁਤਿ ਕ੍ਰਾਂਤਿ ਤਮਚਰ ਕੀ ॥ ਭੀ ਅੰਧੇਰੀ ਦਸੋ ਦਿਸ ਭਾਰੀ ਤਰੀਕੀ ਰੈਨ ਅੰਧਜਾਰੀ ਹਮਹ ਕਸ ਹੋਸ਼ ਆਸ਼ੁਫੁਤਹ ਚਿ ਖੇਚਰ ਵ ਚਿ ਭੂਚਰ ਕੀ ॥੯॥੬੭੪॥੧੨੦੬॥੩੫੨੫॥ ਰੇਖ਼ਤਾ ਮੋਸਾਫ਼ੀ ॥ ਕ਼ਿਯਾਮਤ ਜਾਨੁ ਸਭਿ ਦਹਿਲੇ ਭਲੇ ਭਟ ਸੂਰਮਾ ਗਹਿਲੇ ਤ੍ਰਸੇ ਭੈ ਤ੍ਰਾਸੁ ਕਰਿ ਆਕੁਲ ਕੰਪਿਤ ਤਨ ਰੋਮ ਥਰਹਰ ਡਰ ॥ ਘਟੀ ਮੁਖ ਚੰਦ ਦੁਤਿ ਫੀਕੀ ਕਹੈਂ ਕਾ ਸੋਂ ਸੁਭਟ ਜੀ ਕੀ ਮਿਲਤਿ ਨਹਿੰ ਪੈਂਡ ਨਿਕਸਨ ਕੀ ਸਕਤਿ ਨਹਿ ਸਮਰ ਪਰਹਰ ਕਰ ॥ ਕਫ਼ੀਦਹ ਲਬ ਤ੍ਰਸਾ ਆਕੁਲ ਗੁਰਸਨਗੀ ਤ੍ਰਸਨਗੀ ਬਜਾਕੁਲ ਉਨੀਂਦਹ ਭਟ ਦੁਹੂੰ ਲਸ਼ਕਰ ਖ਼ੁਮਾਰੀ ਜ਼ਖ਼ਮ ਕਰ ਜ਼ਰ ਜ਼ਰ ॥ ਸਿਤਾਰੇ ਬਦ ਫ਼ਲਕ ਗਰਦਸ਼ ਅਸੁਭ ਫਲ ਨਸ਼ੂ ਸਮ ਦਮਸ਼ ਜ਼ਰਰ ਨੁਕਸਾਨ ਜ਼ਿਯਾਨੇ ਹੂੰ ਭਰਿਯੋ ਜਮਧਾਮ ਭਟ ਲਰ ਲਰ ॥੧੦॥੬੭੫॥ ੧੨੦੭॥੩੫੨੬॥ ਰੇਖਤਾ ਨਬ੍ਦੀ ਤਾਲ ਕਪਰਦੀ ॥ ਦੁਹੂੰ ਦਿਸ ਕਬੰਧ ਨਭ ਡੋਲੈਂ ਹਵਾ ਸਰਸਰ ਕਠਿਨ ਝੋਲੈਂ ਭੱਜੇ ਭੂਕੰਪ ਤਹਿੰ ਔਸਰ ਕ਼ਯਾਮਤ ਕਰ ਸਭੂ ਮਾਨੋ ॥ ਉਠਤਿ ਬਿਨੁ ਮੁੰਡ ਭਾਸੁੰਡੰ ਗਿਰਹ ਨਭ ਤੇ ਪਰੈ ਝੁੰਡੂੰ ਅਲਾਮਤ ਬਦ ਸਭੀ ਤਾਂਕੇ ਕਹੀ ਮੇਰੀ ਸਹੀ ਜਾਨੋ ॥ ਚਾਵੰਡਾ ਖੇ ਚਰੰ ਚੀਤੈਂ ਚਾਮੁੰਡਾ ਜੁੱਗਨੀ ਗੀਤੈਂ ਬਜਾਵਤਿ ਤਾਲ ਅਛਰਾਨੀ ਨਚਿਤ ਤਹਿੰ ਰੁਦ੍ ਚੀਰਾਨੋ ॥ ਹਰਖੰਤਿ ਨਾਰਦ ਰੁ ਤੁਮਰ ਹਾਹਾ ਹੂਹੂ ਬੇਨੁ ਦੁਸਤਰ ਅਟਾਅਟ ਹਾਸ ਖੰਕਾਲੀ ਸਮਜ ਬਿਪ੍ਰੀਤਿ ਪਹੀਚਾਨੋਂ ॥੧੧॥੬੭੬॥੧੨੦੮॥੩੫੨੭॥ ਰੇਖ਼ਤਾ ਸਤੇਜ਼ੀ ਪ੍ਰਾਲਬਧੁ ਪਖਜਾਨ ਤ੍ਵ ਬਲ ॥ ਸੁਭਾ ਸੁਭ ਕਰਮ ਕਰ ਪ੍ਰਾਪਤਿ ਅਨੁਗ੍ਰਹ ਬਰ ਦੁਖ ਸੁਖ ਸਰਾਪਤਿ ਸੁਭਾ ਸੁਭ ਗ੍ਰਹਨਿ ਕੇ ਫਲ ਜੋ ਲਿਖਾ ਬਿਧਿਨਾ ਸੋਈ ਪਾਵੈ ॥ ਲਿਖਾ ਸਿਰਲੇਖ ਬਿਧਿ ਜਾਂ ਕੈ ਭੁਗਤਿ ਫਲ ਜੀਵ ਸੋਈ ਤਾਂ ਕੈ ਕਰਮ ਕੇ ਫੇਰ ਕਰਿ

Scanned by CamScanner

ਜਨਮਤ ਪਰਾਲਬਧੌ ਆਵੈ ਜਾਵੈ ॥ ਸੁਭਾ ਸੁਭ ਚਰਾਚਰ ਮਾਥੇ ਔ ਨਾਨਾ ਜਨਮਨ ਲੇ ਥਾਕੇ ਜਿਸੀ ਪਰ ਕ੍ਰਿਪਾ ਭਵ ਖੰਡਨ ਸੋਊ ਰਨ ਜਗ ਫਤੇ ਪਾਵੈ ॥ ਪ੍ਰਭੂ ਸੁਰ ਭਗਤਿ ਜਯ ਪਾਵੈਂ ਅਭਗਤਿ ਅਸੁਰ ਅਧੋਗਤਿ ਜਾਵੈਂ ॥ ਕਿਯੋ ਫਲ ਭੋਗਨੋ ਅਵੱਸੰ ਨਿਗਮ ਆਗਮ ਸੁ ਕਬੀ ਗਾਵੈ ॥੧੨॥੬੭੭॥ ੧੨੦੯॥੩੫੨੮॥ਬਰਹੀ ੧॥

ਬਿਸਨੁਪਦ ਪੁੰਨਜਾਕੀ ਛੰਦ ਰਸਾਵਲ ਅਥ ਸਮਰੁ ਪਖਜਾਨ ਸ੍ਰੀ ਸਰਬਲੋਹ ਬੀਰਜਨਾਦ ਬਿਬੇਕ ਅਬਿਬੇਕ ਸਮਰ ਕਥਤੇ ਤ੍ਵ ਬਲ ॥ ਮਚੀ ਮਾਰ ਭਾਰੀ ॥ ਛੁਟੀ ਰੁਦ੍ਰ ਤਾਰੀ ॥ ਪਰਜੋ ਲੋਹ ਗਾਢੋ ॥ ਭਟੰ ਰੋਸ ਬਾਢੋ ॥੧॥੬੭੮॥੧੨੧੦॥ ੩੫੨੯॥ ਛੰਦ ॥ ਬਿਬੇਕ ਸਮੁਹਿ ਰੁੱਝੇ ॥ ਅਬਿਬੇਕ ਭਟਨ ਦੱਝੇ ॥ ਮਨ ਸਾਰਥੀ ਭਯੋ ਤਾਸ ॥ ਬਿਬੇਕ ਨ੍ਰਿਪ ਬਰ ਭਾਸ ॥੨॥੬੭੯॥੧੨੧੧॥੩੫੩੦॥ ਅਬਿਬੇਕ ਸਾਰਥੀ ਕੂੜ ॥ ਜਿਨ ਤਾਂਹਿ ਕੀਨਜੋ ਮੂੜ ॥ ਬਹੁ ਭਾਂਤਿ ਯੁੱਧ ਮੰਡੰਤ ॥ ਅਬਿਬੇਕ ਬਿਬੇਕ ਦੁਰੰਤ ॥੩॥੬੮੦॥੧੨੧੨॥੩੫੩੧॥ ਸਰਬਲੋਹੁ ਬੀਰਜਨਾਦ ॥ ਕੀਨੇ ਸੁ ਬਿਬਿਧ ਬਿਬਾਦ॥ ਛਾਡੇ ਪਰਸਪਰ ਬਾਨ ॥ ਮਾਯਾ ਸੁਰਾਸੁਰ ਠਾਨ ॥੪॥੬੮੧॥੧੨੧੩॥੩੫੩੨॥ ਭਟ ਲੜਤਿ ਦੁਹੂੰ ਦਿਸ ਚਉਪ ॥ ਜਿਮ ਦੇਤੁ ਭੂਖਨ ਓਪ ॥ ਕਢਿ ਤੂਨ ਬਾਨ ਕਰਾਲ ॥ ਛਾਡੰਤ ਦੁਹੂੰ ਭਟ ਬਜਾਲ ॥੫॥੬੮੨॥੧੨੧੪॥੩੫੩੩॥ ਸਰਬਲੋਹੋ ਬੀਰਜਨਾਦ ॥ ਸਰ ਹਰਤਿ ਘੋਰ ਪ੍ਰਮਾਦ॥ ਮਾਰੂ ਬਜਤਿ ਸ਼ਹਨਾਯ ॥ ਤੰਬੂਰ ਝਾਂਝ ਕਰਨਾਜ ॥੬॥੬੮੩॥੧੨੧੫॥੩੫੩੪॥ ਬਾਰੰਗਨੀ ਪਿਖ ਹੂਰ ॥ ਲੈ ਬਰਤਿ ਸਾਵੰਤ ਸੂਰ ॥ ਲਖ ਦੇਵ ਸਰਬਿ ਬਿਵਾਨ ॥ ਸਰਬਲੋਹ ਜੁੱਧ ਨਿਦਾਨ ॥੭॥੬੮੪॥ ੧੨੧੬॥੩੫੩੫॥ ਬੀਰਜਨਾਦ ਬਿਧ ਤਕਿ ਬਾਨ ॥ ਸਰਬਲੋਹ ਘਾਵਤ ਧਾਨ॥

Scanned by CamScanner

ਬਿਬੇਕ ਅਬਿਬੇਕ ਸਮਰ ਨਿਦਾਨ ॥ ਯਹਿ ਮਾਹਿ ਦਾਨਵ ਹਾਨੁ ॥੮॥੬੮੫॥੧੨੧੭॥੩੫੩੬॥ ਮਾਯਾ ਨਿਸਾਚਰਿ ਠਾਨ ॥ ਬਹੁ ਬਿਧ ਪ੍ਰਹਾਰਸਿ ਬਾਨ॥ ਭਜੋ ਅੰਧਕਾਰ ਦਿਸਾਨ ॥ ਦਿਸ ਰੁਕਜੋ ਰਾਖਸ਼ ਬਾਨ ॥੯॥੬੮੬॥੧੨੧੮॥ ੩੫੩੭॥ ਹੁਲਾਸ ਬਿਬੇਕ ਬਡਿਕ ਸੂਰੁ ॥ ਸਭਿ ਭਟਨ ਮੋ ਰੂੜ ॥ ਬੋਧ ਸੂਰ ਪ੍ਰਚੰਡ ॥ ਸਜਤ ਬਲਿਸ੍ਰ ਰਨ ਮੰਡ ॥੧੦॥੬੮੭॥ ੧੨੧੯॥੩੫੩੮॥ ਬਿਦਜਾ ਅਰੁ ਸੰਜੋਗ ॥ ਸੁਕ੍ਰਿਯਾ ਅਉ ਆਰੋਗ ॥ ਸੁਕਰਮ ਸ੍ਰੂਛ ਪ੍ਰਬੋਧ ॥ ਸੁ ਦਾਨ ਸੁਭਾਵ ਪ੍ਰਜੋਗ ॥੧੧॥ ੬੮੮॥੧੨੨੦॥੩੫੩੯॥ ਉਪਕਾਰ ਹੰਸ ਸੁ ਮੰਤ ॥ ਤੇ ਹਠੇ ਸੂਰ ਦੁਰੰਤ ॥ ਸਪਤ ਦਸ ਮਹਾਂਬਲਿ ਸੂਰ ॥ ਰਣਧੀਰ ਯੋਧਨ ਗੂੜ ॥੧੨॥੬੮੯॥੧੨੨੧॥੩੫੪੦॥ ਸਰਬਲੋਹ ਪਾਰਿਸਦ ਬੀਰ ॥ ਕੁਟੰਬੀ ਬਿਬੇਕ ਰਣਧੀਰ ॥ ਚੜ੍ਹ ਬਿਬਿਧ ਜਾਨ ਮਹਾਨ ॥ ਨਹਿ ਜਾਤ ਤਾਸੁ ਬਖਾਨ ॥੧੩॥੬੯੦॥੧੨੨੨॥ ੩੫੪੧॥ ਗਹਿ ਸ਼ਸਤ੍ਰ ਅਸਤ੍ਰ ਅਨੇਕ ॥ ਪ੍ਰਧਾਨ ਭਟਨ ਬਿਬੇਕ ॥ ਸਮੁਹਾਇ ਜੁੱਟੇ ਧੀਰ ॥ ਲਲਕਾਰ ਭ੍ਰਿਤਨ ਗਹੀਰ ॥੧੪॥੬੯੧॥੧੨੨੩॥੩੫੪੨॥ ਅਬਿਬੇਕ ਭ੍ਰਿਤਨ ਦੁਰੰਤ ॥ ਨਿਸਰੇ ਕਟਕ ਤੇ ਦੰਤ ॥ ਤਿਨ ਕੇ ਕਥਤ ਹਉਂ ਨਾਮ ॥ ਜਾਂ ਬਿਧ ਰੁਪੇ ਸੰਗ੍ਰਾਮ ॥੧੫॥੬੯੨॥੧੨੨੪॥੩੫੪੩॥ ਅਤਿ ਬੈਰ ਰੋਸ ਗੁਮਾਨ ॥ ਦੁਰਵ੍ਰਿਤਿ ਨਿੰਦਜਾ ਧਾਨ ॥ ਭ੍ਰਮ ਦ੍ਰੋਹਤਾ ਪਾਪਿਸ੍ਰ ॥ ਅਨੁਚਰ ਕੁਚੀਲ ਅਰਿਸ੍ਰ ॥੧੬॥੬੯੩॥੧੨੨੫॥੩੫੪੪॥ ਆ ਘੋਰ ਘਾਤ ਅਰੁ ਖੇਦ ॥ ਦੁਰਾਚਾਰ ਦੁਰਮਤਿ ਭੇਦ ॥ ਸਪਤ ਦਸ ਮਹਾਨ ਕੂੜ ॥ ਅਬਿਬੇਕ ਭਟਨ ਬਿਮੂੜ ॥੧੭॥੬੯੪॥੧੨੨੬॥੩੫੪੫॥ ਬਿਬਿਧ ਬਾਹਨ ਸੈਨ ॥ ਭਟ ਚਲੇ ਨਿਸਚਰ ਲੁਝੈਨ ॥ ਦੈ ਬੰਬ ਮਾਰੂ ਸੱਦ ॥ ਬੀਰਜ ਨਾਦ ਭਟਨ ਬਿਹੱਦ ॥੧੮॥੬੯੫॥੧੨੨੭॥੩੫੪੬॥ ਰਸਾਵਲ ਛੰਦ ॥

ਪਰਸਪਰ ਪ੍ਰਚਾਰਤ ॥ ਬਿਬਿਧ ਸਰ ਪ੍ਰਹਾਰਤ ॥ ਮੰਡਯੋ ਘੋਰ ਜੁੱਧੰ ॥ ਭਟਨ ਭਟ ਬਿਰੁੱਧੰ ॥੧੯॥ ੬੯੬॥੧੨੨੮॥ ੩੫੪੭॥ ਅਨਿਕ ਸ਼ਸਤ੍ਰ ਡਾਰਤ ॥ ਪ੍ਰਲਜ ਯੁੱਧ ਪਾਰਤ ॥ ਬਲੀ ਬੀਰ ਦੋਊ ॥ ਸਮਰ ਮੰਡ ਸੋਊ ॥੨੦॥ ੬੯੭॥੧੨੨੯॥੩੫੪੮॥ ਕਰੈ ਪ੍ਰਬਲ ਮਾਰੰ ॥ ਬਿਬਿਧ ਬ੍ਰਿਨ ਸਾਰੰ ॥ ਸਰੰ ਤਿੱਛ ਬੇਧਿਤ ॥ ਚਰਮ ਚਰਮ ਛੇਦਿਤ ॥੨੧॥੬੯੮॥੧੨੩੦॥੩੫੪੯॥ ਬਿਧੇ ਅੰਗ ਦੋਊ ॥ ਸੁਰਾ ਸੁਰ ਸਮੋਊ ॥ ਨਦੀ ਸ੍ਰੌਣ ਪੂਰੰ ॥ ਝਰੇ ਅੰਗ ਸੂਰੰ ॥੨੨॥੬੯੯॥੧੨੩੧॥੩੫੫੦॥ ਪੁਰੇਜ਼ੇ ਪੁਰੇਜ਼ੇ ॥ ਤਨੰ ਸੂਰ ਗੇਜੇ ॥ ਸੁ ਨੇਜ਼ਾਨ ਘਾਯਲ ॥ ਦੁਹੁਨ ਸੂਇ ਹਾਯਲ ॥੨੩॥੭੦੦ ॥੧੨੩੨॥੩੫੫੧॥ ਟਰੈਂ ਨਾਹਿ ਕੈਸੇ ॥ ਸਮਰ ਬਜਾਘ੍ਰ ਜੈਸੇ ॥ ਅਰਜੋ ਏਕ ਏਕੰ ॥ ਕਰੇ ਸਤ੍ਰ ਨੇਕੰ ॥੨੪॥੭੦੧॥੧੨੩੩॥੩੫੫੨॥ ਕਰੈਂ ਬਾਨ ਬਰਖਾ ॥ ਕਥੈਂ ਕਾਬਜ ਕਰਖਾ ॥ ਬਜੈ ਬੰਬ ਮਾਰੂ ॥ ਦੁਹੂੰ ਦਿਸ ਜੁਝਾਰੂ ॥੨੫॥੭੦੨॥੧੨੩੪॥੩੫੫੩॥ ਹਸੈਂ ਕੰਕ ਬੰਕੰ ॥ ਭਿਰਤਿ ਭਟ ਨਿਸੰਕੰ ॥ ਹਸੰ ਦੇਖ ਸਿੱਧੰ ॥ ਡਕਤਿ ਕਾਕ ਗ੍ਰਿੱਧੰ ॥੨੬॥੭੦੩॥੧੨੩੫॥੩੫੫੪॥ ਨਚੇ ਗਾਂਧ੍ਰਬੇ ਯੰ ॥ ਜੁਟੇ ਭਟ ਦੁਰਜੇਯੰ ॥ ਪ੍ਰਬਲ ਮਾਰ ਦਿੰਨਜੋ ॥ ਬਿਖਮ ਲੋਹ ਕਿੰਨਜੋ ॥੨੭॥੭੦੪ ॥੧੨੩੬॥੩੫੫੫॥ ਪਰਸਪਰ ਪ੍ਰਚਾਰਤ ॥ ਪ੍ਰਬਲ ਬਾਨ ਡਾਰਤ ॥ ਛਿਦੇ ਅੰਗ ਅੰਗੰ ॥ ਭਿਟੇ ਸਰਬ ਜੰਗੰ ॥੨੮॥੭੦੫॥੧੨੩੭॥੩੫੫੬॥ ਭਕਤਿ ਸ੍ਰੌਨ ਅੰਗੰ ॥ ਕਰਜੋ ਜੰਗ ਤੰਗੰ ॥ ਦੋਊ ਸ਼ਸਤ੍ਰ ਕਾਟਤ ॥ ਭਟਨ ਬਾਨ ਪਾਟਤ ॥੨੯॥੭੦੬॥੧੨੩੮॥ ੩੫੫੭॥ ਬਿਬੇਕਾ ਬਿਬੇਕ ਜੂਟੈ ॥ ਸਰੰ ਤਿੱਛ ਛੂਟੇ ॥ ਕਰੇ ਮਾਰ ਬਾਨੰ ॥ ਗਦਾ ਗਰਿਸ੍ਰ ਕ੍ਰਿਪਾਨੰ ॥੩੦॥ ੭੦੭॥੧੨੩੯ ॥੩੫੫੮॥ ਬ੍ਰਿਨੀ ਭਟਨ ਦੋਊ ॥ ਮਹਾਰਾਜ ਓਊ ॥ ਭਟਨ ਤਾਸ ਰੁੱਕੇ ॥ ਪ੍ਰਲਯ ਸਮਰ ਰੁਪੈ

॥੩੧॥੭੦੮॥੧੨੪੦॥੩੫੫੯॥ ਦਿਸਾ ਘੇਰ ਲੀਨੇ ॥ ਛਰਨ ਅੰਧ ਕੀਨੇ ॥ ਹਠੇ ਸਰਬਲੋਹੰ ॥ ਬੀਰਜਨਾਦ ਦ੍ਰੋਹੰ ॥੩੨॥੭੦੯॥੧੨੪੧॥੩੫੬੦॥ ਕਰੀ ਮਾਰ ਭਾਰੀ ॥ ਅਸੁਰ ਅਉ ਮੁਰਾਰੀ ॥ ਮਹਾਂ ਤਿੱਛ ਬਾਨੰ ॥ ਛਡੇ ਚਕ੍ਰਪਾਨੰ ॥੩੩॥੭੧੦॥੧੨੪੨॥੩੫੬੧॥ ਬੀਰਜਨਾਦ ਸਾਯਕ ॥ ਹਨੇ ਯੁੱਧ ਲਾਯਕ ॥ ਅਟਾ ਟਾਟ ਹਾਸੰ ॥ ਪਰਸਪਰ ਹੁਲਾਸੰ ॥੩੪॥੭੧੧॥੧੨੪੩॥ ੩੫੬੨॥ ਸਯੰਦਨ ਪ੍ਰੇਰਤ ॥ ਸਮਰ ਅਸੁਰ ਛੇਰਤ ॥ ਸੁਰਨ ਗੈਨ ਦੇਖਤਿ ॥ ਬਡੋ ਹਿਯਾਉ ਲੇਖਤਿ ॥੩੫॥੭੧੨॥੧੨੪੪॥੩੫੬੩॥ ਸ੍ਰਸਤੈਨ ਭਾਖਤਿ ॥ ਬਿਜੈ ਹਰਿ ਭਿਲਾਖਤਿ ॥ ਗਣੰ ਗਾਂਧ੍ਰਬੇਯੰ ॥ ਚਰੰ ਚਾਰਣੇਯੰ ॥੩੬॥੭੧੩॥੧੨੪੫॥੩੫੬੪॥ ਨਿਤ੍ਰੰ ਗਾਨ ਪੂਰਤਿ ॥ ਸਮਰ ਹਰਸ ਸੂਰਤਿ ॥ ਹਸੈ ਪਾਰਬਤੀਸੰ ॥ ਗਨੰ ਮਾਲ ਮੀਸੰ ॥੩੭॥੭੧੪॥੧੨੪੬॥੩੫੬੫॥ ਰੁਚਿਰ ਜੁੱਧ ਮੰਡੇ ॥ ਮਹਾਂਪ੍ਰਭੁ ਪ੍ਰਚੰਡੇ ॥ ਤਜਤਿ ਘੋਰ ਬਾਨੰ ॥ ਕਠਿਨ ਤਿੱਛ ਕ੍ਰਿਪਾਨੰ ॥੩੮॥੭੧੫॥੩੫੬੬॥ ਮੰਡਜੋ ਸਮਰ ਗਾਢੋ ॥ ਸਰਬਲੋਹ ਡਾਢੋ ॥ ਬੀਰਜ ਨਾਦ ਬਾਨਨ ॥ ਛਡਿਤ ਤਾਨ ਕਾਨਨ ॥੩੯॥੭੧੬॥ ੧੨੪੮॥੩੫੬੭॥ ਕਠਿਨ ਬਾਨ ਮਾਰਤ ॥ ਜਨਿੰਦ੍ਰ ਪ੍ਰਚਾਰਤ ॥ ਪ੍ਰਸੰਨ ਚਿੱਤ ਮੁੱਖੰ ॥ ਲੜਤਿ ਸਮਰ ਮੁੱਖੰ ॥੪੦॥੭੧੭॥੧੨੪੯॥੩੫੬੮॥ ਸਨਾਸੱਨ ਬਾਨੰ ॥ ਤੜਾਤੜ ਕਮਾਨੰ ॥ ਬਜਤਿ ਦੀਹ ਮਾਰੂ ॥ ਪ੍ਰਲਯ ਸੱਦ ਘਾਰੂ ॥੪੧॥੭੧੮॥੧੨੫੦॥੩੫੬੯॥ ਲਖੇ ਜਤ੍ਰ ਤਤ੍ਰੰ ॥ ਝਮਾਝੱਮ ਸ਼ਸਤ੍ਰੰ॥ ਹਲਾਚਾਲ ਵੀਰੰ ॥ ਮਚੀ ਮਾਰ ਤੀਰੰ ॥੪੨॥੭੧੯॥੧੨੫੧॥੩੫੭੦॥ ਕਛੰ ਕਾਛ ਕਾਛੈ ॥ ਸਮਰਮੰਡ ਆਛੈ ॥ ਮੁੜਤ ਨਾਹਿ ਕਉਨੈ ॥ ਸਮਰ ਚਾਇ ਗਉਨੈ ॥੪੩॥੭੨੦॥੧੨੫੨॥ ੩੫੭੧॥ ਸਰਬਲੋਹ ਜੁਧੰ ॥ ਕਥੈ ਕਾਬਜ ਸੁੱਧੰ ॥ ਸੁਨੈ ਪਾਪ ਨਾਠੇ ॥ ਧਰਮ ਗਾਠ ਗਾਠੇ ॥੪੪॥

੭੨੧॥੧੨੫੩॥੩੫੭੨॥ ਜੌ ਕਥੌਂ ਏਕ ਏਕੰ ॥ ਸਮਰ ਕਰ ਬਿਸੇਖੰ ॥ ਬਢੈ ਪ੍ਰਸੰਗ ਯਾ ਕਹੁ ॥ ਤ੍ਰਸਤ ਹੀਯ ਮਾ ਕਹੁ ॥੪੫॥੭੨੨॥੧੨੫੪॥੩੫੭੩॥ ਯਾਂਤੇ ਏਕ ਬਾਰੰ ॥ ਕਥਜੋ ਸਮਰ ਪਾਰੰ॥ ਜਨਿੰਦ੍ਰ ਸਮਰ ਬਾਨੀ ॥ ਕਥੈ ਕੋ ਕਹਾਨੀ ॥੪੬॥੭੨੩॥੧੨੫੫॥੩੫੭੪॥ ਕ੍ਰਿਪਾ ਨਾਥ ਕੇਰੀ ॥ ਕਥਜੋ ਸਮਰ ਟੇਰੀ ॥ ਮਹਿਮਾ ਤਿਹਾਰੀ ॥ ਕਥੈ ਕਉਨ ਸਾਰੀ ॥੪੭॥੭੨੪॥੧੨੫੬॥੩੫੭੫॥ ਕਲਪ ਕਲਪ ਕੋਊ ॥ਰਟੈ ਸ਼ੇਸ਼ ਜੋਊ ॥ ਲਹੇ ਨਾਹਿ ਮਰਮੰ ॥ ਭੂਲੇ ਪ੍ਰਕ੍ਰਿਤਿ ਭਰਮੰ ॥੪੮॥ ੭੨੫॥੧੨੭੫॥ ੩੫੭੬॥ ਛਾਯਾ ਸਮਰ ਓਊ ॥ ਕਰਜੋ ਕਾਬਜ ਸੋਊ ॥ ਜਹਾਂ ਭੂਲ ਲਹਿੱਯੋ ॥ ਅਖਰ ਬਨਾਇ ਕਹਿੱਯੋ ॥੪੯॥੭੨੬॥੧੨੫੮॥੩੫੭੭॥ ਅਲਪ ਮਤਿ ਹਮਾਰੀ ॥ ਸੁ ਕਬਿ ਕਾਬਜ ਥਾਰੀ ॥ ਸਰਬਲੋਹ ਗੁਨਾਨੁ ਬਾਦੰ ॥ ਕਥਜੋ ਤਜਿ ਬਿਬਾਦੰ ॥੫੦॥ ੭੨੭॥੧੨੫੯॥੩੫੭੮॥ ਕ੍ਰਿਪਾ ਐਸੁ ਕੀਜੋ ॥ ਪਦੰ ਸੁਧਾਰ ਲੀਜੋ ॥ ਭਈ ਦਜਾਲ ਸਾਰਦ ॥ ਕਥਜੋ ਕਾਬਯ ਬਿਸਾਰਦ ॥੫੧॥੭੨੮॥੧੨੬੦॥੩੫੭੯॥ ਜਹਾਂ ਚੂਕ ਲਹੀਜੋ ॥ ਤਹਾਂ ਬਨਾਇ ਕਹੀਯੋ ॥ ਇਹੈ ਬਿਨਯ ਮੋਰੀ ॥ ਕਰਤਿ ਪਾਨ ਜੋਰੀ ॥੫੨॥੭੨੯॥ ੧੨੬੧॥੩੫੮੦॥ ਸੁ ਕਬਿ ਕਾਬਜ ਤੋਰੀ ॥ ਕਰਤਿ ਬਹੁ ਨਿਹੋਰੀ ॥ ਪਰਦ ਢਾਕ ਲੀਜੋ ॥ ਹਸੀ ਨਾਹਿ ਕੀਜੋ ॥੫੩॥ ੭੩੦॥੧੨੬੨॥੩੫੮੧॥ ਕਬਿਨ ਕਾਬਜ ਗੂੜੰ ॥ ਜਿਮੰ ਬ੍ਰਿਧ ਰੂੜੰ ॥ ਬਿਸਨੁ ਬੀਰਜ ਨਾਦੰ ॥ ਸੁਨਹੁ ਸਰਬ ਸਾਧੰ ॥੫੪॥੭੩੧॥੧੨੬੩॥੩੫੮੨॥ ਬਿਬੇਕ ਸਮਰ ਭਾਰੋ ॥ ਨਿਧਨ ਅਸੁਰ ਸਾਰੋ॥ ਬਿਚਾਰ ਬਿਬੇਕ ਜੋਧਾ ॥ ਜਿਨ ਸਕਲ ਅਰਿਸ੍ਰ ਸੋਧਾ ॥੫੫॥੭੩੨॥੧੨੬੪॥ ੩੫੮੩॥ ਚਢਾਇ ਅਗ੍ਰ ਬਾਨੰ ॥ ਬਿਚਾਰ ਬਿਬੇਕ ਭਗਵਾਨੰ ॥ ਸਰਬਲੋਹ ਜਨਿੰਦ੍ਰੰ ॥ ਕ੍ਰਿਪਾ ਸਿੰਧੁ ਮੁਨਿੰਦ੍ਰ

॥੫੬॥੭੩੩॥੧੨੬੫॥੩੫੮੪॥ ਅਬਿਬੇਕ ਅਸੁਰ ਨਾਸਜੋ ॥ ਸੁਛਰ ਮਹਾਂ ਪ੍ਰਕਾਸਜੋ ॥ ਧੂਮ੍ਰ ਜ੍ਵਾਲ ਛਾਡਤਿ ॥ ਚਲਜੋ ਛਰਸ ਮਾਂਡਤਿ ॥੫੭॥੭੩੪॥੧੨੬੬॥੩੫੮੫॥ ਗਰੂਅ ਬਿਸ੍ਵ ਤੇਜਾ ॥ ਛਰੰ ਭਾਲ ਹਨੇ ਜਾ ॥ ਗਰਜਨ ਘੋਰ ਤਾਂ ਕਾ ॥ ਚਢਜੋ ਮ੍ਰਿਤੁ ਵਾਂ ਕਾ ॥੫੮॥੭੩੫॥੧੨੬੭॥ ੩੫੮੬॥ ਅਬਿਬੇਕੋ ਬੀਰਜਨਾਦੰ ॥ ਰਚਜੋ ਸਰਬ ਉਪਾਧੰ ॥ ਹਨਜੋ ਤ੍ਰੁਸਮੀਸੰ ॥ ਜਨਿੰਦ੍ਰ ਜਗਦੀਸੰ ॥੫੯॥੭੩੬॥੧੨੬੮॥੩੫੮੭॥ ਮਹਾਂ ਮੁਖ ਪਸਾਰੇ ॥ ਚਲਜੋ ਛਰ ਅਪਾਰੇ ॥ ਤਜਤਿ ਜ੍ਵਾਲ ਮਾਲਾ ॥ ਛਰੰ ਮ੍ਰਿਤਜੁ ਕਾਲਾ ॥੬੦॥੭੩੭॥੧੨੬੯॥੩੫੮੮॥ ਲਗਜੋ ਜਾਇ ਗ੍ਰੀਵੰ ॥ ਕਟੇ ਕੰਠ ਖੀਵੰ ॥ ਬੀਰਜਨਾਦ ਝੀਨੇ ॥ ਸਮਰ ਜੈਤ ਜੀਨੇ ॥੬੧॥੭੩੮॥੧੨੭੦॥੩੫੮੯॥ ਮਘਵਾ ਅਮਰ ਹਰਖੇ ॥ ਸੁਰੰ ਪੁਹਪ ਬਰਖੇ ॥ ਨਿਰਤਿ ਅੱਛਰਾਨੀ ॥ ਹਹਰਸ ਪੱਛਰਾਨੀ ॥੬੨॥੭੩੯॥ ੧੨੭੧॥ ੩੫੯੦॥ ਲੀਯੋ ਲੈਹ ਮਾਥੰ ॥ ਮਹਾਂ ਰੁਦ੍ਰ ਹਾਥੰ ॥ ਕੀਯੋ ਮੇਰੁ ਮੁੰਡੰ ॥ ਮਹਾਂਮਾਲ ਸੁੰਡੰ ॥੬੩॥ ੭੪੦॥੧੨੭੨॥ ੩੫੯੧॥ ਕਬੰਧ ਸਮਰ ਜੁਟਜੋ ॥ ਪ੍ਰਲਜ ਸਮਰ ਬੁਠਜੋ ॥ ਨਚਤਿ ਭੂਤ ਬੈਤਾਲਾ॥ ਹਸਤਿ ਪ੍ਰੇਤ ਖੰਕਾਲਾ ॥ ਨਚਤਿ ਰੁਦ੍ਰ ਭੈਰਉ ॥ ਕਾਪਾਲੰ ਘਨੇਰੋ ॥੧॥ਰਹਾਉ॥ ੬੪॥੭੪੧ ॥੩੨੭੩॥ ੩੫੯੨॥ ਛੰਦ ਦੂਜਾ ਭੁਜੰਗ ਪ੍ਰਯਾਤ ॥ ਨਚਤਿ ਬੀਰ ਬੈਤਾਲ ਮਸਾਨੰ ਭੜੰਗੀ ॥ ਰੜੈ ਗ੍ਰਿਧ ਚਾਵੰਡ ਕੰਕੰ ਭਸੁੰਡੀ ॥ ਕਹੂੰ ਨਾਰਦ ਤ੍ਰੁੰਬਰ ਬਜਤਿ ਬੀਨ ਡੌਰੂ ॥ ਕਹੂੰ ਨਾਦ ਦੁੰਦਭਿ ਤੰਬੂਰੰ ਸਠੌਰੂ ॥੧॥੭੪੨॥੧੨੭੪॥੩੫੯੩॥ ਨਿਸੁਨ ਨਾਦ ਡਹਡਹ ਬਜਤਿ ਸਮਰ ਭੂਮੀ ॥ ਕਰੀ ਮਾਰ ਪ੍ਰਬਲ ਡਿਗਤਿ ਸੂਰ ਝੂਮੀ ॥ ਭਈ ਭੀਰ ਭਾਰੀ ਸਮਰ ਕੌਤਕੀ ਤੇ ॥ ਰਲੀ ਜੋਤਿ ਦਾਨਵ ਮੁਖੰ ਸ੍ਰੀ ਪਤੀ ਕੇ ॥੨॥੭੪੩॥੧੨੭੫॥੩੫੯੪॥ ਲਿਯੋ ਘਾਲ ਬਿਵਾਨ ਅਪੱਸਰ ਬਰਾਨੰ ॥ ਮਹਾਂਸੂਰ ਯੋਧਾ

ਬੀਰਜਨਾਦ ਧਾਨੰ ॥ ਕੋਊ ਚੌਰ ਢਾਰੇ ਕੋਊ ਛਤ੍ਰ ਫੇਰਤਿ ॥ ਸਭੀ ਘੋਲਿ ਘੂਮੀ ਪ੍ਰਭਾ ਤਾਸ ਹੇਰਤਿ ॥੩॥੭੪੪॥੧੨੭੬॥੩੫੯੫॥ ਕੋਊ ਪੁਹਪ ਬਰਸਤਿ ਸੁਗੰਧ ਬਾਰਿ ਛੀਂਟਤਿ ॥ ਕੋਊ ਬਾਲਿ ਬੀਜਨ ਕਰਤਿ ਅਤਰ ਸੀਂਚਤਿ ॥ ਕੋਊ ਸੁਰਾ ਪਾਤ੍ਰ ਭਰਿ ਪਿਲਾਵਤਿ ਪਿਜਾ ਕੌ ॥ ਕੋਊ ਲਵੰਗ ਤਾਮੂਲ ਖ੍ਵਾਵਤਿ ਮਿਯਾ ਕੌ ॥੪॥੭੪੫॥੧੨੭੭॥੩੫੯੬॥ ਨਚਤਿ ਕੇਈ ਤਾਥਈ ਬਜਤਿ ਸਾਰੰਗੀ ਡਫ ॥ ਮ੍ਰਿਦੰਗ ਬੀਨ ਬੰਸ ਮੰਜੀਰਨ ਕੇਈ ਸਫ ॥ ਸੁਧੰਗ ਗੂਜਰੀ ਯਮਨ ਬਾਸੰਤ ਸੂਹੀ ॥ ਮਧੁਰ ਤਾਲ ਸ੍ਵਰ ਕੋਕਿਲਾ ਲਾਪ ਕੂਹੀ ॥੧॥ ਬਸਜੋ ਬਾਸ ਸ੍ਵਰਗੰ ਬੀਰਜਨਾਦ ਜਾਈ ॥ ਬਾਸਵ ਦੇਵ ਜੁਤ ਆਇ ਦੀਨੀ ਬਧਾਈ ॥੧॥ਰਹਾਉ॥੫॥੭੪੬॥੧੨੭੮॥੩੫੯੭॥ ਬਿਸਨੁਪਦ ਪੁੰਨਜਾਕੀ ਚਰਪਦ॥ ਪਾਨ ਜੋਰ ਉਸਤੁਤਿ ਬਹੁ ਕੀਨੀ ॥ ਲੋਕਪਾਲ ਮਿਲਿ ਸੁਰਨ ਵਡੀਨੀ ॥ ਭਾਂਤਿ ਭਾਂਤਿ ਅਸਤਵਨ ਕਰਾਹੀ ॥ ਸ਼ੇਸ਼ ਸਾਰਦਾ ਬਿਧ ਭਵ ਤਾਹੀ ॥੧॥੭੪੭॥੧੨੭੯॥੩੫੯੮॥ ਵਰਹਤਿ ਪੁਹਪ ਜੈਕਾਰ ਉਚਾਰਤਿ ॥ ਜਯਤੁ ਜਯਤੁ ਸਰਬਲੋਹ ਪੁਕਾਰਤਿ ॥ ਧਨਜ ਧਨਜ ਜਗਦੀਸ਼ ਗੁਸਾਈਂ॥ ਯਗ ਨਾਯਕ ਪਾਯਕ ਮਹਸਾਈਂ ॥੨॥੭੪੮॥੧੨੮੦॥ ੩੫੯੯॥ ਕਾਰਨ ਕਰਨ ਕਰਤਾ ਅਨਕਾਲਾ ॥ ਸ੍ਰੀ ਸਰਬਲੋਹ ਪਾਲਕ ਕ੍ਰਿਪਾਲਾ ॥ ਮਹਾਂਰਾਜ ਰਾਜਨ ਕੇ ਰਾਜਾ ॥ ਦੀਨ ਬੰਧੁ ਪਾਵਨ ਸਿਰਤਾਜਾ ॥੩॥੭੪੯॥ ੧੨੮੧॥੩੬੦੦॥ ਏਕ ਨੇਕ ਬਹੁ ਰੂਪ ਤੁਮਾਰਾ ॥ ਆਦਿ ਅੰਤੁ ਏਕਹ ਕਰਤਾਰਾ ॥ ਭਵ ਖੰਡਨ ਭਗਵਾਨ ਭਵਨੇਸ਼੍ਵਰ ॥ ਕਾਲ ਰਹਿਤ ਅਨਕਾਲ ਪਰਮੇਸ਼੍ਵਰ ॥੪॥ ੭੫੦॥੧੨੮੨॥੩੬੦੧॥ ਨਾਰਾਇਨ ਨਿਰੰਕਾਰ ਨਿਰੰਜਨ ॥ ਭਯ ਨਾਸਨ ਭ੍ਰਮ ਜਾਰ ਭਉ ਭੰਜਨ ॥ ਮਾਧੋ ਮਹਾਮੋਦ ਮਧੁ ਮਰਦਨ ॥ ਸੁਕਲੰਬਰ ਅਰੁ ਦਾਨਵ ਅਰਦਨ ॥੫॥੭੫੧॥

Scanned by CamScanner

੧੨੯੩॥੩੬੦੨॥ ਸ੍ਰੰ ਸ੍ਰਰੂਪ ਬੈਰਾਟ ਗੋਬਿੰਦੰ ॥ ਸਹੰਸ੍ਰ ਨਯਨ ਕਮਲਾਖ ਮੁਕੰਦ ॥ ਸਹੰਸ੍ਰ ਨਾਸਿਕਾ ਸ੍ਰਵਨ ਅਨੇਕਾ ॥ ਸਹਸਪਾਨ ਪਦ ਬਦਨ ਬਿਬੇਕਾ ॥੬॥੭੫੨॥੧੨੯੪॥ ੩੬੦੩॥ਅਕਾਲ ਪੁਰਖ ਨਿਰਜੁਰ ਨਰ ਨਾਯਕ ॥ ਸੰਤ ਸਹਾਰ ਅਸੁਰ ਖਲ ਘਾਯਕ ॥ ਗਰੁੜਾਸਨ ਗੋਬਿੰਦ ਗਦਾ ਧਰਿ ॥ ਨਿਸ ਕਲੰਕ ਨਿਰਵਿਖ ਮੰਗਲ ਕਰ ॥੭॥੭੫੩॥੧੨੯੫॥੩੬੦੪॥ ਪੀਤਾਂਬਰ ਧਰਿ ਪੰਨਗ ਆਸਨ ॥ ਚਿਦਾਕਾਸ ਸੁਤਹ ਸਿਧ ਪ੍ਰਕਾਸ਼ਨ ॥ ਚਿਦਘਨ ਚਿਨਮਯ ਚਿੰਨਦੇਵ ਹਰਿ ॥ ਚੰਦ੍ਰ ਬਦਨ ਮਨ ਮਥ ਸੋਭਾ ਕਰ ॥੮॥੭੫੪॥੧੨੯੬॥੩੬੦੫॥ ਕਮਲ ਨਯਨ ਕਮਲਾ ਪਤਿ ਕਰਤਾ ॥ ਰੋਗ ਸੋਗ ਦੋਖਨ ਕੋ ਹਰਤਾ ॥ ਪੋਖਕ ਪ੍ਰਜਾਪਾਲ ਸ੍ਰੀ ਬਰਤਾ ॥ ਬਿਸ੍ਵੰਭਰ ਨਾਯਕ ਮਹਿ ਭਰਤਾ ॥੯॥ ੭੫੫॥੧੨੯੭॥੩੬੦੬॥ ਆਜਾਨੁ ਬਾਹੁ ਭੁਜ ਚਾਰ ਸੁਹਾਵਨਿ ॥ ਸੰਖ ਚਕ੍ਰ ਕਰ ਗਦਾ ਲੁਭਾਵਨਿ॥ ਕੰਜਪਾਨ ਰਾਜਤਿ ਅਤਿਸੋਭਾ ॥ ਨਿਰਖ ਦਰਸ ਸੰਤਨ ਮਨ ਲੋਭਾ ॥੧੦॥੭੫੬॥ ੧੨੯੮॥੩੬੦੭॥ ਸੁਰ ਸਾਧੁਨ ਛਿਤ ਗੋ ਤਪ ਹਾਰੀ ॥ ਅਸੁਰ ਮਲੇਛ ਸਤ੍ਰੁ ਭਯਕਾਰੀ ॥ ਸਭੁ ਪਰ ਕ੍ਰਿਪਾ ਦ੍ਰਿਸ੍ਰਿ ਤੁਹਾਰੀ ॥ ਚੀਟੀ ਔ ਕੁੰਚਰ ਪ੍ਰਤਿਪਾਰੀ ॥੧੧॥੭੫੭॥੧੨੯੯॥੩੬੦੮॥ ਨਾਨਾ ਰੂਪ ਧਰਹੁ ਜੋਇ ਭਾਵੈ ॥ ਸੂਖਮ ਸਥੂਲ ਹ੍ਵੈ ਆਪ ਲਖਾਵੈ ॥ ਨੇਤਿ ਨੇਤਿ ਬੇਦ ਤੁਧ ਗਾਵਤਿ ॥ ਸ਼ੇਸ਼ ਸ਼ਾਰਦਾ ਅੰਤੁ ਨ ਪਾਵਤਿ ॥੧੨॥੭੫੮॥੧੩੦॥ ੩੬੦੯॥ ਮਹਾਂਦੇਵ ਤ੍ਰਿਕੁਟੀ ਕਰ ਸੇ ਵਤੁ॥ ਬ੍ਰਹਮਾ ਬਿਸ਼ਨੁ ਨਾਰਦ ਅਰੁ ਦੇਵਤ ॥ ਇਨ ਤੇ ਆਦਿ ਚਰਾਚਰ ਜੇਤੇ ॥ ਤੁਝਹਿ ਅਰਾਧਤਿ ਸਾਧਤਿ ਏਤੇ ॥੧੩॥੭੫੯॥੧੩੧॥੩੬੧੦॥ ਰੋਮ ਰੋਮ ਬ੍ਰਹਮਾਂਡਨ ਧਾਰਹੁ ॥ ਸਭਿ ਸਿਰਲੇਖ ਲਿਖਹੁ ਪ੍ਰਤਿਪਾਰਹੁ ॥ ਉਤਪਤਿ ਪ੍ਰਲਯ ਕਾਰ ਸ੍ਵਾਮੀ ॥ ਪੋਖਨ ਭਰਨ ਸਭ ਅੰਤਰਜਾਮੀ ॥੧੪॥

੭੬੦॥੧੨੯੨॥੩੬੧੧॥ ਸੰਤਨ ਸੁਖੀ ਆਪ ਸੁਖ ਮਾਨਤਿ ॥ ਜਨ ਕੇ ਦੁਖੀ ਆਪ ਦੁਖ ਜਾਨਤਿ ॥ ਜੇ ਜੇ ਸਰਨਿ ਪਰੇ ਪ੍ਰਭੁ ਥਾਰੈ ॥ ਆਪ ਹਾਥ ਦੈ ਤਾਹਿ ਉਬਾਰੈ ॥੧੫॥੭੬੧॥ ੧੨੯੩॥੩੬੧੨॥ ਜੇ ਜੇ ਬਿਮੁਖ ਭਏ ਪਦ ਤੋਰੇ ॥ ਕੁਲ ਯੁਤ ਅਸੁਰ ਰਸਾਤਲ ਬੋਰੇ ॥ ਜੇ ਜੇ ਆਸ ਰਾਵਰੀ ਧਰੈਂ ॥ ਸੁਖ ਸੰਪਤਿ ਕਰਿ ਤਾ ਕਹੁ ਭਰੈਂ ॥੧੬॥੭੬੨॥੧੨੯੪॥੩੬੧੩॥ ਜੇ ਜੇ ਭਜਤਿ ਯਜਤਿ ਤੁਧ ਜਾਪਤਿ ॥ ਤੇ ਤੇ ਤੁਮ ਕਹੁ ਹੋਤਿ ਪ੍ਰਾਪਤਿ ॥ ਜੇ ਜੇ ਬਿਮੁਖ ਭਜਨ ਤੇ ਪਾਪੀ॥ ਨਰਕ ਵਾਸ ਆ ਯੁਗ ਕਰ ਤਾਪੀ ॥੧੭॥੭੬੩॥੧੨੯੫॥ ੩੬੧੪॥ ਜਤ੍ਰ ਤਤ੍ਰ ਤੁਮਹੀ ਦਰਸਾਵਹੁ॥ ਬਨ ਤ੍ਰਿਣ ਮੇਰੁ ਭੂਤ ਮਹਿ ਭਾਵਹੁ ॥ ਮਹਿਮਾ ਤੁਮਰੀ ਕਉਨ ਬਖਾਨਹਿ ॥ ਆਪਨ ਮਰਮ ਆਪਹੀ ਜਾਨਹਿ ॥੧੮॥੭੬੪॥ ੧੨੯੬॥੩੬੧੫॥ ਮਹਾਂਕਾਲ ਪ੍ਰਭੁ ਸਰਣਿ ਤੁਮਾਰੀ ॥ ਸ੍ਰੀ ਸਰਬਲੋਹ ਭਗਵੰਤ ਮੁਰਾਰੀ ॥ ਅੰਤੁ ਰੂਪ ਅਰੁ ਨਾਮ ਤੁਮਾਰਾ ॥ ਬੇਦ ਭੇਦ ਨਹਿ ਪਾਵਤੁ ਪਾਰਾ ॥੧੯॥੭੬੫॥੧੨੯੭॥੩੬੧੬॥ ਸ਼ੰਕਰ ਚਰਣ ਹਿਰਦਯ ਮਹਿ ਧਰਹੀ ॥ ਅਹਿਨਿਸ ਧਯਾਨ ਪਦ ਪੰਕਜ ਕਰਹੀ ॥ ਕੋਟਿ ਤੇਤੀਸ ਦੇਵ ਅਉਤਾਰਾ ॥ ਤੁਮਹਿ ਅਰਾਧਤਿ ਪ੍ਰਾਨਨ ਪਜਾਰਾ ॥੨੦॥ ੭੬੬॥੧੨੯੮॥ ੩੬੧੭॥ ਯੋਗੀ ਮੁਨੀ ਤਪੀ ਸਿਧ ਸਾਧਿਕ ॥ ਸੇਵਤਿ ਪਦ ਕੰਜਨ ਨਿਜ ਬਾਧਿਕ॥ ਤੁਮ ਸਾਗਰ ਤਰੰਗ ਜਗ ਤੇਰਾ ॥ ਹਰਿ ਹਰਿ ਜਨ ਮਹਿ ਭੇਦ ਨ ਹੇਰਾ ॥੨੧॥੭੬੭॥ ੧੨੯੯॥੩੬੧੮॥ ਸਭਿ ਭੂਤਨ ਮੋ ਸਾਛੀ ਤੁਮ ਹੀ ॥ ਭੋਗਹੁ ਸਰਬ ਭੋਗ ਬਹੁ ਭੁਮ ਹੀ ॥ ਸਰਬ ਨਯਨ ਮਹਿ ਜੋਤਿ ਤਿਹਾਰੀ ॥ ਨਾਸਿਕ ਘ੍ਰਾਨ ਲੇਤਿ ਬਲਕਾਰੀ ॥੨੨॥੭੬੮॥੧੩੦੦॥੩੬੧੯॥ ਸਕਲ ਸ੍ਰਵਨ ਤ੍ਵ ਬਲਿ ਕਰਿ ਸੁਨ ਹੀ ॥ ਰਸਨਾ ਬਾਨੀ ਤ੍ਵ ਬਲਿ ਫੁਰ ਹੀ ॥ ਪਾਨ ਪਾਦ ਤ੍ਵ ਸੱਤਾ

ਲੋੜਤਿ ॥ ਜਿਹਵਾ ਬਾਨੀ ਤ੍ਰੂ ਬਲਿ ਬੋਲਤਿ ॥੨੩॥੭੬੯॥੧੩੦੧॥੩੬੨੦॥ ਸਰਬ ਅੰਗ ਤ੍ਰੂ ਆਸ੍ਰਜ ਆਹੈ ॥ ਸੱਤਾ ਥਾਰੀ ਹੋਤੁ ਨਿਰਵਾਹੈ ॥ ਦੇਹੀ ਦੇਹਿ ਸਭੁ ਸੱਤਾ ਥਾਰੀ ॥ ਜੀਵ ਆਤਮਾ ਵਰਤਹ ਸਾਰੀ ॥੨੪॥੭੭੦॥੧੩੦੨॥੩੬੨੧॥ ਭਯ ਕਰਿ ਸੂਰ ਤਪਤਿ ਪ੍ਰਕਾਸ਼ਤਿ ॥ ਚੰਦ੍ ਸੀਤਲ ਤੁਅ ਸੱਤਾ ਭਾਸਤਿ ॥ ਭਯ ਕਰਿ ਪਵਨ ਵਹਤਿ ਮਰਯਾਦਾ ॥ ਸਮੁੰਦ੍ ਬਾਰਿ ਮਰਜਾਦਹਿ ਬਾਂਧਾ ॥੨੫॥੭੭੧॥ ੧੩੦੩॥੩੬੨੨॥ ਭੈ ਕਰਿ ਧਰਨੀ ਅੰਨ ਉਪਾਵਤਿ ॥ ਭੈ ਕਰਿ ਮਘਵਾ ਮੀਂਹ ਬਰਸਾਵਤਿ ॥ ਭੈ ਕਰਿ ਗਗਨੁ ਬਿਨੁ ਥੰਭ ਰਹਾਵਤਿ ॥ ਭੈ ਕਰਿ ਮੇਰੁ ਬਸੁਧਾ ਠਹਿਰਾਵਤਿ ॥੨੬॥੭੭੨॥੧੩੦੪॥੩੬੨੩॥ ਭਯ ਕਰਿ ਬਨਾਸਪਤੀ ਫਲ ਫੂਲਤਿ ॥ ਭਯ ਕਰਿ ਤ੍ਰਿਨ ਲਤਾ ਪਤ੍ ਡੋਲਤਿ ॥ ਭਯ ਕਰਿ ਸ਼ੇਸ਼ ਧਰਨਿ ਸਿਰ ਰਾਖਾ ॥ ਨਿਤ ਨਵਤਨ ਤ੍ਰੂ ਨਾਮ ਸੁ ਭਾਖਾ ॥੨੭॥ ੭੭੩॥੧੩੦੫॥੩੬੨੪॥ ਸਕਲ ਸਮਿਗ੍ਰੀ ਭੈ ਕਰਿ ਥਾਰੇ ॥ ਆਗਜਾ ਵਿਚ ਵਰਤਤਿ ਹੈਂ ਪਜਾਰੇ॥ ਆਗਜਾ ਵਿਚਿ ਸੂਰਜ ਸਸਿ ਤਾਰਾ ॥ ਆਗਜਾ ਮਾਨ ਕਰਤਿ ਉਜਜਾਰਾ ॥੨੮॥੭੭੪॥ ੧੩੦੬॥੩੬੨੫॥ ਆਗਜਾ ਵਿਚੁ ਦੇਵੀ ਅਰੁ ਦੇਵਾ ॥ ਆਗਜਾ ਮਹਿ ਬਿਸ਼ਨੁ ਰੁਦ੍ ਬ੍ਰਹਮੇਵਾ ॥ ਆਗਜਾ ਵਿਚਿ ਵਰਤਤਿ ਮਹਿਤੱਤਾ ॥ ਆਗਜਾ ਮਾਨ ਵਰਤਹ ਉਤਪਤਾ ॥੨੯॥੭੭੫॥ ੧੩੦੭॥੩੬੨੬॥ ਆਗਜਾ ਵਿਚ ਅਕਾਸ਼ ਅਰੁ ਧਰਨੀ ॥ ਸੇਖ ਧਉਲ ਮੀਨ ਕਛੁ ਵਰਨੀ ॥ ਆਗਜਾ ਵਿਚ ਪਉਨੁ ਪਾਨੀ ਬੈਸਵਾਂਤਰ ॥ ਰਜਨ ਦਿਵਸ ਸਸਿ ਸੂਰ ਨਖੱਜਤ੍ ॥੩੦॥੭੭੬॥ ੧੩੦੮॥੩੬੨੭॥ ਆਗਯਾ ਵਿਚ ਦੀਪ ਲੋਅ ਅਰੁ ਸਿੰਧੂ ॥ ਆਗਜਾ ਮਹਿ ਦੈਂਤ ਮਲੇਛ ਸੁਰਗਿੰਦੂ॥ ਆਗਜਾ ਮਹਿ ਬੇਦ ਸ਼ਾਸਤ੍ ਪਉਰਾਨਾ ॥ ਆਗਜਾ ਵਿਚੁ ਰੰਕ ਅਰੁ ਰਾਨਾ

Scanned by CamScanner

॥੩੧॥੭੭੭॥ ੧੩੦੯॥੩੬੨੮॥ ਆਗਜਾ ਵਿਚੁ ਕਉਲਾ ਅਰੁ ਸਾਰਦ ॥ ਬ੍ਰਹਮ ਰਾਜ ਦੇਵ ਰਿਸ਼ਿ ਨਾਰਦ ॥ ਆਗਜਾ ਵਿਚੁ ਖਾਣੀ ਅਰੁ ਬਾਣੀ ॥ ਆਗਜਾ ਮਾਨ ਵਰਤਹ ਸਭਿ ਪ੍ਰਾਣੀ ॥੩੨॥ ੭੭੮॥੧੩੧੦॥੩੬੨੯॥ ਆਗਜਾ ਵਿਚੁ ਸੂਰਜ ਜੋਧ ਵਰਿਯਾਮੂ ॥ ਬਨ ਉਪਬਨ ਗਿਰ ਸਿੰਧੁ ਰੁ ਠਾਮੂ ॥ ਆਗਜਾ ਵਿਚੁ ਦੂਤ ਭੂਤ ਜਮਕਾਲਾ ॥ ਆਗਜਾ ਮਹਿ ਮ੍ਰਿਤਜੁ ਕ੍ਰਿਤਿ ਭੀਹਾਲਾ ॥੩੩॥ ੭੭੯॥੧੩੧੧॥ ੩੬੩੦॥ ਆਗਜਾ ਵਿਚੁ ਦੂਖ ਭੂਖ ਸਹ ਪ੍ਰਾਨੀ ॥ ਆਗਜਾ ਮਹਿ ਸੁਖ ਸੰਪਤਿ ਜਾਨੀ ॥ ਆਗਜਾ ਮਹਿ ਨਦ ਨਦੀ ਸਮੁੰਦਾ ॥ ਆਗਜਾ ਮਹਿ ਨਾਗ ਨਗ ਨਗਰ ਨਰਿੰਦਾ ॥੩੪॥ ੭੮੦॥੧੩੧੨॥੩੬੩੧॥ ਜੇਤੀ ਹੈ ਸਭਿ ਆਗਜਾ ਕਾਰੀ ॥ ਤੁਮ ਦੇਵਹੁ ਸਭਿ ਜਗਤਿ ਭਿਖਾਰੀ ॥ ਇੱਛਾ ਕਰਿ ਸਭੁ ਜਗਤਿ ਉਪਾਵਹੁ ॥ ਬਹੁਰ ਆਪਨੇ ਮਾਹਿ ਸਮਾਵਹੁ ॥੩੫॥੭੮੧॥ ੧੩੧੩॥੩੬੩੨॥ ਅਨਿਕ ਬਾਰਿ ਪਸਰਜੋ ਪਾਸਾਰਾ ॥ ਭਾਂਤਿ ਅਨੇਕ ਪ੍ਰਾਯ ਤਨੁ ਧਾਰਾ ॥ ਭਿੰਨ ਭਿੰਨ ਮਤਿ ਬੁਧਿ ਅਨੇਕਾ ॥ ਬਿਬਿਧ ਭਾਂਤਿ ਪ੍ਰਜਾ ਅਵਿਸੇਖਾ ॥੩੬॥੭੮੨॥ ੧੩੧੪॥੩੬੩੩॥ ਸਭੁ ਕੋ ਕਾਲੁ ਸੋਭਿਨੁ ਕੋ ਕਰਤਾ ॥ ਪਾਲਕ ਪ੍ਰਿਯਾ ਉਦਰ ਸਭਿ ਭਰਤਾ ॥ ਬ੍ਰਹਮਾ ਤੇ ਚੀਟੀ ਪ੍ਰਤਿ ਪਾਲਹੁ ॥ ਜਨਨਿ ਜਨਕ ਸਮ ਪ੍ਰਿਯ ਸਮਾਲਹੁ ॥੩੭॥੭੮੩॥੧੩੧੫॥੩੬੩੪॥ ਕਾਲ ਰਹਿਤ ਅਨਕਾਲ ਸ੍ਵਰੂਪਾ ॥ ਕਹੂੰ ਰੰਗ ਕਹੂੰ ਭਜੋ ਸੁ ਭੂਪਾ ॥ ਕਹੂੰ ਪੁਹਪ ਹ੍ਵੈ ਫੂਲੇ ਆਛੈ ॥ ਕਹੂੰ ਭਮਰ ਹ੍ਵੈ ਭੂਲੇ ਪਾਛੈ ॥੩੮॥੭੮੪॥੧੩੧੬॥੩੬੩੫॥ ਕਹੂੰ ਸਰਿਤਾ ਹ੍ਵੈ ਬਹੇ ਨੀਰਾਸਯ ॥ ਕਹੂੰ ਬ੍ਰਿਖ ਹ੍ਵੈ ਫਲੇ ਮਹਾਸਯ ॥ ਕਹੂੰ ਚੰਦ੍ਰ ਹ੍ਵੈ ਦ੍ਰਵਤਿ ਪਯੂਸਾ ॥ ਕਹੂੰ ਚਕੋਰ ਹ੍ਵੈ ਪ੍ਰੀਤਿ ਮਯੂਸਾ ॥੩੯॥ ੭੮੫॥੧੩੧੭॥੩੬੩੬॥ ਕਹੂੰ ਮੈਲਾਗਰ ਤਰੁ ਹ੍ਵੈ ਠਾਢੈ ॥ ਕਹੂੰ ਭੁਜੰਗ ਹ੍ਵੈ ਲੋਭਹਿ ਗਾਢੈ ॥ ਕਹੂੰ

ਸੂਰ ਹੈ ਸਮਰ ਕਰਾ ਹੀਂ ॥ ਕਹੂੰ ਭੂਪ ਹੈ ਭੋਗ ਭੁਗਾ ਹੀਂ ॥੪੦॥੭੯੬॥੧੩੧੮॥੩੬੩੭॥ ਕਹੂੰ ਸੈਲ ਮਹਿ ਮਾਨਿਕ ਮੋਤੀ ॥ ਕਹੂੰ ਸੂਰ ਸਸਿ ਉਡਗਨ ਜਸੋਤੀ ॥ ਕਹੂੰ ਕਾਲ ਹੈ ਪ੍ਰਜਾ ਭੱਛਾਹੀਂ ॥ ਕਹੂੰ ਕਰਤਾ ਹੈ ਪ੍ਰਜਾ ਰਚਾਹੀਂ ॥੪੧॥੭੯੭॥੧੩੧੯॥੩੬੩੮॥ ਕਹੂੰ ਅਸੁਰ ਤਨ ਬੈਰ ਬਢਾਵਤਿ॥ ਕਹੂੰ ਅਵਤਾਰ ਧਰ ਰੱਛ ਕਰਾਵਤਿ ॥ ਕਹੂੰ ਨਾਰਿ ਨਰ ਕਹ ਤਨੁ ਧਾਰਹੁ ॥ ਭੋਗਹੁ ਬਿਬਿਧ ਭੋਗ ਬਿਵਹਾਰਹੁ ॥੪੨॥੭੯੮॥੧੩੨੦॥੩੬੩੯॥ ਕਹੂੰ ਸਿੰਘ ਹੈ ਕਾਨਨ ਡਕਾਰਤਿ ॥ ਕਹੂੰ ਪਾਰਥੀ ਹੈ ਮ੍ਰਿਗ ਗਨ ਮਾਰਤਿ ॥ ਕਹੂੰ ਹੰਸ ਅਰੁ ਕਹੂੰ ਮਾਨਸ ਭਯੋ ॥ ਕਹੂੰ ਸੀਪ ਮਾਹਿ ਸੁ ਮੁਕਤਾ ਹੁਯੋ ॥੪੩॥੭੯੯॥੧੩੨੧॥੩੬੪੦॥ ਸਰਬ ਰੂਪ ਗੋਬਿੰਦ ਤਿਹਾਰਾ ॥ ਸਗਲ ਸਮਗ੍ਰੀ ਤੋਰਿ ਪਸਾਰਾ ॥ ਸੂਤ੍ਰ ਮਹਿ ਜਿਮ ਮਣੀ ਪਰੋਈ ॥ ਤਿਮ ਸਭਿ ਜਗ ਤੁਮ ਮਾਹਿ ਸਮੋਈ ॥੪੪॥ ੭੯੦॥੧੩੨੨॥ ੩੬੪੧॥ ਅਨਿਕ ਰੂਪ ਅਰੁ ਅਨਿਕ ਤਰੰਗਾ ॥ ਪਾਵਨ ਭੀ ਪਦ ਪਰਸਤਿ ਗੰਗਾ॥ ਚਰਣ ਰੇਣੁ ਲੈ ਸ਼ੰਕਰ ਤਰੇ ॥ ਬ੍ਰਹਮਾ ਦੀਨ ਹੋਇ ਨਿਸਤਰੇ ॥੪੫॥੭੯੧॥ ੧੩੨੩॥੩੬੪੨॥ ਅਨੰਤ ਰੁਦ੍ਰ ਤੁਧ ਸੇਵਤਿ ਸ੍ਵਾਮੀ ॥ ਅਨੰਤ ਬ੍ਰਹਮਾ ਦਰ ਖੜੇ ਹੁਕਾਮੀ ॥ ਅਨੰਤ ਬਿਸ਼ਨੁ ਅਉਤਰਤਿ ਧਰਮੰਸ ॥ ਅਨੰਤ ਉਮਾ ਪਦਮਾ ਅਰੁ ਹੰਸ ॥੪੬॥੭੯੨॥ ੧੩੨੪॥ ੩੬੪੩॥ ਅਨੰਤ ਸ਼ੇਖ ਸ਼ਾਰਦਾ ਨਾਰਦ ॥ ਅਨੰਦ ਬਰੁਣ ਕੁਬੇਰ ਬਿਸਾਰਦ ॥ ਅਨੰਤ ਕਾਲ ਯਮ ਯੱਛ ਕਰਾਲਾ ॥ ਅਨੰਤ ਬਾਸਕਿ ਬਾਸਵ ਘਨਮਾਲਾ ॥੪੭॥੭੯੩॥੧੩੨੫॥੩੬੪੪॥ ਅਨੰਤ ਸੁਮੇਰੁ ਗਿਰ ਕਨਕ ਕੈਲਾਸਾ ॥ ਅਨੰਤ ਬ੍ਰਹਮੰਡ ਰਚਿ ਕਰਹੁ ਬਿਲਾਸਾ ॥ ਸੂਤ੍ਰਧਾਰ ਸਮ ਖ਼ੇਲ ਤੁਮਾਰਾ ॥ ਕੌਤਕ ਕਰਹੁ ਰਚਿ ਪ੍ਰਜਾ ਪਸਾਰਾ ॥੪੮॥੭੯੪॥ ੧੩੨੬॥੩੬੪੫॥ ਅਲਖ ਰੂਪ ਹੈ

Scanned by CamScanner

ਬਿਚਰਹੁ ਸਦਾ ॥ ਸੰਖ ਚਕ੍ਰ ਸਾਰੰਗ ਧਰ ਗਦਾ ॥ ਕਾਹੂੰ ਤੇ ਨਹਿ ਜਾਤੁ ਲਖਾਏ ॥ ਯਾਂਤੇ ਨਿਗਮ ਅਲੱਖ ਕੈ ਗਾਏ ॥੪੯॥੭੯੫॥੧੩੨੭॥੩੬੪੬॥ ਦੇਵ ਰੱਛ ਕੀਨੀ ਕਰ ਮਯਾ ॥ ਰਾਖ ਲਿਯੋ ਮੋਕਹੁ ਕਰਿ ਦਯਾ ॥ ਬੀਰਜਨਾਦ ਸੋਂ ਰੱਛਾ ਕੀਨੀ ॥ ਅਬਿਬੇਕ ਸਤ੍ਰੁ ਸਭਿ ਹਤੇ ਅਪੀਨੀ ॥੫੦॥ ੭੯੬॥੧੩੨੮॥੩੬੪੭॥ ਲਾਜ ਦਾਸਾਨੀ ਪ੍ਰਭੁ ਜੀ ਕੀਨ ॥ ਹਾਥ ਦੇਇ ਦਾਸਨ ਰਖ ਲੀਨ ॥ ਮੁਹਿ ਤੇ ਨੈਕ ਨ ਸੇਵਾ ਸਰਜੋ ॥ ਹਾਰਿ ਹਾਰਿ ਤ੍ਵ ਸਰਨੀ ਪਰਜੋ ॥੫੧॥੭੯੭॥੧੩੨੯॥ ੩੬੪੮॥ ਦੇਵ ਬਿਨਯ ਸੁਨਿ ਬਿਹਸੇ ਸਰਬਲੋਹ ॥ ਤ੍ਵ ਹਿਤੁ ਧਾਰਤੁ ਵਪੁ ਕਰ ਛੋਹ ॥ ਅਭੈ ਦਾਨ ਦੀਨਹੁ ਹਮ ਤੁਮਹਿ ॥ ਨਿਰਭਜ ਹੋਇ ਭਜਹੁ ਤੁਮ ਹਮਹਿ ॥੫੨॥੭੯੮॥੧੩੩੦॥੩੬੪੯॥ ਬਿਸਨੁਪਦ ਪੁਨਜਾਕੀ ਸ੍ਰੀ ਨਾਰਾਯਨੋ ਵਾਚ ਚਰਪਦ ॥ ਅੰਗ ਸੰਗ ਤੁਮਰੇ ਹਮ ਸਦਹੀ ॥ ਜਹਿੰ ਸਿਮਰੇ ਠਾਢੇ ਹਮ ਤਹਿੰ ਹੀ ॥ ਜਨ ਮੁਰਿ ਜੀਵਨੁ ਜਨ ਮੁਰਿ ਪ੍ਰਾਨੁ ॥ ਜਨ ਕੇ ਸੁਖਨ ਸੁਖੀ ਮੁਝ ਜਾਨੁ ॥੧॥੭੯੯॥੧੩੩੧॥੩੬੫੦॥ ਜਨ ਕੇ ਸੰਗ ਹਉਂ ਲਾਗਾ ਫਿਰੋਂ ॥ ਜਨ ਕੇ ਅਰਿਸ੍ਰ ਸਕਲ ਹਉਂ ਹਰੋਂ ॥ ਜਨ ਕੇ ਦੋਖੀ ਸਕਲ ਬਿਦਾਰੋਂ ॥ ਜਨ ਅਪੁਨੇ ਕਉ ਸਾਸ ਸਾਸ ਨਿਹਾਰੋਂ ॥੨॥ ੮੦੦॥੧੩੩੨॥੩੬੫੧॥ ਤਾਤੀ ਵਾਉ ਨ ਲਾਗਨੁ ਦੇਉਂ ॥ ਜਨ ਕਾ ਅਉਖ ਸਭੀ ਹਰਿ ਲੇਉਂ ॥ ਯਾਂ ਤੇ ਹਰੀ ਨਾਮ ਮੁਝ ਕਹਿਤੁ ॥ ਜਨ ਕੇ ਸਗਲ ਅਮੰਗਲ ਦਹਿਤੁ ॥੩॥ ੮੦੧॥੧੩੩੩॥੩੬੫੨॥ ਹਰਿ ਹਰਿ ਹਰੀ ਹਰੇ ਜੋ ਜਾਪਤਿ ॥ ਦੋਖ਼ ਰੋਗ ਸੰਤਾਪ ਕਹੁ ਖਾਪਤਿ ॥ ਚੇਰਾ ਮੁਰ ਤੁਮ ਨਿਰਭੈ ਸਦਾ ॥ ਅਚਲ ਰਾਜ ਭੁੰਚਹੁ ਸਰਬਦਾ ॥੪॥੮੦੨॥੧੩੩੪॥੩੬੫੩॥ ਅਤਿ ਪ੍ਰਸੰਨ ਹਮ ਤੁਮਰੇ ਊਪਰੁ ॥ ਸੇਵ ਕਰੀ ਤੁਮ ਮੇਰੀ ਦੁਸਤਰ ॥ ਮਨ ਇੱਛਾ ਤੁਮਰੇ ਵਰ

Scanned by CamScanner

ਮਾਂਗਹੁ ॥ ਅਤਿ ਸੰਤੁਸ਼ਟ ਹਮ ਤੁਮ ਅਨੁਰਾਗਹੁ ॥੫॥੮੦੩॥੧੩੩੫॥੩੬੫੪॥ ਐਸੇ ਜਬ ਦੇਵਨ ਪ੍ਰਤਿ ਕਹੇ ॥ ਪ੍ਰਸੰਨ ਦੇਵਤਾ ਸਗਰੇ ਲਹੇ ॥ ਹਾਥ ਜੋੜ ਸੁਰ ਬਿਨਜ ਹਰਿ ਕੀਨੀ ॥ ਸ਼ਰਨਿ ਸ਼ਰਨਿ ਕਹਿ ਬਨੈ ਅਧੀਨੀ ॥੬॥੮੦੪॥੧੩੩੬॥੩੬੫੫॥ਖਸ੍ਮਕ ੧॥ ਬਿਸਨੁਪਦ ਪੁਨਜਾਕੀ ਦੇਵਾ ਊਚੂ॥ ਯਹੈ ਦਾਨੁ ਦੀਜਹਿ ਪ੍ਰਭੁ ਮੋਹੂ ॥ ਦਾਸ ਜਾਨ ਕੀਜੈ ਪ੍ਰਭੁ ਛੋਹੂ ॥ ਆਪਨਿ ਭਗਤੀ ਦਾਸਤ ਭਾਏ ॥ ਯਹੈ ਦਾਨੁ ਦੀਜਹਿ ਹਰਿ ਰਾਏ ॥੭॥੮੦੫॥੧੩੩੭॥੩੬੫੬॥ ਦਾਸ ਤੁਹਾਰੇ ਕਹੁ ਸਤਿ ਸੰਗ ॥ ਦੇਹੁ ਦਯਾਨਿਧਿ ਦਾਨ ਅਭੰਗ ॥ ਪ੍ਰੀਤਿ ਚਰਨ ਸੰਗੁ ਘਟੈ ਨ ਮੋਰੀ ॥ ਸ੍ਰੀ ਸਰਬਲੋਹ ਸਰਨਾਗਤਿ ਤੋਰੀ ॥੨॥੮੦੬॥੧੩੩੮॥੩੬੫੭॥ ਬੀਰਜਨਾਦ ਕਾਹੂੰ ਤੇ ਨਹਿ ਮਰਤੁ ॥ ਤ੍ਰੈਲੋਕਿ ਤ੍ਰਾਸ ਤ੍ਰਾਸ ਤੇ ਜਰਤੁ ॥ ਤਾਂ ਕਹੁ ਨਿਧਨ ਕੀਨ੍ਹ ਮਹਾਰਾਜਾ ॥ ਪ੍ਰਲਜ ਯੁਧ ਤੁਮਹੀ ਕਹੁ ਛਾਜਾ ॥੩॥੮੦੭॥ ੧੩੩੯॥੩੬੫੮॥ ਆਦਿ ਅੰਤੁ ਤੁਮ ਸਦਾ ਸਹਾਈ ॥ ਅਮਰਨ ਪਾਲਹੁ ਸਦਾ ਗੁਸਾਈਂ ॥ ਸੇਵਾ ਕਉਨ ਜੋ ਤੁਮਹਿ ਰੀਝਾਊਂ ॥ ਕਉਨ ਸੁ ਵਸਤੁ ਜੋ ਤੁਮਹਿ ਚੜਾਊਂ ॥੪॥੮੦੮॥ ੧੩੪੦॥੩੬੫੯॥ ਸਕਲ ਪਦਾਰਥ ਥਾਰੇ ਕਰੇ ॥ ਤੋਰਿ ਉਪਾਰਜਨ ਤੋ ਕਹ ਧਰੇ ॥ ਰਸਨਾ ਸਕਤਿ ਨ ਬਾਨੀ ਸਕਤਿ ॥ ਅਨੰਤ ਸ਼ੇਸ਼ ਸਾਰਦਾ ਅਸਕਤਿ ॥੫॥੮੦੯॥੧੩੪੧॥੩੬੬੦॥ ਤਾਂ ਤੇ ਜੋਰੁ ਪਾਨ ਨਮਸਕਾਰਤਿ ॥ ਬਾਰ ਬਾਰ ਪ੍ਰਭੁ ਤੁਮਹਿ ਜੁਹਾਰਤਿ ॥ ਅਸ੍ਟਾਂਗ ਡੰਡਵਤ ਸੁਰਗਨ ਕੇਰੀ ॥ ਅੰਜੁਲਿ ਪੁਟਕਰ ਦੇਵਨ ਟੇਰੀ ॥੬॥੮੧੦॥੧੩੪੨॥੩੬੬੧॥ ਚਰਪਦ ਕਬਿ ਬਾਚ ॥ ਬਾਸਵ ਦੇਵਨ ਆਗਜਾ ਦਈ ॥ ਪੂਜਾ ਆਰਤੀ ਨੈਬੇਦ ਬਿਧਯਈ ॥ ਕਰਹੁ ਸਮ੍ਰਿਗੀ ਤੁਲ ਆਰਤੀ ॥ ਸ੍ਰੀ ਜਨੇਦ੍ਰ ਸਰਬਲੋਹ ਭਾਰਤੀ ॥੭॥੮੧੧॥੧੩੪੩॥੩੬੬੨॥ ਉਤ ਤੇ ਸਮਰ ਜੀਤਿ ਕੀ ਕਥਾ ॥ ਕਹੀ

Scanned by CamScanner

ਤ੍ਵ ਦਾਸ ਬੁਧਿ ਬਲ ਜਥਾ ॥ ਜਹਿੰ ਬਿਧਿ ਦੇਵਨ ਬਿਨਤੀ ਠਾਨੀ ॥ ਚਰਪਦ ਮਾਹਿ ਸੁ ਦਾਸ ਬਖਾਨੀ ॥੨॥੮੧੨॥੧੩੪੪॥੩੬੬੩॥ ਅਬ ਤ੍ਵ ਦਾਸ ਨਿਜ ਬੇਨਤੀ ਕਹਿਤੁ ॥ ਸ੍ਰੀ ਸਰਬਲੋਹ ਪ੍ਰਤਿ ਬ੍ਰਿਥਾ ਬਦਤੁ ॥ ਗੁੰਗ ਮੂਢ ਬਲ ਬੁਧਿ ਅਜਾਨਾ ॥ ਤ੍ਵ ਗੁਨ ਮਹਿਮਾ ਕੈਸ ਬਖਾਨਾ ॥੩॥੮੧੩॥ ੧੩੪੫॥੩੬੬੪॥

ਇਤਿ ਸ੍ਰੀ ਬੀਰਜਨਾਦ ਸਮਾਜ ਸਹਿਤ ਨਿਧਨ ਹੋਤੁ ਭਯੋ ਬਿਜਯ ਸ੍ਰੀ ਸਰਬਲੋਹ ਭੂਮਨ ਨ੍ਰਿਪ ਬਿਬੇਕ ਮੰਤ੍ਰਿਨ ਜੁਤ ਦੇਵਨ ਬਿਜਜੁ ਪਖਜਾਨ ਸਮਾਪਤਿ ਸੁਭੰਮੱਸਤ ॥੧॥ ਬਿਸਨੁਪਦ ਪੁੰਨਜਾਕੀ ਚਰਪਦ ਕਬਿਬਾਚ ਬੇਨਤੀ ॥ ਜੈ ਆਦਿ ਦੇਵ ਸਰਬਲੋਹ ਗੁਸਾਈ ॥ ਦੇਤੁ ਦਾਸ ਤ੍ਵ ਬਿਜਯ ਬਧਾਈ॥ ਧਨਜ ਧਨਜ ਜਗਦੀਸ਼ ਨਿਰੰਜਨ ॥ ਸੰਤ ਸਹਾਰੁ ਅਸੁਰ ਦਲ ਗੰਜਨ ॥੧॥੮੧੪॥ ੧੩੪੬॥੩੬੬੫॥ ਨਿਧਨ ਨਿਸਾਚਰ ਕੀਨੁ ਮਹਾਰਾਜਾ ॥ ਕੀਨੇ ਸੁਰ ਸੰਤਨ ਕੇ ਕਾਜਾ ॥ ਪ੍ਰਲਯ ਸਮਰ ਕਰਿ ਅਸੁਰ ਖਪਾਯੋ ॥ ਦਾਸ ਜਾਨ ਜਨ ਆਪ ਬਚਾਯੋ ॥੨॥੮੧੫॥੧੩੪੭॥੩੬੬੬॥ ਜਯਤੁ ਜਯਤੁ ਜਗ ਨਾਯਕ ਤੋਰੀ ॥ ਅੰਜੁਲ ਪੁਟ ਕਰ ਕਰਤਿ ਨਿਹੋਰੀ ॥ ਮੋਰੀ ਕਰਹੁ ਕਲਜਾਨ ਸ੍ਵਾਮੀ ॥ ਦਾਸ ਜਾਨੁ ਹੇ ਅੰਤਰਿਯਾਮੀ ॥੩॥੮੧੬॥੧੩੪੮॥੩੬੬੭॥ ਕਰਹੁ ਰੱਛ ਸਰਬਲੋਹ ਜਨੇ ਸ਼ੂਰ ॥ ਕ੍ਰਿਪਾ ਸਿੰਧੁ ਪਾਵਨ ਪਰਮੇਸ਼ੂਰ ॥ ਦਾਸ ਜਾਨਿ ਪ੍ਰਭੁ ਹੋਹੁ ਸਹਾਈ ॥ ਕਾਲ ਪਾਸ ਤੇ ਲੇਹੁ ਬਚਾਈ ॥੪॥੮੧੭॥੧੩੪੯॥੩੬੬੮॥ ਦਾਸ ਜਾਨ ਹੂਜੈ ਰੱਛਪਾਲਾ ॥ ਕਰਹੁ ਰੱਛ ਹੇ ਦੀਨ ਦਯਾਲਾ ॥ ਤੁਮ ਸਰਬਗਜ ਸਕਲ ਘਟ ਬਾਸੀ ॥ ਬਜਾਪਕ ਸਰਬ ਕਾਲ ਅਬਿਨਾਸੀ ॥੫॥੮੧੮॥ ੧੩੫੦॥੩੬੬੯॥ ਸਰਬ ਭੂਤ ਮਹਿ ਰਮਹੁ ਗੁਸਾਈਂ ॥ ਕਉਨ ਉਪਮਾ ਤ੍ਵ ਕਉਨ ਵਡਾਈ ॥

Scanned by CamScanner

ਸਰਬ ਭੂਤ ਕੀ ਆਰਤਿ ਜਾਨਹੁ ॥ ਏਕ ਏਕ ਪਰ ਕਰੁਨਾ ਠਾਨਹੁ ॥੬॥੮੧੬॥੧੩੫੧॥੩੬੭੦॥ ਬੈਰਾਟ ਰੂਪ ਹ੍ਵੈ ਜਗ ਪ੍ਰਤਿ ਪਾਰਹੁ ॥ ਰੁਦ੍ਰ ਰੂਪ ਹੁਇ ਪ੍ਰਜਾ ਸੰਘਾਰਹੁ ॥ ਸਪਤ ਲੋਕ ਊਪਰ ਕੋ ਸੀਸਾ ॥ ਦਿਸਾ ਅੰਗ ਸਕਲ ਜਗਦੀਸਾ ॥੭॥੮੨੦॥੧੩੫੨॥੩੬੭੧॥ ਚੰਦ੍ਰ ਸੂਰਜ ਦੁਇ ਨੇਤ੍ਰ ਤੁਹਾਰੇ ॥ ਦਿਗ ਸ੍ਰਵਨ ਨਾਸਕਾ ਸ੍ਵਾਨਿ ਕੁਮਾਰੇ ॥ ਜਿਹਵਾ ਅਗਨਿ ਬਨਸਪਤਿ ਕੇਸਾ ॥ ਨਾੜੀ ਨਦਿਨ ਸਿਹਜ ਪੰਨਗੇਸਾ ॥੮॥੮੨੧॥੧੩੫੩॥੩੬੭੨॥ ਉਦਰ ਸਮੁੰਦ੍ਰ ਕਟਿ ਬਾਰਿ ਤੁਹਾਰੀ ॥ ਸਪਤ ਪਤਾਲ ਪਦ ਪਾਦ ਮੁਰਾਰੀ ॥ ਅਨੰਤ ਸੀਰਸਾ ਨੇਤ੍ਰ ਅਨੰਤਾ ॥ ਸ੍ਰਵਨ ਅਨੰਤ ਘ੍ਰਾਨ ਭਗਵੰਤਾ ॥੯॥੮੨੨॥ ੧੩੫੪॥੩੬੭੩॥ ਅਨੰਤ ਬਦਨ ਕੰਜ ਕ੍ਰਿਸਾਨੰ ॥ ਭੁਜਾ ਅਨੰਤ ਤ੍ਵ ਕ੍ਰਿਪਾ ਨਿਧਾਨੰ ॥ ਅਨੰਤ ਕਾਯ ਪ੍ਰਭੁ ਚਰਨ ਅਨੰਤੰ ॥ ਅਨੰਤ ਰੂਪ ਬਿਧ ਸੇਸ ਭਣੰਤੰ ॥੧੦॥੮੨੩॥ ੧੩੫੫॥੩੬੭੪॥ ਤ੍ਵ ਸੱਤਾ ਕਰਤੂਤਿ ਸੰਬੂਹਾ ॥ ਕਰਤਿ ਚੇਸ੍ਟਾ ਤ੍ਵ ਬਲਿ ਬਯੂਹਾ ॥ ਦ੍ਰਵਤ ਰਸ ਜਲ ਸੱਤਾ ਤੋਰੀ ॥ ਗੰਧ ਪ੍ਰਿਥਵੀ ਤ੍ਵ ਬਲਿ ਜੋਰੀ ॥੧੧॥੮੨੪॥੧੩੫੬॥੩੬੭੫॥ ਉਸਨ ਅਗਨਿ ਮਹਿ ਸੱਤਾ ਥਾਰੀ ॥ ਅਪੱਰਸ ਪਰਸ ਬਾਯੁ ਤੁਅ ਡਾਰੀ ॥ ਨਿਰਾਧਾਰ ਸਰਬਗਜ ਅਕਾਸ਼ਾ ॥ ਸੱਤਾ ਤੋਰਿ ਸਕਲ ਪ੍ਰਕਾਸ਼ਾ ॥੧੨॥ ੮੨੫॥੧੩੫੭॥੩੬੭੬॥ ਸਕਲ ਰਸਾ ਤ੍ਵ ਸੱਤਾ ਗੁਨੀ ॥ ਨਿਜ ਨਿਜ ਰਸ ਕਰ ਦੇਵਹੁ ਧਨੀ ॥ ਨੀਂਬ ਕਉੜਤਨ ਈਖ ਮਿਸ਼ਠਾਨੰ ॥ ਸੁਰਭੀ ਛੀਰ ਕਪੂਰ ਗੰਧਾਨੰ ॥੧੩॥੮੨੬॥੧੩੫੮॥੩੬੭੭॥ ਲਵਨ ਛਾਰਿਤਾ ਸਾਗਰ ਮਾਹੀ ॥ ਕਟੁਕ ਮਿਰਚਿ ਮਹਿ ਤ੍ਵ ਬਲਿ ਆਹੀ ॥ ਸੁਗੰਧ ਚੰਦਨ ਮਹਿ ਸੱਤਾ ਥਾਰੀ ॥ ਦੁਰਗੰਧ ਲਸਨ ਕਹੁ ਦੀਨ ਖਰਾਰੀ ॥੧੪॥ ੮੨੭॥੧੩੫੯॥੩੬੭੮॥ ਕੰਟਕ ਤਰੁ ਮਹਿ ਪੁਹਪ ਬਚਿਤ੍ਰਾ ॥ ਕਹਿਤੁ ਗੁਲਾਬ ਸੁ ਤਾਸੁ ਜਗਤ੍ਰਾ॥

Scanned by CamScanner

ਅਗਨਿ ਕਾਸ਼੍ਠ ਮਹਿ ਗੁਪਤਿ ਰਹਾਹੀ ॥ ਲੋਹਾ ਕੰਚਨ ਬਿਦਿਤਿ ਸਤਾ ਹੀ ॥੧੫॥੮੨੮॥੧੩੬੦॥੩੬੭੯॥ ਪਾਹਨ ਮਨਿ ਤ੍ਵ ਸੱਤਾ ਭਯੋ ॥ ਜਲ ਧਰ ਬੂੰਦ ਸੀਪ ਮੁਖ ਪਯੋ॥ ਤਾਂ ਤੇ ਮੁਕਤਾ ਮਨਿ ਨਿਰਮਯੋ ॥ ਅਹਿ ਕਹਿ ਬਿਖੁ ਤੁਮ ਹੀ ਪ੍ਰਭੁ ਦਯੋ ॥੧੬॥੮੨੯ ॥੧੩੬੧॥੩੬੮੦॥ ਤ੍ਵ ਸੱਤਾ ਬਸੁਧਾ ਅੰਨ ਨਾਨਾ ॥ ਰਸ ਸੰਯੁਗਤਿ ਪੋਖਨ ਸਭੁ ਪ੍ਰਾਨਾ ॥ ਤ੍ਵ ਸੱਤਾ ਕਰ ਬ੍ਰਿਛ ਫਲਾ ਹੀਂ ॥ ਸਰਬ ਪੁਹਪੁ ਮਹਿ ਬਾਸੁ ਬਸਾ ਹੀ ॥੧੭॥੮੩੦॥੧੩੬੨॥ ੩੬੮੧॥ ਮੁਕਰ ਮਾਹਿ ਜਿਮ ਛਾਯਾ ਸਦਹੀ ॥ ਤਿਮ ਤੁਮ ਓਤ ਪੋਤ ਅੰਗ ਸੰਗ ਹੀ ॥ ਜੜ ਚਈਤਨ ਸਭੁ ਤੁਮਹਿ ਪ੍ਰਕਾਸ਼ਤਿ ॥ ਦ੍ਰਵਨ ਗਵਨ ਤ੍ਵ ਸੱਤਾ ਭਾਸਤਿ ॥੧੮॥੮੩੧॥੧੩੬੩॥੩੬੮੨॥ ਕੀਰ ਹਰਿਤ ਤਨ ਸੱਤਾ ਕੇਤੇ ॥ ਕਾਕ ਸ੍ਯਾਮਤਾ ਕਲ ਸਮ ਤੇਤੇ ॥ ਬਹਿਰੀ ਰੰਗ ਪਰੰਗ ਸੱਤਾ ਤੇ ॥ ਨਾਨਾ ਖਗ ਵਰਤਤ ਕਰ ਤਾਂ ਤੇ ॥੧੯॥੮੩੨॥੧੩੬੪॥੩੬੮੩॥ ਜਗ ਤੇ ਮੇਘ ਮੇਘ ਤੇ ਜੀਆ ॥ ਤ੍ਰਿਗੁਨ ਗੁਲਮ ਮਨਿ ਲਤਾ ਅਜੀਆ ॥ ਤੁਮ ਪ੍ਰਵੇਸ਼ ਕਰਹੁ ਜਦਿ ਜਾਮਹਿ ॥ ਪੋਖਹੁ ਭਰਹੁ ਭੂਤ ਰਸ ਤਾਮਹਿ ॥੨੦॥੮੩੩॥੧੩੬੫॥੩੬੮੪॥ ਸਿਰਜਹੁ ਜਗਤਿ ਸੱਤਾ ਦੈ ਅਪੁਨੀ ॥ ਪੋਖਹੁ ਤਾਸ ਸਿਮਰਨ ਦੈ ਜਪਨੀ ॥ ਜਿਸਹਿ ਜਨਾਵਹੁ ਜਾਨਤਿ ਸੋਈ ॥ ਕਛੁ ਕਛੁ ਮਰਮ ਸਾਧੁ ਜਾਨੋਈ ॥੨੧॥ ੮੩੪॥੧੩੬੬॥੩੬੮੫॥ ਸਾਧੁ ਤੁਹਾਰੇ ਤ੍ਵ ਬਸਿ ਸ੍ਵਾਮੀ ॥ ਜਯੋਂ ਰਾਖਹੁ ਤਯੋਂ ਰਹਿੰ ਨਿਸ ਕਾਮੀ ॥ ਨਿਰਾਧਾਰ ਆਲੰਭ ਨ ਕੋਈ ॥ ਆਸਰ ਥਾਰੇ ਵਰਤਹਿ ਸੋਈ ॥੨੨॥੮੩੫॥ ੧੩੬੭॥੩੬੮੬॥ ਤੁਮਹੀ ਸਰਬ ਪੋਖ ਪ੍ਰਤਿਪਾਰਹੁ ॥ ਅਰਿਸ਼੍ਟ ਰੋਗ ਸਗਲੇ ਭ੍ਰਮ ਜਾਰਹੁ ॥ ਕਵਲ ਦ੍ਵਾਰ ਇਤਿਹਾਸ ਸੁਨਹੁ ਜੂ ॥ ਏਕ ਬੂੰਦ ਤੇ ਸ੍ਰਿਸ੍ਟਿ ਗੁਨਹੁ ਜੂ ॥੨੩॥੮੩੬॥੧੩੬੮॥੩੬੮੭॥ ਅਥ ਇਸਤ੍ਰੀ ਰਿਤੁ

Scanned by CamScanner

ਕਥਤੇ ॥ ਜੋਖਿਤ ਜਠਰੁ ਪਖਜਾਨ ਬਦਤਿ ਹਉਂ ॥ ਉਂਤਮ ਮਧਮ ਨੀਚ ਕਥਤਿ ਹਉਂ ॥ ਜਦ ਯੋਖਿਤਾ ਰਿਤੁ ਕਹ ਪ੍ਰਾਪਤਿ ॥ ਤਾਂ ਕਹੁ ਤਜਾਗ ਕਰ ਅਨ ਧ੍ਰਾਪਤਿ ॥੨੪॥੯੩੭॥ ੧੩੬੯॥੩੬੯੮॥ ਮਰਯਾਦਾ ਕਹੁ ਤਜਾਗੈ ਸੋਈ ॥ ਪ੍ਰਿਥਮ ਦਿਵਸ ਚਾਂਡਾਲੀ ਹੋਈ ॥ ਦੂਜਿ ਬਾਸੁਰ ਬ੍ਰਹਮ ਘਾਤਨੀ ਕਹਿਤ ॥ ਤ੍ਰਿਤਿਜ ਦਿਵਸ ਰਜਕਤ ਕਉ ਲਹਿਤ ॥੨੫॥੯੩੮॥ ੧੩੭੦॥੩੬੯੯॥ ਚਤੁਰਥ ਦਿਵਸ ਜਾਤ ਪਦ ਪਾਵਤਿ ॥ ਪੰਚਮ ਦਿਵਸ ਇਸਤ੍ਰੀ ਸੁਭਾਵਤਿ ॥ ਖੜ ਦਿਵ ਦੇਵ ਪਿਤ੍ਰ ਕੇ ਕਾਜੂ ॥ ਸਪਤ ਬਾਸੁਰ ਉਤਪਤਿ ਆਕਾਜੂ ॥੨੬॥੯੩੯॥ ੧੩੭੧॥੩੬੯੦॥ ਅਜਹੁ ਮਲੀਨ ਪ੍ਰਮੁਦਾ ਅਸੁੱਧਾ ॥ ਅਧਮ ਸੰਤਾਨੰ ਤਾਸ ਅਬੁੱਧਾ ॥ ਚਤੁਰ ਦਸ ਬਾਸੁਰ ਭਵ ਲੇਈ ॥ ਪੰਦ੍ਰਸ ਖੋੜਸ ਸਪਤ ਦਸ ਜਨਮੇਈ ॥੨੭॥੯੪੦॥ ੧੩੭੨॥੩੬੯੧॥ ਸੰਤਤਿ ਬੈਸਨ੍ਵ ਸੂਰ ਦਯਾਲਾ ॥ ਪਰਾਕ੍ਰਮੀ ਲੱਛਨ ਕ੍ਰਿਪਾਲਾ ॥ ਖੋੜਸ ਦਿਵਸ ਗਰਭ ਪ੍ਰਕਾਸ਼ਾ ॥ ਬਹੁਰ ਰਿਤੁ ਹੋਇ ਗਰਭ ਕੋ ਨਾਸਾ ॥੨੮॥੯੪੧॥੧੩੭੩॥੩੬੯੨॥ ਜੇ ਤਨ ਸਪਤ ਪੁਨ ਜੋਸਿਤ ਹੋਈ ॥ ਤਾ ਕਹੁ ਤਜਾਗਿ ਬਿਬੇਕੀ ਕੋਈ ॥ ਸ੍ਰਾਵਨ ਭਾਦ੍ਰੋਂ ਸਰਿਤਾ ਅਪਵਿਤ੍ਰਾ ॥ ਤਿਮ ਪ੍ਰਮੁਦਾ ਅਪਾਵਨ ਅਮ੍ਰਿਤਾ ॥੨੯॥੯੪੨॥੧੩੭੪॥੩੬੯੩॥ ਮਰਯਾਦਾ ਤਜਾਗ ਅਮਰਯਾਦਾ ਸ੍ਰਵਤਿ ॥ ਜਿਮ ਸਰਤਾ ਪਾਵਸ ਕੌ ਦ੍ਰਵਤਿ ॥ ਯੋਖਿਤ ਕਹੁ ਤੁਸ਼੍ਰਿ ਸੰਜਮ ਦੇਇ ॥ ਏਕ ਪਟ ਭੂਅ ਸੈਨ ਕਰੇਇ ॥੩੦॥੯੪੩॥੧੩੭੫॥੩੬੯੪॥ ਅਪਰਸ ਅਦਰਸ਼ਨ ਸਭਿ ਤੇ ਹੋਇ ॥ ਕਟੁ ਖਾਰ ਤੀਖਨ ਲਵਨ ਨ ਕੋਇ ॥ ਖਠ ਮਿਠ ਘ੍ਰਿਤੁ ਗਤਿ ਬਾਸੁਰ ਜਾਇ ॥ ਫਲ ਤਜਾਗੇ ਸਕਲਾ ਨਹਿ ਪਾਇ ॥੩੧॥੯੪੪॥੧੩੭੬॥੩੬੯੫॥ ਅਲਪ ਅਹਾਰ ਕਰੇ ਤਦ ਸੋਇ ॥ ਸਪੱਰਸ਼ ਜੋਗ ਵਹੁ

Scanned by CamScanner

ਜੋਸਿਤ ਹੋਇ ॥ ਸੁਚਿ ਪਵਿਤ੍ਰ ਸ਼ਨਾਨ ਜਦ ਕਰੈ ॥ ਜਥਾ ਸਕਤਿ ਦਿਜ ਦਾਨ ਅਨੁਸਰੈ ॥੩੨॥ ੮੪੫॥੧੩੭੭॥੩੬੯੬॥ ਬਹੁਰ ਭਰਤਾਰ ਵਿਲੋਕੈ ਸੋਈ ॥ ਕਰਿ ਸਿੰਗਾਰ ਸੁਭ ਬਾਸੁਰ ਹੋਈ ॥ ਸਪਤ ਬਾਸੁਰ ਗਤਿ ਭਰਤਹਿ ਮਿਲੈ ॥ ਸੰਤਤਿ ਉੱਤਮ ਹ੍ਵੈ ਪ੍ਰਫੁਲੈ ॥੩੩॥੮੪੬॥੧੩੭੮ ॥੩੬੯੭॥ ਪਹਿਲਿ ਰਾਤ੍ਰਿ ਕਲਕਤ ਭਯਾ ਗਰਭੰ ॥ ਪੰਚਮ ਰੈਨਿ ਬੁਦਬੁਦਾ ਪਰਭੰ ॥ ਚਤੁਰਦਸ ਬਾਸੁਰ ਮਾਸ ਕੋ ਪਿੰਡੰ ॥ ਬੀਸ ਦਿਵਸ ਮਿਲਿ ਧਾਤੁ ਸੁ ਪਿੰਡੰ ॥੩੪॥੮੪੭॥੧੮੭੯॥੩੬੯੮॥ ਪਚਿਸ ਦਿਵਸ ਕਰਜੋ ਮੇਰੁ ਡੰਡੰ ॥ ਹਸਤ ਪਾਦ ਰਚਨਾ ਅਸਥੰਭੰ ॥ ਅਕਾਸ਼ ਕੋ ਤਤ ਪ੍ਰਾਪਤਿ ਭਾਯਾ ॥ ਬਾਯੁ ਪ੍ਰਵੇਸ਼ ਕੀਨੁ ਤਾ ਕਾਯਾਂ ॥੩੫॥੮੪੮॥੧੩੮੦॥੩੬੯੯॥ ਮਾਸ ਉਪਰਾਂਤ ਪੰਚ ਤਤੁ ਮਿਲੇ ॥ ਤਾਂ ਤੇ ਰਜ ਅਰੁ ਬੀਰਜ ਰਲੈ ॥ ਦੁਤੀਜ ਮਾਸ ਤ੍ਵਚਾ ਪ੍ਰਗਟਾਨੀ ॥ ਤੀਜੈ ਮਾਸ ਮਿਜਾ ਲਪਟਾਨੀ ॥੩੬॥੮੪੯॥੧੩੮੧॥੩੭੦੦॥ ਅਸਤਾਸਥੰਭ ਤਾ ਔਸਰੁ ਭਯਾ ॥ ਚਤੁਰਥ ਮਾਸ ਕਚ ਅੰਗੁ ਨਿਰਮਯਾ ॥ ਪੰਚਮ ਮਾਸ ਨੇਤ੍ਰ ਸ੍ਰੋਤ੍ਰ ਅਰੁ ਪਾਦ ॥ ਖਸ਼ਮ ਮਾਸ ਕੰਠ ਅਰੁ ਦਾਂਤ ॥੩੭॥੮੫੦॥ ੧੩੮੨॥੩੭੦੧॥ ਉਦਰ ਭਯਾ ਜਬ ਖਸ਼ਮ ਮਾਸ ॥ ਸਪਤ ਮਾਸ ਨਖ ਲੋਮ ਜੀਅ ਸਾਸ ॥ ਅਸ਼ਮ ਮਾਸ ਅੰਗ ਸਭੁ ਪੂਰਨ ॥ ਨਵਮ ਮਾਸ ਉਦਰ ਵਿਚ ਤੂਰਨ ॥੩੮॥ ੮੫੧॥੧੩੮੩॥੩੭੦੨॥ ਊਰਧਿ ਤਪ ਤਦ ਕਰੇ ਪ੍ਰਾਨੀ ॥ ਨਰਕ ਘੋਰ ਤੇ ਕਾਢਹੁ ਸ੍ਵਾਮੀ ॥ ਇਕੀਸ ਸਹੰਸ੍ਰ ਅਰੁ ਖਸ਼ ਸੱਤ ਸ੍ਵਾਸਾ ॥ ਲੇਤੁ ਹੈ ਪ੍ਰਾਨੀ ਬਾਰਹ ਮਾਸਾ ॥੩੯॥੮੫੨॥ ੧੩੮੪॥੩੭੦੩॥ ਚਾਰ ਪਦਾਰਥ ਠਾਕੁਰ ਦੀਨਾ ॥ ਕਹਜੋ ਭਜਨ ਮਮ ਕਰਿਯਹੁ ਭੀਨਾ ॥ ਬਾਚਾ ਕਰਤ ਤਦ ਜੀਅ ਦੁਖਿਆਰੋ ॥ ਸਿਮਰੋਂ ਗਾ ਤੁਝ ਜਾਇ ਸੰਸਾਰੋ ॥੪੦॥੮੫੩॥੧੩੮੫॥੩੭੦੪॥

Scanned by CamScanner

ਦਯਾ ਧਰਮ ਦਾਨ ਕਰੇ ਹੌਂ ॥ ਸਰਬਸੁ ਤੋਕਹੁ ਅਰਪ ਧਰੇ ਹੌਂ ॥ ਦਯਾ ਕੀਨਿ ਠਾਕੁਰ ਤਦ ਜੀਅ ਪਰ ॥ ਕੀਟ ਭਖਤੰ ਕਾਢਜੋ ਸਾਤੁਰ ॥੪੧॥੮੪੫॥ ੧੩੮੬॥੩੭੦੫॥ ਜੰਤ੍ਰ ਦ੍ਵਾਰ ਤੇ ਬਾਹਰ ਆਯਾ ॥ ਤਤਛਿਣ ਬਜਾਪਤਿ ਭੀ ਤ੍ਵ ਮਾਯਾ ॥ ਬਾਚਾ ਤੇ ਬੇ ਮੁਖ ਭਯੋ ਸੋਈ ॥ ਛੁਧਾ ਕਰਿ ਆਕੁਲਿ ਬਿਸਰ ਗਯੋਈ ॥੪੨॥੮੫੫॥੧੩੮੭॥੩੭੦੬॥ ਨਸ੍ਟ ਪਦਾਰਥ ਕਰ ਅਤਿ ਦੁਖੀ ॥ ਮੂੜ ਉਨਮਤਿ ਭਯੋ ਮਨ ਮੁਖੀ ॥ ਤਾਂ ਔਸਰ ਇੰਦ੍ਰਿਯਨ ਸੰਗ ਜੁਟਜੋ ॥ ਰੂਪ ਰਸ ਗੰਧ ਸਪਰਸ ਇਨ ਲੂਟਜੋ ॥੪੩॥੮੫੬॥੧੩੮੮॥੩੭੦੭॥ ਕਰਮ ਇੰਦ੍ਰਿਯਨ ਮਿਲਜੋ ਠਗਾਊ ॥ ਹਸਤ ਪਾਦ ਮੇਢਰ ਗੁਦ ਗੁਹਜਾਊ ॥ ਮਨ ਕਰਿ ਚਲਾਯਮਾਨ ਭਯੋ ਬਾਚਾ ॥ ਕਾਮ ਕ੍ਰੋਧ ਲੋਭ ਮੋਹ ਅਹੰ ਰਾਚਾ ॥੪੪॥੮੫੭॥੧੩੮੯॥੩੭੦੮॥ ਏ ਤਸਕਰ ਚਿਤਵਹਿ ਬੁਰਜਾਈ ॥ ਮਿਤ੍ਰ ਸਦਾਵਹਿ ਕਰਤਿ ਠਗਾਈ ॥ ਦਸ ਨਾੜੀ ਕਰ ਬੰਧਨ ਭਯਾ ॥ ਇੜਾ ਪਿੰਗਲਾ ਸੁਖਮਨ ਜਯਾ ॥੪੫॥੮੫੮॥੧੩੯੦॥੩੭੦੯॥ ਗੰਗ ਜਮੁਨ ਸਰਸੁਤੀ ਨਿਵਾਸਾ ॥ ਏ ਤ੍ਰੈ ਨਾੜੀ ਸ੍ਰੇਸ਼ਟ ਭਾਸਾ॥ ਸ੍ਰਜੰਭਵ ਪੁਰਖ ਬਸਤਿ ਤਹਿ ਮਾਹਿ ॥ ਸਤਿਗੁਰੁ ਮਿਲੈ ਤਾ ਲੱਖ ਕਰਾਹਿ ॥੪੬॥੮੫੯॥੧੩੯੧॥ ੩੭੧੦॥ ਸਾਤੋ ਪੁਰੀ ਬਸਹਿ ਤਹਿ ਨਜਾਰੀ ॥ ਆਇ ਸਮਾਧਿ ਬ੍ਰਤਿ ਲੇਹੁ ਬਿਚਾਰੀ ॥ ਜੋ ਬ੍ਰਹਮੰਡ ਪਿੰਡ ਸੋ ਲਹੈ ॥ ਕਵਲ ਦ੍ਵਾਰ ਪ੍ਰਸੰਗ ਇਵ ਅਹੈ ॥੪੭॥੮੬੦॥੧੩੯੨॥੩੭੧੧॥ ਏਕ ਬੂੰਦ ਤੇ ਨਾਨਾ ਰੂਪਾ ॥ ਸਿਰਜਹੁ ਸ੍ਵਾਮੀ ਪੁਰਖ ਅਨੂਪਾ ॥ ਸਾਛੀਭੂਤ ਹੋਇ ਤੁਮ ਵਰਤਹੁ ॥ ਜੰਤੀ ਵਸ ਜੀਅ ਸਭਿ ਨ੍ਰਿਤਹੁ ॥੪੮॥੮੬੧॥੧੩੯੩॥੩੭੧੨॥ ਸਭੁ ਮਹਿ ਸੱਤਾ ਤੋਰਿ ਬਸਾਹੀ ॥ ਤੁਧ ਬਿਨੁ ਦੂਜਾ ਕੋਊ ਨਾਹੀ ॥ ਅਪੁਨਿ ਕਲਾ ਕਰ ਰਚਿਹੁ ਪ੍ਰਾਨੀ ॥ ਪਾਲਹੁ ਪੋਖਹੁ ਪ੍ਰਭੁ ਨਿਰਬਾਨੀ

Scanned by CamScanner

॥੪੯॥੮੬੨॥੧੩੯੪॥੩੭੧੩॥ ਸੂਖ ਦੂਖ ਅਰੁ ਆਧਿ ਬਜਾਧੂ ॥ ਨਿਪਜਤਿ ਭੇ ਸਭਿ ਭੂਤਨ ਲਾਧੂ ॥ ਤਾਪ ਤ੍ਰਿਦੋਖ ਸਿਰਵਰਤ ਸੰਨਪਾਤਾ ॥ ਉਦਰ ਰੋਗ ਤੇ ਆਦਿ ਸੰਤਾਪਾ ॥੫੦॥੮੬੩॥ ੧੩੯੫॥੩੭੧੪॥ ਅਸਤ ਚਰਮ ਮਲ ਮੂਤ੍ਰ ਦੁਰਗੰਧਾ ॥ ਪੋਚ ਅਪਵਿਤ੍ਰ ਦੇਹ ਸਨਬੰਧਾ ॥ ਅਹਿਨਿਸ ਸ੍ਰਵਨ ਅਪਵਿਤ੍ਰ ਨਉ ਦ੍ਵਾਰਾ ॥ ਆਧਿ ਬਜਾਧਿ ਕਰ ਜਰਤਿ ਸੰਸਾਰਾ ॥੫੧॥੮੬੪॥੧੩੯੬॥੩੭੧੫॥ ਤਾਂ ਕਾ ਔਸ਼ਧਿ ਨਾਮ ਰਸਾਇਨ ॥ ਜਿਨ ਯੌਂ ਸਮਝਜਾ ਸੋ ਹੋਤੁ ਪਰਾਇਨ ॥ ਲੌਕਿਕ ਮੁਨਿਨ ਉਪਚਾਰ ਬਤਾਏ ॥ ਬੇਦਕ ਗ੍ਰੰਥ ਹਿਤੁ ਲੋਕ ਬਨਾਏ ॥੫੨॥੮੬੫॥੧੩੯੭॥੩੭੧੬॥ ਤਾਂ ਮਹਿ ਨਾਨਾ ਬਜਾਧਿ ਕਹੁ ਰੂਪਾ ॥ ਬਰਨੇ ਮੁਨਿ ਜਨ ਰੁਜਹ ਸਰੂਪਾ ॥ਤਾਂ ਕਾ ਮਾਰਗਿ ਔਸ਼ਧਿ ਕਹੈ ॥ ਬੈਦਕ ਮਾਂਝ ਭੇਦ ਤਿਸ ਲਹੈ ॥੫੩॥੮੬੬॥ ੧੩੯੮॥੩੭੧੭॥ ਜ੍ਵਰ ਕਹੁ ਜ੍ਵਰਾਂਕੁਸ ਅਰੁ ਕ੍ਵਾਥਾ ॥ ਚੂਰਨ ਬਿਬਿਧ ਕਹੈ ਮੁਨਿ ਗਾਥਾ ॥ ਸੰਨਪਾਤ ਕਹੁ ਮਹਾਂ ਰਸਾਇਨ ॥ ਕੁਸ਼ ਖਾਜ ਕੋ ਨੀਂਬ ਬਕਾਯਨ ॥੫੪॥੮੬੭॥ ੧੩੯੯॥੩੭੧੮॥ ਤਈਲ ਘ੍ਰਿਤਮ ਸੋਧਨ ਕਹੈ ॥ ਤਾਂ ਸੋ ਬਿਬਿਧ ਬਜਾਧਿ ਤਨ ਦਹੈ ॥ ਮੁਨਿ ਰਸਨਾ ਹ੍ਵੈ ਤੁਮੀ ਬਖਾਨੈ ॥ ਸੁਖ ਨਾਂਮਤ ਭੂਤਨ ਹਿਤੁ ਮਾਨੈ ॥੫੫॥੮੬੮॥੧੪੦੦॥ ੩੭੧੯॥ ਧਾਤੁ ਉਪਧਾਤੁ ਕਾਸਾਦਿਕ ਕਹੈ ॥ ਤਾ ਮਹਿ ਸੱਤਾ ਥਾਰੀ ਲਹੈ ॥ ਬਾਲਪ ਤਰੁਨਪ ਬ੍ਰਿਧਪ ਤੀਨ॥ ਦੁਖ ਸੁਖ ਪ੍ਰਾਨੀ ਭੋਗਤਿ ਖੀਨ ॥੫੬॥੮੬੯॥੧੪੦੧॥੩੭੨੦॥ ਬਾਲਾਵਸਥਾ ਅਗਜਾਨੀ ਰਹਿਤ॥ ਦਸ ਬਰਖਨ ਲੌ ਮੁਨਿ ਜਨ ਕਹਿਤੁ ॥ ਤਰੁਨਾਪਨ ਬਿਖੈ ਰਸ ਖੋਜੋ ॥ ਬੀਸ ਬਰਸ ਜਪ ਤਪ ਤੈ ਸੋਜੋ ॥੫੭॥੮੭੦॥੧੪੦੨॥੩੭੨੧॥ ਯੁਵਾ ਬਿਵਸਥਾ ਪੁਸ਼ ਸਰੀਰਾ ॥ ਤੀਸ ਬਰਸ ਲੌ ਭਯੋ

Scanned by CamScanner

ਗੰਭੀਰਾ ॥ ਉਰਝਜੋ ਬਿਤ ਬਨਿਤਾ ਸੁਤ ਧੀਯਾ ॥ ਬਿਮੁਖ ਭਜੋ ਦੇਵ ਕਰਮੁ ਨ ਕੀਯਾ ॥੫੮॥ ੮੭੧॥੧੪੦੩॥੩੭੨੨॥ ਬਹੁਰ ਬ੍ਰਿਧਤਾ ਜਰਾ ਜਨਾਯੋ ॥ ਇੰਦ੍ਰਿਯ ਸਰਬ ਤੁਚਾ ਕੁਮਲਾਯੋ ॥ ਪਗ ਡਗਮਗ ਸਿਰ ਕੰਪਨਿ ਲਾਗੇ ॥ ਨੈਨੀ ਨੀਰ ਸ੍ਰਵਤੁ ਰਸ ਤਜਾਗੇ ॥੫੯॥੮੭੨॥੧੪੦੪॥ ੩੭੨੩॥ ਸੁਤ ਬਨਿਤਾ ਹੂੰ ਦੀਨਹੁ ਡਾਰ ॥ ਤਦਜਪਿ ਨ ਮੂਰਖ ਕਰਤਿ ਪੁਕਾਰ ॥ ਹਸਤ ਪਾਦ ਬਾਨੀ ਭਈ ਬਿਕਲ ॥ ਅੰਗ ਅੰਗ ਸਭਿ ਪਰਗੋ ਸਿਥਲ ॥੬੦॥੮੭੩॥੧੪੦੫॥੩੭੨੪॥ ਜਮਦੂਤਨ ਮਿਲ ਘੇਰੋ ਆਨ ॥ ਸਾਸਨ ਦੇਤੁ ਦੂਤ ਜਮ ਡਾਨ ॥ ਡਾਰ ਪਾਂਸਿ ਗਰ ਲੈ ਗਏ ਤਾਸ॥ ਕੀਏ ਕਰਮ ਕਰਿ ਅਧੋ ਨਿਵਾਸ ॥੬੧॥੮੭੪॥੧੪੦੬॥੩੭੨੫॥ ਬਹੁਰ ਗਰਭ ਮਹਿ ਪਰਜੋ ਆਇ ॥ ਲਖ ਚਉਰਾਸੀਹ ਜੂਨਿ ਭ੍ਰਮਾਇ ॥ ਜਨਮ ਮਰਨ ਕੀ ਧਾਰਾ ਮਾਹਿ ॥ ਹਰਹਟ ਮਾਲ ਅਰਧ ਉਰਧ ਫਿਰਾਹਿ ॥੬੨॥੮੭੫॥੧੪੦੭॥੩੭੨੬॥ ਆਵਾ ਗਵਨ ਦੁਇ ਮਾਰਗ ਬੀਕੋ ॥ ਚਉਰਾਸੀਹ ਭ੍ਰਮਨ ਭਜੋ ਜੀ ਕੋ ॥ ਯਾ ਸੰਕਟ ਤੇ ਲੇਹੁ ਬਚਾਈ ॥ ਦੇਵ ਦੇਵ ਦੇਵਾਧਿ ਗੁਸਾਈਂ ॥੬੩॥੮੭੬॥੧੪੦੮॥ ੩੭੨੭॥ ਸੰਕਟ ਹਰਨ ਤਾਪ ਤ੍ਰੈ ਨਾਸਨ ॥ ਕ੍ਰਿਪਾ ਸਿੰਧੁ ਮਹਿਮਾ ਅਧਿ ਜਾਸਨ ॥ ਦਾਸ ਤੇਰੇ ਜੋ ਤੁਮਹਿ ਆਰਾਧਹਿ ॥ ਸ੍ਵਾਸ ਸ੍ਵਾਸ ਤੋਹੀ ਕਉ ਸਾਧਹਿ ॥੬੪॥੮੭੭॥ ੧੪੦੯॥੩੭੨੮॥ ਤਾਂ ਪਦ ਰੇਨੁ ਸੰਗਿ ਤਿਸ ਦੀਜੈ ॥ ਦਾਸ ਜਾਨੁ ਪ੍ਰਭੁ ਮਯਾ ਕਰੀਜੈ ॥ ਨਾਮ ਦਾਨ ਪ੍ਰੀਤਮ ਪਦ ਥਾਰੀ ॥ ਦੇਤਿ ਦਯਾਨਿਧ ਸ਼ਰਣ ਤਿਹਾਰੀ ॥੬੫॥੮੭੮॥੧੪੧੦॥੩੭੨੯॥ ਦੂਖ ਰੋਗ ਸੰਤਨ ਮੁਰ ਹਰਹੁ ॥ ਦਾਸ ਜਾਨਿ ਕਰੁਨਾ ਰਸ ਢਰਹੁ ॥ ਰੱਛ ਕਰਹੁ ਮੋਰੀ ਸਭਿ ਕਾਲਾ॥ ਦੀਨ ਬੰਧੁ ਬੈਰਿਨ ਉਰ ਸਾਲਾ ॥੬੬॥੮੭੯॥੧੪੧੧॥੩੭੩੦॥ ਪੁਤ੍ਰ ਮਿਤ੍ਰ ਹਮਰੇ ਪ੍ਰਤਿ ਪਾਰਹੁ ॥

Scanned by CamScanner

ਚੁਨ ਚੁਨ ਦੁਰਜਨ ਸਕਲ ਸੰਘਾਰਹੁ ॥ ਸ੍ਰੀ ਸਰਬਲੋਹ ਕਰੁਨਾ ਮੁਝ ਕੀਜੈ ॥ ਹਾਥ ਦੇਇ ਕਿੰਕਰ ਰੱਖ ਲੀਜੈ ॥੬੭॥੮੮੦॥ ੧੪੧੨॥੩੭੩੧॥ ਤ੍ਰਾਹ ਤ੍ਰਾਹ ਪ੍ਰਭੁ ਸ਼ਰਣ ਤੁਹਾਰੀ ॥ ਹਉਂ ਤੁਅ ਓਟ ਫੜੀ ਦਰਬਾਰੀ ॥ ਏਕ ਜੀਹ ਕਿਆ ਕਥੇ ਬਿਚਾਰਾ ॥ ਸ਼ੇਸ਼ ਸਾਰਦਾ ਬਿਧ ਭਵ ਹਾਰਾ ॥੬੮॥ ੮੮੧॥੧੪੧੩॥੩੭੩੨॥ ਛਮਹੁ ਨਾਥ ਮੋਰੀ ਢੀਠਾਈ ॥ ਹਮ ਲਹੁਰੇ ਤੁਮ ਅਤਿ ਗਰੂਆਈ ॥ ਜਹਿੰ ਬਿਧ ਰਖਜਾ ਦੇਵਨ ਕਰੇ ॥ ਅਭਯਦਾਨ ਦੈ ਅਸੁਰਨ ਮਰੇ ॥੬੯॥੮੮੨॥੧੪੧੪॥੩੭੩੩॥ ਤਿਮ ਮੁਰ ਰਖਜਾ ਕਰਹੁ ਗੁਸਾਈਂ ਮੈ ਆਯੋ ਤੁਮਰੀ ਸ਼ਰਣਾਈ ॥ ਦਾਸ ਗੋਬਿੰਦ ਫ਼ਤਹ ਨਰਹਰੀ ॥ ਸ੍ਰੀ ਸਰਬਲੋਹ ਉਚਰਹੁੰ ਪਲ ਘਰੀ ॥੭੦॥੮੮੩॥੧੪੧੫॥੩੭੩੪॥ ਦੇਵ ਬਿਨਯ ਕਬਿ ਬਿਨਯ ਬਖਾਨੀ ॥ ਸੁਨਹੁ ਸੰਤ ਜਨ ਹੋ ਸੁਰ ਗਜਾਨੀ ॥ ਸੁਨੈ ਪਢੈ ਤਿਸ ਹੋਇ ਉਧਾਰਾ ॥ ਦੇਵ ਬਿਨਯ ਕਬਿ ਬਿਨਯ ਸੁਧਾਰਾ ॥੭੧॥੮੮੪॥ ੧੪੨੬॥੩੭੩੫॥ ਅਬ ਹਰਿ ਕੀ ਆਰਤੀ ਸੁਨਹੁ ਜੂ ॥ ਦੇਵਨ ਜਾ ਬਿਧ ਕੀਨ ਗੁਨਹੁ ਜੂ ॥ ਸ੍ਰੀ ਸਰਬਲੋਹ ਕੀ ਆਰਤੀ ਕਰੀ ॥ ਸੁਨਹੁ ਸੰਤ ਸੱਜਨ ਪਗ ਪਰੀ ॥੭੨॥੮੮੫॥੧੪੧੭॥੩੭੩੬॥ ਇਤਿ ਸ੍ਰੀ ਦੇਵ ਬਿਨਯ ਕਵਿ ਬਿਨਯ ਸ੍ਰੀ ਸਰਬਲੋਹ ਭੂਮਨ ਬੀਰਜਨਾਦ ਬਿਜਯ ਸਮਾਪਤਿਮੱਸਤ ਸੁਭਮੱਸਤ ॥

ਸ੍ਰੀ ਕਰਾਚੋਲੀ ਜੀ ਸਹਾਇ ॥ ਅਥ ਦੇਵਨ ਬਿਜਯ ਆਰਤੀ ਸ੍ਰੀ ਸਰਬਲੋਹ ਭੂਮਨ ਕਥਤੇ ਤ੍ਵ ਬਲ ਤ੍ਵ ਪ੍ਰਸਾਦਿ ॥

ਬਿਸਨੁਪਦ ਰਾਜ ਪੁੰਨਜਾਕੀ ॥

ਕੀਨੀ ਤੁਲ ਸਮਾਜ ਪੂਜਨ ਹਰਿ ਸੁਰ ਸੁਰਪਤਿ ਸੁਰ ਨਾਰਿ ॥ ਕੋਟ ਤੇਤੀਸ ਮਿਲ ਸਨਮੁਖ ਠਾਢੇ

Scanned by CamScanner

ਕਰ ਜੋਰਤਿ ਦਰਬਾਰਿ ॥ ਜੁਰੇ ਸਕਲ ਸਮਾਜ ਸੰਜੁਗਤਿ ਮੰਗਲ ਗਾਵਤਿ ਚਾਰ ॥ ਜੀਤ ਕੇ ਗੀਤ ਗਾਵਤਿ ਅਰੁ ਵਾਵਤਿ ਬਲਿ ਬਲਿ ਜਾਤੁ ਦਰਸਾਰੁ ॥੧॥੮੮੬॥੧੪੧੮॥੩੭੩੭॥ ਧੂਪ ਦੀਪ ਤਿਲਕਾਦਿ ਨਈਬੇਦਾ ਸਾਜ ਸਾਜ ਸੁਰ ਸਗਰੇ ॥ ਅੱਛਤ ਪੁਹਪ ਮਾਲ ਸੁਗੰਧਨ ਮ੍ਰਿਗਮਦ ਕੇਸਰ ਅਗਰੇ ॥ ਬਿਬਿਧ ਸੁਗੰਧ ਘਨਸਾਰ ਤੇ ਆਦਿਕ ਕੰਚਨ ਥਾਲ ਨਰ ਸੁਧਰੇ ॥ ਬਾਰਿ ਨੰਦਨੀ ਝਾਰਨਿ ਭਰ ਭਰ ਪ੍ਰਭੁ ਪਦ ਦੇਵਨ ਪਖਰੇ ॥੨॥੮੮੭॥੧੪੧੯॥੩੭੩੮॥ ਚਰਨੋਦਿਕ ਮਸਤਕ ਲੈ ਲਾਵਤੁ ਜਨਮ ਸਕਾਰਥਿ ਜਾਨੇ ॥ ਮਗਨ ਭਏ ਹਰਿ ਦਰਸ਼ਨ ਤੇ ਸੁਰ ਤਦਾਕਾਰ ਰੰਗ ਮਾਨੇ ॥ ਬਾਂਧ ਘੁੰਘਰੂ ਪਗਨ ਹਰਖ ਕਰ ਸੁਰ ਸੁਰਪਤਿ ਮਨ ਭਾਨੇ ॥ ਰਬਾਬ ਪਖ਼ਾਵਜ ਤਾਲ ਘੁੰਘਰੂ ਲੈ ਲੈ ਸਕਲ ਜੁਟਾਨੇ ॥੩॥੮੮੮॥੧੪੨੦॥੩੭੩੯॥ ਰੰਭਾ ਉਰਬਸਿ ਘ੍ਰਿਤਾਚੀ ਤੇ ਦੇਵ ਬਧੂ ਮਿਲ ਗਾਈ ॥ ਕਰ ਕਰ ਬਿਨਜ ਸਚੀ ਪਦ ਕੰਜਨ ਗਾਵਤਿ ਬਿਜਜ ਬਧਾਈ ॥ ਜੱਛ ਜੱਛਨੀ ਗੰਧ੍ਰਬ ਕਿੰਨਰ ਸਾਜ ਸਮਾਜ ਮਿਲਾਈ ॥ ਨਾਚ ਉਠੇ ਸਗਰੇ ਹਰਿ ਭਗਤਾ ਉਪਮਾ ਕਹਿ ਨ ਸਕਾਈ ॥੪॥੮੮੯॥੧੪੨੧॥੩੭੪੦॥ ਲੋਕਪਾਲ ਭਵ ਬਿਧ ਨਾਰਦ ਤੇ ਸੇਸ ਸਨਕਾਦਿਕ ਨ੍ਰਿਤਤਿ ॥ ਨਾਰਦ ਤੁੰਬਰ ਬੀਨ ਬਜਾਵਤਿ ਗਰੁੜਾ ਨੰਦਿ ਸਿਵ ਨ੍ਰਿਤਤਿ ॥ ਬ੍ਰਹਮਾ ਹੰਸ ਹਯਰਾਜ ਐਰਾਵਤ ਭੂਤ ਭੂਤਗਨ ਨ੍ਰਿਤਤਿ ॥ ਨ੍ਰਿਤਤਿ ਪਰੀ ਪਦਮਨੀ ਹੂਰਨ ਨਰੀ ਨਾਗਨੀ ਨ੍ਰਿਤਤਿ ॥੫॥੮੯੦॥੧੪੨੨॥੩੭੪੧॥ ਥਿਰ ਥਿਰ ਥਈ ਥਈ ਤਾਥੈ ਤਾਥੈ ਨ੍ਰਿਤ ਸੰਗੀਤੰ ਨ੍ਰਿਤਤਿ ॥ ਮਕਰੀ ਸਕਰੀ ਪ੍ਰੋਹੀ ਪਰੁਵੀ ਚਿਤ੍ਰ ਬਚਿਤ੍ਰਨ ਨ੍ਰਿਤਤਿ ॥ ਮਧੁਰ ਤਾਲ ਆਲਾਪਤ ਸੁਹਾਗਨਿ ਤਾਨ

Scanned by CamScanner

ਗਾਨ ਭਲ ਨ੍ਰਿਤਤਿ ॥ ਮਧੁਰ ਤਾਲ ਰਾਗਨੀ ਸ੍ਵਰ ਧ੍ਵਜ ਜੀਲ ਖ਼ਰਜ ਕਰ ਨ੍ਰਿਤਤਿ ॥੬॥੮੯੧॥ ੧੪੨੩॥੩੭੪੨॥ ਤਰਜ਼ ਸਾਨੀ ॥ ਧੁਰਪਦ ਤਿਲਾਨਾ ਕਾਮੋਦੀ ਸੂਹੀ ਬਸੰਤ ਮਧੁਮਾਧੋ ॥ ਮਧੁਰ ਮਧੁਰ ਰਾਗ ਅਰੁ ਰਾਗਨਿ ਗਾਵਤਿ ਵਾਵਤਿ ਸਾਧੋ ॥ ਨ੍ਰਿਤ ਸਮਾਜ ਕਹਾ ਲੌ ਬਰਨਹੁ ਨ੍ਰਿਤਤਿ ਸਭੀ ਚਰਾਚਰ ॥ ਕੌਤਕ ਅਨੁਭਵ ਕਰ ਇਓਂ ਬਿਸਮਜ ਕਬਿ ਰਾਮ ਹੂੰ ਨ੍ਰਿਤਤਿ ਧਾ ਕਰ ॥੭॥੮੯੨॥ ੧੪੨੪॥੩੭੪੩॥ ਤੁਮਹੂੰ ਨ੍ਰਿਤਹੁ ਮਨ ਕਰਮ ਕਾਯਾ ਕਰੁ ਸਾਧੁ ਸਮਾਜ ਗੁਰਸਿਖਾ ॥ ਲੋਕ ਲਾਜ ਪਰਹਰ ਕਰ ਨਾਚਹੁ ਨਹਿ ਬਜਾਪੈ ਦੁਰਭਿੱਖਾ ॥ ਛੁਟਿ ਹੋ ਕਾਲ ਜਾਲ ਤੇ ਪ੍ਰਾਨੀ ਕਾਨ ਜਗਤਿ ਕੀ ਤਜਾਗਹੁ ॥ ਨਉਧਾ ਭਗਤਿ ਪ੍ਰੇਮ ਲਛਨਾ ਬਿਦੇਹ ਦਸਾ ਅਨੁਰਾਗਹੁ ॥੮॥੮੯੩॥ ੧੪੨੫॥੩੭੪੪॥ ਹੋਤੁ ਬਿਲਾਸ ਨ੍ਰਿਤ ਹਰਿ ਆਗੇ ਨ੍ਰਿਤਤਿ ਪਰੀਆਂ ਸਾਰੀ ॥ ਚਢਜੋ ਖ਼ੁਮਾਰ ਦਰਸ ਕਰ ਮਾਤੇ ਜੈਸੇ ਦਸਾ ਖ਼ੁਮਾਰੀ ॥ ਆਪਾ ਪਰ ਕਾ ਸਭੈ ਬਿਸਰ ਗੋ ਤਦਾਕਾਰ ਭਏ ਸਭ ਹੀ॥ ਏਕ ਰੰਗ ਹਰਿ ਕੇ ਭਏ ਰੰਗੀ ਭਕਤਿ ਇਕੰਗੀ ਲਭ ਹੀ ॥੯॥੮੯੪॥੧੪੨੬॥੩੭੪੫॥ ਸਾਜ ਤਾਲ ਸ੍ਵਰ ਤਾਨ ਮਿਲਾਵਤਿ ਗਾਵਤਿ ਵਾਵਤਿ ਨਾਚਤਿ ॥ ਘੂੰਘਰ ਝੂਮਰ ਨਟਵਰ ਨ੍ਰਿਤਤਿ ਸ੍ਰੀ ਸਰਬਲੋਹ ਰੰਗ ਰਾਚਤਿ ॥ ਵਾਰਤਿ ਮਨਿਨ ਸੁਰਨ ਕੀ ਬਾਲਾ ਧਨ ਵਰਸਾ ਕਰ ਸਾਰੇ ॥ ਪੁਹਪ ਮਾਲ ਅੱਛਤ ਸਭਿ ਅਰਪਤਿ ਵਰਸਤ ਸੁਮਨ ਅਖਾਰੇ ॥੧੦॥੮੯੫॥੧੪੨੭॥੩੭੪੬॥ ਹਾਵ ਭਾਵ ਦਾਵ ਨ੍ਰਿਤਕਾਰੀ ਕਰ ਕਟਾਖ ਹਰਿ ਹੇਰਤਿ ॥ ਉਸਤੁਤਿ ਕਵਚ ਕੀਲ ਹਰਿ ਉਪਮਾ ਗੀਤ ਕਵਿੱਤਨ ਟੇਰਤਿ ॥ ਬੇਦ ਮੰਤ੍ਰ ਗੀਤਾ ਉਪਨਿਸਦਿਨ ਗਾਵਤਿ ਰਾਗ ਸੰਬੂਹਨ ॥ ਸਰਸ ਬਸੰਤ ਗੂਜਰੀ ਗਉਰੀ ਮਾਰੂ ਪਰਜ ਬਧੂਹਨ ॥੧੧॥੮੯੬॥ ੧੪੨੮॥੩੭੪੭॥ ਗਾਇ ਵਜਾਇ ਰੀਝਾਇ

Scanned by CamScanner

ਮਹਾਂ ਪ੍ਰਭੁ ਅਭਯ ਦਾਨ ਕਉ ਪਾਯੋ ॥ ਦਾਸ ਗੋਬਿੰਦ ਫ਼ਤਿਹ ਸਤਿਗੁਰੁ ਕੀ ਸੁਰਪਤਿ ਨ੍ਰਿਤ ਸੁਨਾਯੋ॥ ਆਗਜਾ ਮਹਿ ਸਭੁ ਨਾਚਤਿ ਤਾਂ ਕੇ ਚਰਾਚਰ ਪਰਜਾ ਸਾਰੀ ॥ ਦਾਸ ਗੋਬਿੰਦ ਫ਼ਤਿਹ ਸਤਿਗੁਰੁ ਕੀ ਮਾਯਾ ਨਚਾਵਨੁ ਹਾਰੀ ॥੧੨॥੯੯੭॥ ੧੪੨੯॥੩੭੪੮॥

ਇਤਿ ਸੁਰਪਤਿ ਨ੍ਰਿਤ ਹਰਿ ਪੂਜਾ ਉਸਤਤਿ ਉਤਸਵ ਸਮਾਪਤਿ ॥੧॥

ਅਥ ਹਰਿ ਆਰਤੀ ਕਥਤੇ ਤ੍ਵ ਬਲ ਬਿਸਨੁਪਦ ਪੁੰਨੀਆਂ ਕਬਿਬਾਚ ॥

ਆਰਤੀ ਸਾਜ ਸੁਭਗ ਹਰਿ ਕੇਰੀ ਕਰਪੂਰ ਪ੍ਰਜ੍ਵੂਲ ਦਿਬਜ ਬਾਤੀ ॥ ਮਣਿਮਯ ਦੀਪ ਸਹੰਸ੍ਰ ਮੁਖੀ ਸਜ ਸੁਰ ਪਤਿ ਬਿਧਹ ਸੁਜਾਤੀ ॥ ਤੇਤੀਸ ਕ੍ਰੋੜ ਸੁਰ ਕਰਤਿ ਆਰਤੀ ਸੰਕਰ ਉਮਾ ਗਨੇਸ਼ੰ ॥ ਸ਼ੇਸ਼ ਸਾਰਦਾ ਨਾਰਦ ਮੁਨਿ ਜਨ ਧਰਮ ਕੁਬੇਰ ਜਲੇਸੰ ॥੧॥ ਬਜਾਵਤਿ ਸੰਖ ਘੰਟ ਸੁਰਗਨ ਤਹਿੰ ਆਰਤੀ ਕਰਤਿ ਗੋਬਿੰਦੰ ॥ ਆਰਤੀ ਸ੍ਰੀ ਮਹਾਰਾਜ ਪ੍ਰਭੁ ਜੂ ਕੀ ਕ੍ਰਤਿ ਮਹਾਂ ਸੁਰ ਬ੍ਰਿੰਦੰ ॥੧॥ਰਹਾਉ॥੧॥੯੯੮॥੧੪੩੦॥੩੭੪੯॥ ਨੰਦੀ ਗਰੁੜ ਹੰਸ ਐਰਾਵਤ ਬਾਜਿਰਾਜ ਸਸਿ ਸੂਰੰ ॥ ਰਾਸਿ ਗ੍ਰਿਹ ਨਖੱਜਤ੍ਰ ਉਡਗਨ ਗਨ ਗੰਧ੍ਰਬ ਚਾਰਨ ਹੂਰੰ ॥ ਗੁਹਜਕ ਕਿੰਨਕ ਰੰਭਾ ਯੁਵਤਿਨ ਸਚੀ ਰਮਾ ਕਲਾਜਾਨੀ ॥ ਕਰਤਿ ਆਰਤੀ ਪੁਰਸ਼ੋਤਮ ਪ੍ਰਭੁ ਮੰਗਲਚਾਰ ਬਿਵਾਨੀ ॥੨॥੯੯੯॥ ੧੪੩੧॥੩੭੫੦॥ ਚਰਚਿਤ ਮ੍ਰਿਗਾਮਦ ਸ੍ਰੀਖੰਡ ਕੇਸ ਅਰਪਿਤ ਤਨ ਮਨ ਪ੍ਰਾਨਾ ॥ ਲੇਤੁ ਪ੍ਰਦਛੱਨ ਸੁਰ ਸੁਭ ਲੱਛਨ ਬਲਿ ਬਲਿ ਜਾਤਿ ਸੁਬਹਾਨਾ ॥ ਸਾਜਨ ਸਰਸਿਤ ਚਾਉ ਉਮਾਹਾ ਹਰਖ ਉਛਾਹ ਹਰਿ ਦਰਸ਼ਨ ॥ ਪ੍ਰੇਮ ਉਮੰਗ ਅਨੰਦ ਹਿਰਦੈ ਮਹਿ ਬਿਖਮ ਬੇਖ ਅਤਿ ਪਰਸਨ ॥੩॥੯੦੦॥ ੧੪੩੨॥੩੭੫੧॥ ਭਾਂਤਿ ਭਾਂਤਿ ਨਈਬੇਦ ਬਿਬਿਧ ਬਿਧ ਪਾਕ ਪਕਵਾਨ ਦਿਜ ਭੋਜਨ ॥ ਖੋੜਸ

Scanned by CamScanner

ਬਿਧ ਕਹੁ ਪੂਜ ਤੁਲ ਕਰ ਪੂਜਤਿ ਬਿਜਯ ਪ੍ਰਯੋਜਨ ॥ ਲੇਹਜ ਪੇਹਜ ਭੱਛ ਰੁ ਭੋਜਾ ਛੀਰਕ ਘ੍ਰਿਤਹ ਪਕੰ ॥ਬਿਬਿਧ ਮਿਸ੍ਰਾਨ ਦਿਬਜ ਸਾਮਿਗ੍ਰੀ ਹਰਿ ਹਿਤੁ ਬਿੰਜਨ ਸਕੰ ॥੪॥੯੦੧॥੧੪੩੩॥ ੩੭੫੨॥ ਸਰਕਰਾ ਸੁਹਾਰ ਸੰਜਾਬ ਬਿਬਿਧ ਬਿਧ ਫਲਾਹਾਰ ਬਹੁ ਭਾਤੰ ॥ ਨਾਨਾ ਫਲ ਦਿਬਜਤਿ ਸੰਬੂਹਨ ਲੋਕ ਲੋਕ ਬਹੁ ਜਾਤੰ ॥ ਨਾਰਏਲ ਪੂੰਗੀ ਤਾਂਬੂਲੰ ਜਾਤੀ ਏਲਾ ਮ੍ਰਿਗਮਦ ॥ ਬਿਬਿਧ ਕਿਰਾਨੁਨ ਦਾਖਨ ਖੋਪਾ ਅਰਪਿਤ ਸ੍ਰੀ ਪਤਿ ਗਦ ਗਦ ॥੫॥੯੦੨॥ ੧੪੩੪॥੩੭੫੩॥ ਭੂਸਨ ਬਸਨ ਅਲੰਕਾਰ ਮਨਿਨ ਕੇ ਦਿਬਜ ਦਿਬਜ ਬਹੁ ਭਾਂਤੀ ॥ ਕ੍ਰੀਟ ਕੁੰਡਲਨ ਲਾਲ ਮਨੀ ਕੋ ਅਰਪਿਤ ਕਮਲਾ ਪਾਤੀ ॥ ਕੰਠ ਸਰੀ ਅਰੁ ਮੋਤ ਸਰੀ ਮਣਿ ਮਾਣਿਕ ਮੁਕਤਾ ਪੰਨਾ ॥ ਹਰਿਤ ਮਨੀ ਵਣੀਡੂਰਯ ਮਨਿ ਗਨ ਖਚਿਤ ਰਚਿਤ ਮਨਿ ਘੰਨਾ ॥੬॥੯੦੩॥੧੪੩੫॥੩੭੫੪॥ ਭੁਜਬੰਦ ਚਿਤ੍ਰ ਬਜ੍ਰ ਨਗ ਦਿਬਜਨ ਕਯੂਰ ਕੰਕਨ ਮਨਜਾਰੇ ॥ ਸੇਸਮਨੀ ਅਰੁ ਚੰਦ੍ਰਮਨੀ ਗਜ ਮੁਕਤਾ ਯਕਤਾ ਸਾਰੇ ॥ ਇੰਦ੍ਰਮਣੀ ਅਰੁ ਨੀਲਮਣੀ ਕੀ ਪਹੁਚੀ ਮੁੰਦ੍ਰੀ ਨੀਕੋ ॥ ਕਰਤਿ ਭੇਟ ਤੇਤੀਸ ਕਰੋੜੀ ਸ੍ਰੀ ਹਰਿ ਕਮਲਾ ਪੀ ਕੋ ॥੭॥੯੦੪॥੧੪੩੬॥੩੭੫੫॥ ਨਾਨਾ ਪਟ ਬਚਿਤ੍ਰ ਰੰਗ ਰੰਗਨ ਪੀਤ ਉਪਰਨਾ ਮੋਹਨਿ ॥ ਅਰਪਤਿ ਮਹਾਰਾਜ ਕਹ ਸੁਰਗਨ ਬਿਨਜ ਕਰਤਿ ਹਰਿ ਸੋਹਨਿ ॥ ਨਾਨਾ ਪੁਸ਼ਪਨ ਗੰਧ ਸੁਗੰਧਨ ਧੁਖਤਿ ਮਲਾਗਰ ਚੰਦਨ ॥ ਧੂਪ ਦੀਪ ਨਈਬੇਦ ਤਿਲਕ ਕਰ ਪੂਜਤਿ ਤੇ ਜਗ ਬੰਦਨ ॥੮॥੯੦੫॥੧੪੩੭॥੩੭੫੬॥ ਮਹਾਂਕਾਲ ਕੋ ਪੂਜਤਿ ਸਗਰੇ ਬੰਦਤਿ ਬਿਨਜ ਗੁਨ ਗਾਵਤਿ ॥ ਮਹਾਂਕਾਲ ਕੀ ਸ਼ਰਣਿ ਪਰੇ ਜੋ ਸੁਗਮ ਜਗਤਿ ਤਰ ਜਾਵਤਿ ॥ ਛੀਰ ਨੀਰ ਖੀਰ ਪਾਜਸ ਘ੍ਰਿਤ ਦਧ ਮਧੁ ਮਿਸ਼੍ਰਨ ਅਰਪੇ ॥ ਪੰਚਾਮ੍ਰਿਤ ਖੋੜਸਬਿਧ ਪੂਜਾ ਮਹਾਂਕਾਲ ਸਾਮਰਪੇ ॥੯॥੯੦੬॥੧੪੩੮॥

Scanned by CamScanner

੩੭੫੭॥ ਬਹੁਰ ਅੰਜੁਲਿਪੁਟ ਬਿਨਜ ਕਰਤਿ ਸਭਿ ਨਾ ਜਾਨਹੁ ਪੂਜਾ ਤੋਰੀ ॥ ਤੁਲਸੀ ਦਲ ਗੰਗੋਦਿਕ ਮਾਕਉ ਹੋਤਿ ਪ੍ਰਸੰਨ ਨਿਹੋਰੀ ॥ ਦਾਸ ਗੋਬਿੰਦ ਫ਼ਤਿਹ ਸਤਿਗੁਰ ਕੋ ਸੁਰ ਪੂਜੈਂ ਕਰ ਜੋਰੀ॥ ਸੁਨਹੁ ਸੰਤ ਪੂਜਾ ਹਰਿ ਜੂ ਕੀ ਬਾਸਵ ਕਰੀ ਪ੍ਰਭੋਰੀ ॥੧॥ ਤੁਮਹੂੰ ਪੂਜ ਕਰਹੁ ਅਬਿਨਾਸੀ ਮਨ ਬਚ ਕ੍ਰਮ ਅਪਾਨੇ ॥ ਡੰਡਵਤ ਹੀ ਮੋ ਪ੍ਰਸੰਨ ਹੋਤਿ ਹੈ ਘਟ ਘਟ ਕੀ ਵਹੁ ਜਾਨੈ ॥੧॥ਰਹਾਉ॥੧੦॥੯੦੭॥ ੧੪੩੯॥ ੩੭੫੮॥ਦਸਕ ੧॥

ਇਤਿ ਸ੍ਰੀ ਆਰਤੀ ਸ੍ਰੀ ਸਰਬਲੋਹ ਭੂਮਨ ਦੇਵ ਬਿਨਯ ਸਮਾਪਤਿਮੱਸਤ ਸੁਭਮੱਸਤ ॥

ਅਥ ਸ਼ਬਦ ਮਹਾਤਮ ਕਬਿ ਬਾਚ ਬਿਸਨੁਪਦ ਪੁੰਨੀਆ ॥

ਹਰਿ ਕੀ ਕਥਾ ਪਾਵਨ ਅਤਿਨੀਕੀ ਕਥਤਿ ਸਨਾਤਨਿ ਆਏ ॥ ਬ੍ਰਹਮਾਦਿਕ ਸਨਕਾਦਿਕ ਨਾਰਦ ਸ਼ੇਸ਼ ਸਾਰਦਾ ਗਾਏ ॥ ਜੋ ਜੋ ਚਰਿਤ੍ਰ ਕੀਨ ਯੁਗ ਮਾਹੀ ਅਸੁਰਨ ਮਾਰ ਖਪਾਏ ॥ ਮੁਨਿ ਜਨ ਮਹਾਂ ਰਿਸ਼ੀ ਤੇ ਆਦਿਕ ਕਾਬਜ ਤਾਸ ਮਹਿ ਲਾਏ ॥੧॥੯੦੮॥੧੪੪੦॥੩੭੫੯॥ ਨਿਜ ਨਿਜ ਅਨੁਭਵ ਲੀਲ੍ਹਾ ਮਹਾਂ ਪ੍ਰਭੁ ਕੀ ਬੇਦ ਪੁਰਾਨਨ ਗਾਏ ॥ ਬਾਲਮੀਕਿ ਸ਼ੰਕਰ ਹਰਿ ਭਗਤਾ ਇਨ ਤੇ ਆਦਿ ਸਬਾਏ ॥ ਬਜਾਸ ਪਰਾਸੁਰ ਧ੍ਰੂਅ ਸੇ ਗੋਰਖ ਪ੍ਰਹਲਾਦਿ ਭਗਤਿ ਹਰਿ ਭਾਏ ॥ ਜੇ ਜੇ ਭਗਤਿ ਸੰਤ ਗਨਨੀਯੰ ਪਦਮਾਪਤਿ ਪਰਥਾਏ ॥੨॥੯੦੯॥੧੪੪੧॥੩੭੬੦॥ ਸਤਿਗੁਰੁ ਨਾਨਕ ਅੰਸ ਕਲਾ ਪ੍ਰਭੁ ਤਿਨ ਸੁਭ ਗ੍ਰੰਥ ਬਖਾਨੇ ॥ ਨਾਮ ਉਪਾਸਨ ਨਾਮ ਅਰਾਧਨ ਨਾਮਹਿ ਜਪੁ ਤ੍ਰਿਪਤਾਨੇ ॥ ਸਚੁ ਉਪਦੇਸ਼ ਸੰਗਤਿ ਕਉ ਦੀਨਾ ਬਸਤੁ ਨਾਮ ਨਿਰਬਾਨੇ ॥ ਮਹਾਂਮੰਤ੍ਰ ਤਾਰਕ ਸਤਿਨਾਮਾ ਸੋ ਗੁਰੁ ਕੀਨੋ ਦਾਨੇ ॥੩॥੯੧੦॥੧੪੪੨॥੩੭੬੧॥ ਭਗਤਿ ਕਬੀਰ ਰਵਿਦਾਸ ਨਾਮਦੇਵ ਅਨਨਜ ਸੇਵ

Scanned by CamScanner

ਪਦ ਪਾਏ ॥ ਸਧਨਾ ਸੈਨ ਧੰਨਾ ਤ੍ਰਿਲੋਚਨ ਬੇਨੀ ਸੁਗਮ ਤਰਾਏ ॥ ਸ਼ਬਦ ਜਹਾਜ ਸਤਿਗੁਰੁ ਕਰਨਧਾਰ ਤਹਿ ਚੜ ਸਿਖ ਲੰਘਾਏ ॥ ਭਵ ਸਾਗਰ ਤੇ ਤਰਹ ਗੇ ਭਗਤਾ ਜਿਨ ਬਿਸ੍ਵਾਸ ਕਰਾਏ ॥੪॥੯੧੧॥੧੪੪੩॥੩੭੬੨॥ ਜਿਨ ਮਨ ਅੰਤਰਿ ਸ਼ਬਦ ਗੁਰੂ ਦਾ ਹਿਰਦਯ ਬਿਚਾਰ ਕਰਾਏ ॥ ਮਿਟਹਿ ਅੰਧ੍ਯਾਰ ਭੰਗਾਰ ਚਿਰਨ ਕੇ ਸ਼ਬਦ ਪ੍ਰਕਾਸ਼ ਕਰਾਏ ॥ ਜੋਤੀ ਜੋਤਿ ਕਵਲ ਪ੍ਰਕਾਸ਼ੇ ਤ੍ਰਿਭਵਣ ਸੂਝ ਸਵਾਏ ॥ ਜਿਨ ਕੇ ਭਾਗ ਭਲੇ ਜਗ ਅੰਤਰਿ ਤੇ ਗੁਰੁ ਸ਼ਬਦ ਕਮਾਏ ॥੭॥ ਸਤਿਗੁਰੁ ਸ਼ਬਦ ਦੀਪ ਉਜ਼ਜਾਰੋ ਅੰਤਰਿ ਕਪਟ ਖੁਲਾਏ ॥੭॥ਰਹਾਉ॥੫॥ ੯੧੨॥੧੪੪੪॥੩੭੬੩॥ ਬਿਸਨੁਪਦ ਪੁੰਨਜਾਕੀ ॥ ਸ਼ਬਦਿ ਗੁਰੂ ਕਾ ਅੰਮ੍ਰਿਤ ਕਹੀਅਤੁ ਪੀਅਤਿ ਅਮਰ ਕਰਾਏ ॥ ਸ਼ਬਦੁ ਗੁਰੂ ਭਉ ਸਾਗਰ ਤਰੀਐ ਪਾਪੀ ਸੁ ਗਤਿ ਕਰਾਏ ॥ ਗੁਰੁ ਕਾ ਸ਼ਬਦੁ ਪ੍ਰੇਮ ਅਤਿਸੈ ਕਰਿ ਗੋਪ ਰਖਹੁ ਕਰਿ ਭਾਏ ॥ ਸਾਕਤਿ ਸੋਂ ਯਹਿ ਮੂਲ ਨ ਕਹੀਅਹੁ ਸਾਕਤ ਮਨੁ ਨ ਸੁਖਾਏ ॥੬॥੯੧੩॥ ੧੪੪੫॥੩੭੬੪॥ ਸਾਕਤਿ ਸ੍ਵਾਨ ਕਰੰਕ ਮੁਹ ਕਾਲੇ ਜਹ ਦੁਰਗੰਧ ਤਹ ਜਾਏ ॥ ਜਿਨ ਨੇਤ੍ਰੀ ਹਰਿ ਦਰਸੁ ਨ ਕੀਨੇ ਹਰਿ ਬਿਗ੍ਰਹਿ ਕਰ ਭਾਏ ॥ ਬਰਹੀ ਪਾਛ ਸੇ ਨੇਤ੍ਰ ਦੁਰਜਨ ਕੇਤੇ ਅੰਧਿ ਅਧਮ ਪਾਪਾਏ ॥ ਜਹ ਸ੍ਰਵਣ ਗੁਨਾਨੁਬਾਦ ਨਹਿ ਸੁਨੀਅਤਿ ਮੂਸੁ ਬਿਲਾ ਕੀ ਠਾਏ ॥੭॥੯੧੪॥ ੧੪੪੬॥੩੭੬੫॥ ਤਿਨ ਕੇ ਦਰਸੁ ਨ ਕਰੀਅਹੁ ਸਿਖੋ ਦਰਸੇ ਪਾਪ ਲਗਾਏ ॥ ਜੇ ਨਾਸਿਕਾ ਪੁਸ਼ਪ ਹਰਿ ਅਰਪਿਤਿ ਪਦ ਸਰੋਜ ਨ ਸੁੰਘਾਏ ॥ ਬਜਾਲ ਛਿਦ੍ਰ ਸਮ ਤਾਕਹੁ ਜਾਨਹੁ ਬ੍ਰਿਥਾ ਸ੍ਵਾਸ ਲਵਾਏ॥ ਜੋ ਰਸਨਾ ਹਰਿ ਨਾਮ ਨ ਉਚਰਤਿ ਬੋਲਤਿ ਬਚਨ ਅਜਾਏ ॥੮॥੯੧੫॥ ੧੪੪੭॥੩੭੬੬॥ ਮੀਂਡਕ ਸਮ ਤੇ ਪਾਪੀ ਗਨੀਅਹਿ ਤਿਲੁ ਤਿਲੁ ਕਾਟਿ ਗਵਾਏ ॥ ਜੇ ਮਸਤਕ

Scanned by CamScanner

ਗੁਰੁ ਪਦ ਨਹੀ ਬੰਦੇ ਤਾ ਫਲ ਮੋਦ ਪਰਾਏ ॥ ਜਿਹ ਸ੍ਵਾਸਨਿ ਓਅੰਕਾਰ ਨਹਿ ਜਾਪੈ ਭਸਰਾ ਸ੍ਵਾਸ ਬਿਰਥਾਏ ॥ ਜਹਿ ਕਾਯਾ ਗੁਰੁ ਸੇਵ ਨ ਕੀਨੀ ਸਾਧੁ ਹਰੀ ਚਿਤੁ ਲਾਏ ॥੯॥੯੧੬॥੧੪੪੯॥ ੩੭੬੭॥ ਭੀਤਿ ਚਿਤ੍ਰ ਕਛੁ ਕਾਜਿ ਨ ਆਵਤੁ ਤਿਮ ਸਾਕਤੁ ਆਰਜਾਇ ॥ ਜਿਨ ਪਗ ਕਰਿ ਤੀਰਥਿ ਨਹਿ ਕੀਨੇ ਬਿਸਾਧਰਿ ਪ੍ਰਾਯ ਤਿਸ ਪਾਇ ॥ ਜਿਨ ਪ੍ਰਾਨਿਨ ਕਰਿ ਸੁਜਸ ਨ ਲੇਖੇ ਕਾਸ਼੍ਰ ਖਾਰ ਗਨਾਏ ॥ ਕਪਟੀ ਨਿੰਦਕ ਲੋਲਪ ਨਿਗੁਰੇ ਤਿਨ ਨਹਿ ਨਾਮ ਸੁਹਾਏ ॥੧੦॥੯੧੭॥ ੧੪੪੯॥੩੭੬੮॥ ਤਿਨ ਤੇ ਪਰਮ ਗੁਹਜ ਯੇ ਰਖਿਅਹੁ ਜੋਗੁ ਨ ਤਿਨਹਿ ਸੁਨਾਏ ॥ ਬਿਸ੍ਵਾਸ ਹੀਨ ਸਰਧਾ ਰਹਿਤ ਸਾਕਤੁ ਤਿਨ ਤੇ ਰਖਹੁ ਦੁਰਾਏ ॥ ਏਤੀ ਕਹੀ ਹਮਾਰੀ ਸੰਤਹੁ ਕੀਜਹਿ ਬਿਨਯ ਕਰਾਏ ॥ ਆਗੈ ਅਵਰੁ ਪ੍ਰਸੰਗ ਸੁਨਹੁ ਜੂ ਜੋ ਜੋ ਭਏ ਤਹਿ ਠਾਏ ॥੧੧॥੯੧੮॥ ੧੪੫੦॥੩੭੬੯॥ ਸਮਰ ਭੂਮਿ ਬਿਜਯ ਅਸਿਥਲੁ ਜਹਾਂ ਬਿਰਾਜਤਿ ਗੋਬਿੰਦਾਏ ॥ ਪੂਰਬਿ ਦੇਵ ਬਿਨਯ ਕਹ ਗਾਯੋ ਕਵਿ ਆਰਤੀ ਸੁਨਾਏ ॥ ਸੁਰਪਤਿ ਪੂਜਾ ਹਰਿ ਆਰਤੀ ਤੇ ਭੀ ਨੀਕੇ ਗਾਏ ॥ ਵਰਜਨ ਸਾਕਤ ਤੇ ਹਰਿ ਨਾਮਾ ਸ਼ਬਦੁ ਗੁਰੂ ਨ ਸੁਨਾਏ ॥੧੨॥੯੧੯॥੧੪੫੧॥੩੭੭੦॥ ਲੀਲ੍ਹਾ ਜਥਾ ਉਕਤਿ ਮਤਿ ਅਪੁਨੀ ਭਾਖਯੋ ਪ੍ਰਗਟ ਕਰਾਏ ॥ ਅਬ ਜੋ ਚਰਿਤ੍ਰ ਉਪ੍ਰਾਂਤ ਸਮਰ ਕੇ ਭਾਖਤਿ ਕਵਿ ਸੁਖ ਪਾਏ ॥ ਬਾਸਵ ਅਭਿਖੇਕ ਬਿਬੇਕ ਵਡਿਆਈ ਬਿਦਾ ਕੀਨ ਜਾਂ ਭਾਏ ॥ ਨਾਰਿ ਅਬਿਬੇਕ ਅਸੁਰਪਤਿ ਪਤਿਨੀ ਤੇ ਸਭਿ ਕਹਹੁੰ ਸੁਨਾਏ ॥੧੩॥੯੨੦॥੧੪੫੨॥੩੭੭੧॥ ਜਾਂ ਕਹ ਸੁਨੇ ਪਾਪ ਤਨ ਨਾਠੇ ਅਰੋਗ ਹੋਇ ਨਿਜਕਾਏ ॥ ਦਾਸ ਗੋਬਿੰਦ ਫ਼ਤਿਹ ਸਤਿਗੁਰੁ ਕੋ ਸਬਦਿ ਮਹਿਮਾ ਕੋ ਧਜਾਏ ॥ ਸੁਨੈ ਪਢੈ ਹਿਤੁ ਚਿੱਤੁ ਕੈ ਪ੍ਰਾਨੀ ਸੁਗਮ ਸੰਸਾਰ ਤਰਾਏ ॥ ਸ਼ਬਦ ਮਹਾਤਮ ਦੋ ਅਛਰ

Scanned by CamScanner

ਹੈ ਰਾਮ ਨਾਮ ਮਥ ਗਾਏ ॥੧੪॥੯੨੧॥੧੪੫੩॥੩੭੭੨॥

ਇਤਿ ਸ੍ਰੀ ਸ਼ਬਦ ਮਹਾਤਮ ਗ੍ਰੰਥ ਸੂਚੀ ਪਤ੍ਰ ਸਮਾਪਤਿਮੱਸਤ ਸੁਭਮੱਸਤ ॥ ਬਿਸਨੁਪਦ ਪੁਨੀਜਾਕੀ ਕਬਿਬਾਚ ॥

ਬੀਰਜਨਾਦ ਕੋ ਨਿਧਨ ਭਯੋ ਜਦ ਸ੍ਵਰਗ ਲੋਕ ਜੈਕਾਰਾ ॥ ਦੇਵਨ ਹਰਖ ਕੀਨੁ ਬਹੁ ਭਾਂਤਿਨ ਗਾਵਹਿ ਮੰਗਲਚਾਰਾ ॥ ਬਿਬ੍ਰਿਧ ਸੇਵ ਪੂਜਾ ਸਰਬਲੋਹੰ ਆਰਤੀ ਨ੍ਰਿਤਿ ਪੂਜਾਰਾ ॥ ਪਰਜੋ ਖੰਭਾਰ ਅਸੁਰ ਕੁਲ ਮਾਹੀ ਬੀਰਜਨਾਦ ਪਰਿਵਾਰਾ ॥੧॥੯੨੨॥੧੪੫੪॥੩੭੭੩॥

ੴ ਸ੍ਰੀ ਭਗਵਤੀ ਏ ਨਮਹ ॥

ਅਥ ਬਿਬੇਕ ਅਬਿਬੇਕ ਸ੍ਰੀ ਸਰਬਲੋਹ ਬੀਰਜਨਾਦ ਦੇਵ ਸਮਾਜੁ ਪਖਜਾਨ ਕਥਤੇ ਬੀਰਜਨਾਦ ਨਾਰਿ ਬੀਰਜਨਾਦ ਸੰਗਿ ਜਰਤਿ ਭੀ ਅਬਿਬੇਕ ਨਾਰਿ ਪਰਿਵਾਰ ਜੁਤਿ ਸਤੀ ਹੋਤਿ ਭਈ ਤਾਸੁ ਪਖਜਾਨੁ ਤ੍ਵ ਬਲ ਮੈ ਗੁੰਗਾ ਬਾਚਾਲਿਤਾਮਿਤਿ ਭਵਾਮਿਤੇ ਬਿਸਨੁਪਦ ਵਡਹੰਸ ਕਥਤੇ ਛੰਦ ਕਲਹੰਸ ॥ ਮੰਤ੍ਰੀ ਸੈਨਾਨੀ ਸੁਤ ਜੂਝੇ ਜੁਤਿ ਅਬਿਬੇਕ ਭਟਾਨਾ ॥ ਜਾ ਕੇ ਜੀਜਤਿ ਜਗਤਿ ਭਜ ਆਤੁਰ ਬੈਰ ਦੁਹਨ ਕੋ ਚਿਰਾਨਾ ॥ ਧਰਮ ਅਧਰਮ ਪੁੰਨ ਪਾਪ ਦ੍ਵੈ ਏ ਦੇਵ ਦਨੁਜ ਅਹਿਤਾਨਾ ॥ ਬਿਬੇਕ ਅਬਿਬੇਕ ਕੋ ਵੈਰ ਪਰਸਪਰ ਰਾਖਤਿ ਵੇ ਦੁਰਜਾਨਾ ॥੧॥੧੪੫੫॥੩੭੭੪॥ ਧਰਮ ਕਰਮ ਸੁਭ ਦੇਵ ਕਹਾਵਹਿ ਅਧਰਮ ਕੂੜ ਅਸੁਰਾਦੂ ॥ ਦਯਾ ਸੀਲ ਸਰਬਲੋਹ ਸਾਰ ਮਤਿ ਹਿੰਸਾ ਦ੍ਰੋਹ ਬੀਰਜਨਾਦੂ ॥ ਸੁਕ੍ਰਿਤਿ ਕਰਮ ਬਿਬੇਕ ਸਮਾਜਨ ਕੁਕ੍ਰਿਤਿ ਅਬਿਬੇਕ ਬਿਸਾਦੂ ॥ ਜਹਾਂ ਤਹਾਂ ਸਾਧਨ ਲੱਖ ਲੀਜੋ ਸਾਧਿਕ ਸਿੱਧ ਅਰੁ ਸਾਧੂ ॥੨॥੧੪੫੬॥੩੭੭੫॥ ਜੇ ਜੇ ਕਰਮਨ ਧਰਮ ਕਮਾਏ ਦੇਵਿ ਪ੍ਰਕ੍ਰਿਤਿਨ ਮਾਹਿ

Scanned by CamScanner

ਕੈ ॥ ਬਬ੍ਰਖ ਮੇਰੁ ਬ੍ਰਿਛ ਪ੍ਰਘ ਗਦਾ ਗ੍ਰਿਸ੍ਰ ਬ ਬਾਨਰਾ ॥ ਪਟਾ ਤ੍ਰਿਸ਼ੂਲ ਗੋਫ਼ਨੰ ਫੇਕੰਤ ਸੈਲ ਨਿਸਚਰਾ ॥ ੪੨ ॥ ੬੩ ॥ ੩੨੮ ॥ ੪੯੯ ॥ ਨਰਾਜ ॥ ਜਮਾਇ ਜੁਧ ਇੰਦ੍ਰਜੀਤ ਨਿਕੁੰਭ ਲਾਗਜੋ ਤਬੈ ॥ ਹਵਨ ਲਗਜੋ ਕਰਨ ਤਹਾਂ ਬਿਭੀਖਨੈ ਕਹਜੋ ਸਬੈ ॥ ਬਿਭੀਸਨ ਬਾਚ ॥ ਵਰ ਪਾਇ ਹੈ ਜਬ ਇੰਦ੍ਰਜੀਤ ਅਜੈ ਸਕਲ ਪ੍ਰਾਨੀ ਤੇ ॥ ਤਿਹ ਮਧਜ ਨਾਸ ਕੀਜੀਏ ਨਿਕਾਰ ਅਸਥਾਨ ਭਵਾਨੀ ਤੇ ॥ ੪੩ ॥ ੬੪ ॥ ੩੨੯ ॥ ੫੦੦ ॥ ਨਰਾਜ ॥ ਜਉ ਅਨੁਜ ਕਉ ਪਠੈ ਪ੍ਰਭੂ ਨਿਧਨ ਨਿਸਾਚਰ ਹੋਇ ਗੋ ॥ ਹਨੁਵੰਤ ਅੰਗਦ ਜਾਂਬੁਵਾਨ ਸੰਗ ਦੀਜੀਏ ਰਣ ਸੋਇ ਗੋ ॥ ਬੁਲਾਇ ਅਨੁਜ ਸੰਗ ਦੇ ਬਿਭੀਖਨ ਅੰਗਦ ਜਾਂਬੁਵੰਤ ॥ ਮਇੰਦ ਗਇੰਦ ਗਜਗਵ ਗਵਾਖਛ੍ ਕੇਸਰੀ ਅਉ ਹਨਮੰਤ ॥ ੪੪ ॥ ੬੫ ॥ ੩੪੦ ॥ ੫੦੧ ॥ ਨਰਾਜ ॥ ਚਢਾਇ ਕੰਧ ਅੰਗਦੈ ਚਲੈ ਨਖਨਊ ਬੀਰ ਲੈ ॥ ਪਹੁਚੇ ਅਨੁਜ ਜੁਤ ਅਯੋਧਨੰ ਨਿਕੁੰਭਲਾਰਣ ਪ੍ਰਵਿਰਤਿ ਹ੍ਵੈ ॥ ਹਣੇ ਸਭੀ ਨਿਸਾਚਰਾ ਅਕੁਲਾਇ ਇੰਦ੍ਰਜੀਤ ਜਬ ॥ ਸੰਗ੍ਰਾਮ ਪ੍ਰਵਿਰਤੀ ਹੋਤ ਭਉ ਦੁਹੂਨ ਕਉ ਸਮਯ ਤਬ ॥ ੪੫ ॥ ੬੬ ॥ ੩੪੧ ॥ ੫੦੨ ॥ ਨਰਾਜ ॥ ਪਰਸਪਰ ਪ੍ਰਹਾਰ ਬਾਨ ਪ੍ਰਹਰਿ ਏਕ ਤਹ ਭਜੋ ॥ ਨਿਦਨਾਨ ਲਖਛ੍ਮਨੰ ਬਲੀ ਇੰਦ੍ਰਜੀਤ ਕਰ ਹੋਇਉ ॥ ਪੁਹਪ ਬ੍ਰਖਾਤ ਦੇਵਤਾ ਜੈ ਰਾਘਵੰ ਲਖਛ੍ਮਨੰ ਜਯੰ ॥ ਨਨ੍ਰਤ ਅਪਸਰਾ ਸਭੀ ਬਧਾਇ ਹਰਖ ਨਿਰਭਯੰ ॥ ੪੬ ॥ ੬੭ ॥ ੩੪੨ ॥ ੫੦੩ ॥ ਨਰਾਜ ॥ ਜੁਝਾਇ ਦਲ ਪਤਿਹਿ ਸਭੀ ਰੁਦੰਤ ਰਾਵਣੰ ਢਿਗੰ ॥ ਹਤੇ ਸੁਰਾਰਿ ਇੰਦ੍ਰਜੀਤ ਲਖਛ੍ਮਨੈ ਰਣੰਭਗੰ ॥ ਸੁਨਿ ਤਾਤ ਨਿਧਨ ਰਾਵਣੈ ਗਿਰਯੋ ਸੁ ਮੁਰਛ ਮਹਿੰ ਤਲੰ ॥ ਮਹੂਰਤਿ ਦ੍ਵੈ ਮੁਰਛਨਾ ਰਹਜੋ ਰੁਦੰਤ ਚਲਚਲੰ ॥ ੪੭ ॥ ੬੮ ॥ ੩੪੩ ॥ ੫੦੪ ॥ ਨਰਾਜ ਰਾਵਣ ਬਾਚ ॥ ਹਹਾ ਹਹਾ ਹਹਾ ਦਈ ਕਾ ਕੀਨੁ ਸੰਗਿ ਮੋਰ ਜੂ ॥

Scanned by CamScanner

ਸਪੂਤ ਇੰਦ੍ਰਜੀਤ ਸੋਂ ਨਿਧਨ ਭਜੋ ਅਜੋੜ ਜੂ ॥ ਮਕ੍ਰਾਖਛਸ ਕੁੰਭ ਨਿਕੁੰਭ ਭਟ ਅਤਿਕਾਯ ਤ੍ਰਿਸਿਰਾ ਪਠੈ ॥ ਅਪਾਰ ਸੈਨ ਸੰਗ ਦੈ ਸੰਗ੍ਰਾਮ ਰਾਮ ਏਕਠੈ ॥ ੪੮ ॥ ੬੯ ॥ ੩੪੪ ॥ ੫੦੫ ॥ ਨਰਾਜ ॥ ਮਯੂਰ ਮੂਖਕ ਬੇਖ ਬੇਗ ਪਈਸਾਚ ਬਰਨ ਬਾਜ ਹੇ ॥ ਨਿਕੁੰਭ ਕੁੰਭ ਤ੍ਰਿਸਰ ਨਿਸਰ ਚਲਯੋ ਸਿੰਗਾਰ ਸਾਜ ਹੇ ॥ ਪ੍ਰਵਿਰਤਿ ਸੰਗ੍ਰਾਮ ਹੋਤ ਭਯੋ ਅਤਿਕਾਜ ਅੰਗਦੈ ਸਨੈ ॥ ਨਿਕੁੰਭ ਨੀਲ ਸੋ ਭਿਰਜੋ ਤ੍ਰਿਸਰ ਪਵਨ ਤਨਯ ਰਣੈ ॥ ੪੯ ॥ ੭੦ ॥ ੩੪੫ ॥ ੫੦੬ ॥ ਨਰਾਜ ॥ ਨਿਕੁੰਭ ਨਿਧਨ ਹੋਤ ਭਉ ਕੁੰਭ ਅੰਗਦੈ ਭਿਰਜੋ ॥ ਅਸੱਝ ਆਹਵੰ ਮੰਡਯੋ ਸੰਜੋਅ ਬਗਤ੍ਰੰ ਝਰਯੋ ॥ ਮਕ੍ਰਾਖਛ ਰਾਮ ਪ੍ਰਚਾਰ ਕੈ ਖਰ ਵੈਰ ਕਉ ਚਿਤਾਰ ਕੈ ॥ ਤਿੱਛ ਬਾਨ ਪਰਿਹਾਰ ਕੈ ਸਨੁਮੁਖ ਗਜਯੋ ਲਲਕਾਰ ਕੈ ॥ ੫੦ ॥ ੭੧ ॥ ੩੪੬ ॥ ੫੦੭ ॥ ਨਰਾਜ ॥ ਪਰਸਪਰੰ ਅਸਝ ਯੁਧ ਖੜਗ ਬਾਨ ਸੋ ਕਰਜੋ ॥ ਨਿਦਾਨ ਰਾਮ ਚੰਦ੍ਰ ਹਾਥ ਮਕ੍ਰਾਖਛ ਸਮਰ ਕੈ ਮਰਜੋ ॥ ਤ੍ਰਿਸਰਾ ਮਾਰੁਤ ਤਨਯ ਹਨੇ ਕ੍ਰਿਪਾਨ ਘਾਇ ਕੈ ॥ ਅਤਿਕਾਯ ਕੁੰਭ ਅੰਗਦੈ ਝਿਣਜੋ ਸਮਰ ਹਕਾਇ ਕੈ ॥ ੫੧ ॥ ੭੨ ॥ ੩੪੭ ॥ ੫੦੮ ॥ ਨਰਾਜ ॥ ਭਜੇ ਦਲਪਤਿ ਜੁਝਾਇ ਕੈ ਨਿਸਾਚਰਾ ਸਮਰ ਛਿਤੇ ॥ ਰੁਦੰਤ ਤੀਰ ਰਾਵਣੈ ਕਹਜੋ ਸਭੈ ਰਘੁਵਰ ਹਤੇ ॥ ਗਿਰਯੋ ਪਾਇ ਮੂਰਛਨਾ ਅਚੇਤ ਤੇ ਸੁਚੇਤ ਭਯੋ ॥ ਪ੍ਰਣ ਕਰ ਕਹਯੋ ਸਭਾ ਮਾਹਿ ਆਜ ਹੀ ਸੁਤ ਵੈਰ ਲਜੋ ॥ ੫੨ ॥ ੭੩ ॥ ੩੪੮ ॥ ੫੦੯ ॥ ਨਰਾਜ ॥ ਮੰਦੋਦਰੀ ਸੁਤ ਛੋਹ ਕਰ ਅਕੁਲਾਇ ਰਾਵਣ ਢਿਗ ਗਈ ॥ ਮੰਦੋਦਰੀ ਬਾਚ ॥ ਨ ਲਾਵਤੋ ਸੀਯ ਹਰਨ ਕੈ ਕੀ ਦਸਾ ਐਸਾ ਹੋਤਿ ਦਈ ॥ ਪੁਤ੍ਰ ਪਉਤ੍ਰ ਭ੍ਰਾਤ ਮਿਤ੍ਰ ਮੰਤ੍ਰੀ ਸੈਨ ਨਸ੍ਰ ਭਯੋ ॥ ਕੰਚਨ ਕੋ ਗਢ ਲੰਕ ਬੰਕ ਜਰਾਇ ਬੰਦਰਾ ਗਯੋ ॥ ੫੩ ॥ ੭੪ ॥ ੩੪੯ ॥ ੫੧੦ ॥ ਨਰਾਜ ॥ ਤ੍ਰੈਲੋਕ ਤ੍ਰਾਸ ਰਾਵਰੀ

Scanned by CamScanner

ਮਨੈ ਥੋਂ ਮਾਥ ਨਾਵਤੋ ॥ ਕਪਿਨ ਕੇ ਹਾਥ ਪ੍ਰਭੁਤਾ ਗਵਾਈ ਨਾਥ ਅਗਜਾਨ ਤੋ ॥ ਅਜਹੁੰ ਡਾਰ ਦੈ ਸੀਯ ਪੀਯ ਰਾਵਰੀ ਕੁਸਲ ਸਦਾ ॥ ਸਉਭਾਗ ਮੋਰ ਰਹਤ ਹੈ ਉਬਾਰ ਪ੍ਰਾਨ ਕੋ ਤਦਾ ॥ ੫੪ ॥ ੭੫ ॥ ੩੫੦ ॥ ੫੧੧ ॥ ਨਰਾਜ ॥ ਰਾਮ ਚੰਦ੍ਰ ਬਿਸ਼ਨੁ ਹੈ ਤਿਨ ਸੋਂ ਨ ਵੈਰ ਪਤਿ ਕਰੋ ॥ ਸੀਯਾ ਹੈ ਆਦਿ ਲਖਛ੍ਮੀ ਸਿੰਗਾਰ ਆਗੇ ਲੈ ਧਰੋ ॥ ਰਾਵਣ ਬਾਚ ॥ ਕਹਜੋ ਰੀ ਬਾਵਰੀ ਤ੍ਰਿਜਾ ਰਾਮ ਬਿਸਸ਼ਨੁ ਕਿੰ ਕਹੈ ॥ ਆਜ ਹੀ ਸੁਤ ਵੈਰ ਲੈਉਂ ਤੁਅ ਬਾਤ ਸੋਂ ਹਿਰਦੈ ਦਹੈ ॥ ੫੫ ॥ ੭੬ ॥ ੩੫੧ ॥ ੫੧੨ ॥ ਨਰਾਜ ॥ ਅਸ ਕਹ ਚਢਯੋ ਲੇ ਸੈਨ ਕਉ ਚਤੁਰੰਗਨੀ ਅਪਾਰ ਹੈ ॥ ਸਯਦ ਲਗਯੋ ਗੋਰਖਰ ਪਈਸਾਚ ਮੁਖੀਚਾਰ ਹੈ ॥ ਛਤ੍ਰ ਚਉਰ ਸਾਥ ਢੁਰਤਿ ਤਦ ਸੀਸ ਕ੍ਰੀਟ ਲਾਲ ਕੋ ॥ ਕਰ ਬੀਸ ਸ਼ਸਤ੍ਰ ਅਸਤ੍ਰ ਘਨਿ ਉਰ ਮਾਲ ਮ੍ਰਿਨਾਲ ਕੋ ॥ ੫੬ ॥ ੭੭ ॥ ੩੫੨ ॥ ੫੧੩ ॥ ਨਰਾਜ ॥ ਭਜੇ ਪਲਵੰਗਨ ਓਜ ਪੇਖ ਸੋਭ ਲੰਕਨਾਥ ਕੋ ॥ ਗਹੀ ਸਰਣ ਪਲਵੰਗਨ ਸੁਗ੍ਰੀਵ ਰਮਾਨਾਥ ਕੋ ॥ ਹਨੰ ਪਲਵੰ ਰਿਛ ਘਨੇ ਆਹਵ ਬਿਸੇਖ ਨੇ ਭਟਾ ॥ ਪਲਾਇਕੀਸ ਤਜਾਗ ਯੁੱਧ ਬਾਜੁ ਤੇ ਜਿਮ ਘਨ ਘਟਾ ॥ ੫੭ ॥ ੭੮ ॥ ੩੫੩ ॥ ੫੧੪ ॥ ਨਰਾਜ ॥ ਕੋਊ ਨ ਸਾਮੁਹਿ ਹੋਤ ਭਯੋ ਬਡੇ ਬਡੇ ਪ੍ਰਧਾਨ ਸੈਂ ॥ ਭਜੈ ਲੈ ਪ੍ਰਾਨ ਕੀਸ ਰੀਛ ਸਮਰ ਜਾਤ ਧਾਨ ਭੈ ॥ ਹਨੁਵੰਤ ਰੁਕਜੋ ਰਾਵਣੈ ਪ੍ਰਵਿਰਤਿ ਯੁਧ ਦੁਹੁੰਨ ਕੈ ॥ ਪ੍ਰਹਾਰ ਪਰਸਪਰ ਭਯੋ ਟਰਤ ਨ ਕੋਊ ਦੁਹੁੰਨ ਮੈ ॥ ੫੮ ॥ ੭੯ ॥ ੩੫੪ ॥ ੫੧੫ ॥ ਨਰਾਜ ॥ ਤਬ ਧਾਇ ਭਾਲ ਮੁਸ੍ਰਿਕਾ ਹਨੂਵੰਤ ਤਾਸ ਮਾਰਜੋ ॥ ਗਿਰਜੋ ਬਿਸੰਭਾਰ ਸਯੰਦ ਤੇ ਹੁਇ ਮੁਰਛਨਾ ਭੁਇਂ ਪਾਰਯੋ ॥ ਹਤੇ ਨਿਸਾਚਰਾ ਘਨੇ ਸਮੈ ਤਉਨ ਪਵਨ ਤਨੈ ॥ ਬਹਾਇ ਨਦੀ ਰੁਹਰ ਕੋ ਝਰਨੇ ਅਨੇਕ ਭਟ ਰਨੈ ॥ ੫੯ ॥ ੮੦ ॥ ੩੫੫ ॥ ੫੧੬ ॥ ਨਰਾਜ

॥ ਛੁਟੀ ਜਬੈ ਤਿਸ ਮੂਰਛਨਾ ਅੰਗਦ ਅਰਜੋ ਸੰਗ ਬਦਨ ਦਸ ॥ ਪਰਿਹਾਰ ਪਰਸਪਰ ਭਯੋ ਟਰ ਗਯੋ ਤਬੈ ਸਮਰ ਨਸ ॥ ਭਿਰਜੋ ਸੁਗ੍ਰੀਵ ਆਇ ਕੈ ਬਹੁਮਾਰ ਧਰਜੋ ਦੁਹੂੰਨ ਕੈ ॥ ਦਾਵ ਘਾਵ ਅੰਗਿ ਬਹੁਤ ਸ੍ਰੋਨ ਬਹਜੋ ਦੁਹੂਨ ਕੈ ॥ ੬੦ ॥ ੮੧ ॥ ੩੫੬ ॥ ੫੧੭ ॥ ਨਰਾਜ ॥ ਪੁਨ ਕੋਪ ਵਾਜੁ ਤਨਯ ਅਰਯੋ ਗਦਾ ਯੁਧ ਹੋਤ ਭਉ ॥ ਸਟਾ ਸਟਾ ਚਟਾ ਚਟਾਇ ਪ੍ਰਹਾਰ ਦੁਹੂੰਨ ਹੋਤ ਭਉ ॥ ਤਕਾਇ ਭਾਲ ਕਪੇਂਦ੍ਰ ਕਉ ਗਦਾ ਕੀਯੋ ਪਰਿਹਾਰ ਹੈ ॥ ਰੁਧਰ ਬਮਨ ਕਰ ਛਿਤ ਗਿਰਜੋ ਬਿਸੰਭਾਰ ਬਾਯੁ ਕੁਮਾਰ ਹੈ ॥ ੬੧ ॥ ੮੨ ॥ ੩੫੭ ॥ ੫੧੮ ॥ ਨਰਾਜ ॥ ਕਰ ਗਰਜਨਾ ਢੁਕਜੋ ਲੰਕੇਸ ਭਭਕਜੋ ਕੋਊ ਤਾਸੁ ਕਉ ॥ ਲਘੁ ਬੀਰ ਸਾਮੁਹਿ ਹੋਤ ਭੇ ਪ੍ਰਵਿਰਤਿ ਯੋਧਹਿ ਜਾਸੁ ਕਉ ॥ ਪਰਿਹਾਰ ਪਰਸਪਰ ਕਰਯੋ ਤਕਾਇ ਹਨਜੋ ਦਸਕੰਠ ਹੀ ॥ ਤਕਾਇ ਸਕਤਿ ਅਨੁਜ ਹਿਰਦੈ ਪਰਿਹਾਰ ਕੀਨਸ ਗੰਠ ਹੀ ॥ ੬੨ ॥ ੮੩ ॥ ੩੫੮ ॥ ੫੧੯ ॥ ਨਰਾਜ ॥ ਰੁਕਜੋ ਨ ਤਾਸ ਕਉਨ ਹੂ ਕਰ ਗਈ ਕਾਮ ਸੁ ਸਕਤਿ ਹੇ ॥ ਹਿਰਦਯ ਬਿਦੀਰਨ ਹੋਤ ਭਯੋ ਲਘੁਬੀਰ ਛਿਤ ਬਿਰਮਤ ਹੇ ॥ ਮੁਖ ਸੂਕ ਗਯੋ ਕਪੇਂਦ੍ਰ ਕਉ ਉਠਾਇ ਰਾਮ ਪੈ ਗਯੋ ॥ ਦਸਾ ਸੁ ਦੇਖ ਭ੍ਰਾਤ ਕਹੁੰ ਨਿਰਾਸ ਰਾਮ ਹੋਤ ਭਯੋ ॥ ੬੩ ॥ ੮੪ ॥ ੩੫੯ ॥ ੫੨੦ ॥ ਨਰਾਜ ॥ ਰੁਦੰਤ ਰਾਮ ਸੋਕ ਭਰਿ ਪਛਾੜ ਭੂਮਿ ਖਾਵਹੀ ॥ ਪੇਖ ਅਨੁਜ ਦਸਾ ਸਭੀ ਕੀਸ ਰੀਛ ਪਲਾਵ ਹੀ ॥ ਪਹੁੰਚੇ ਬਿਭੀਸਨ ਜਾਂਬੁਵਾਨ ਰੁਦੰਤ ਹਾਹਾਕਾਰ ਕੈ ॥ ਸੁਖੈਨ ਕਹਯੋ ਰੈਨ ਭਰ ਉਪਚਾਰ ਹੈ ਸੁ ਕੁਮਾਰ ਕੈ ॥ ੬੪ ॥ ੮੫ ॥ ੩੬੦ ॥ ੫੨੧ ॥ ਨਰਾਜ ॥ ਦ੍ਰੋਨ ਕੂਟ ਪਹ ਤੇ ਬਿਸਿਲ ਸਿਲ ਮੂਰਿ ਆਵਈ ॥ ਸੁਚੇਤ ਅਨੁਜ ਹੋਵਈ ਯਾ ਸਮੇ ਬੀਰ ਲਾਵਈ ॥ ਜਾਂਬੁਵਾਨ ਚਿਤਜੋ ਹਨੁਵੰਤ ਜਾਵਹੁ ਦ੍ਰੋਨ ਕੂਟ ॥ ਸਿਲਜ ਬਿਸਿਲਜ ਲਜਾਵਹੁ ਬੇਗ

Scanned by CamScanner

ਅਨੁਜ ਉਠਹਿ ਜੁਧ ਜੂਟ ॥ ੬੫ ॥ ੮੬ ॥ ੩੬੧ ॥ ੫੨੨ ॥ ਨਰਾਜ ॥ ਰਾਮ ਪਿਸ੍ਰਿ ਪੁਸ੍ਰਿ ਕੀਨ ਪਾਇ ਬੰਦਨਾ ਕਰਜੋ ॥ ਨਿਰਖਤਿ ਸਭੀ ਪਲਵੰਗਨਾ ਅਕਾਸ ਕੋ ਸੁਮਤਿ ਉਡਜੋ ॥ ਮਹੂਰਤ ਬਚੀਚ ਗਯੋ ਪਹੂਚ ਦ੍ਰੋਨ ਕੂਟ ਪੈ ਹਠੀ ॥ ਨਿਰਖਜੋ ਏਕ ਏਕਸੀ ਭ੍ਰਮਜੋ ਚਿਤ ਹੈ ਜਟੀ ॥ ੬੬ ॥ ੮੭ ॥ ੩੬੨ ॥ ੫੨੩ ॥ ਨਰਾਜ ਛੰਦ ॥ ਉਖਾੜ ਦ੍ਰੋਨਕੂਟ ਕੋ ਲਜਾਂਇ ਪਵਨ ਪੂਤ ਹੇ ॥ ਸਿਲਜ ਬਿਸਿਲਜ ਮੁਖ ਮੇਲਿ ਅਨੁਜ ਜੈਕਾਰ ਭਜੋ ਪੁਰਹੂਤ ਹੇ ॥ ਮਿਲੇ ਬੰਧੁ ਰਾਮ ਲਖਨ ਪੁਹਪ ਸੁਰ ਵਰਸਾਵ ਹੀ ॥ ਭੇਰੀ ਸ਼ਹਨਾਇ ਦੁੰਦਭੀ ਕਪਿ ਹਰਸ ਕੈ ਸੁ ਬਜਾਵ ਹੀਂ ॥ ੬੭ ॥ ੮੮ ॥ ੩੬੩ ॥ ੫੨੪ ॥ ਨਰਾਜ ॥ ਦੂਤਨ ਕਹਜੋ ਜਾਇ ਰਾਵਣੈ ਅਨੁਜ ਉਠੈ ਜੀਵ ਮੂਰ ਤੇ ॥ ਅਜਹੁ ਦੈ ਡਾਰ ਸੀਯ ਪ੍ਰਭੁ ਮਿਟੈ ਝਾੜ ਸੂਰਤੇ ॥ ਕਰ ਦੀਨ ਬੰਦ ਦ੍ਵਾਰ ਲੰਕ ਸੰਕ ਰਾਮ ਚੰਦ੍ਰ ਕੋ ॥ ਕੰਪਮਾਨ ਹਿਰਦੈ ਮਾਹਿ ਅਸਗੁਨ ਹੋਤ ਅਭੇਟ ਸੋ ॥ ੬੮ ॥ ੮੯ ॥ ੩੬੪ ॥ ੫੨੫ ॥ ਨਰਾਜ ॥ ਕਹਜੋ ਬਿਭੀਸਨੈ ਹਰੀ ਸਸੰਕ ਲੰਕਪਤਿ ਭਜੋ ॥ ਮੂੰਦੁ ਦ੍ਵਾਰ ਲੰਕ ਕੋ ਸਸੰਕ ਤ੍ਰਸਤਿ ਹੋਤ ਭਯੋ ॥ ਅਕੁਲਾਇ ਕੈ ਨਿਸਾਚਰਾ ਹਕਾਇ ਸਮਰ ਲੀਜੀਏ ॥ ਆਜ ਹੀ ਦਸ ਬਦਨ ਕਉ ਨਿਧਨ ਨਾਥ ਸੁ ਕੀਜੀਏ ॥ ੬੯ ॥ ੯੦ ॥ ੩੬੫ ॥ ੫੨੬ ॥ ਨਰਾਜ ॥ ਉਲਕਾ ਕਪਿਨ ਲੈ ਹਾਥ ਕਰਿ ਧਸੇ ਨਿਸੰਕ ਜਤ੍ਰ ਤਤ੍ਰ ॥ ਮਾਰ ਮਾਰ ਰਾਖਛ੍ਸਨ ਜਰਾਇ ਲੰਕ ਆਲਯ ਸਤ੍ਰ ॥ ਮੰਦੋਦਰੀ ਧਨਮਾਲਨੀ ਹਨੁਵੰਤ ਪਕੜ ਆਨ ਕੈ ॥ ਉਤਾਰ ਬਸਨ ਭੂਸਨੰ ਉਪਾਧਿ ਬਿਬਿਧ ਜਾਨ ਕੈ ॥ ੭੦ ॥ ੯੧ ॥ ੩੬੬ ॥ ੫੨੭ ॥ ਨਰਾਜ ॥ ਪੁਕਾਰ ਕੀਨੀ ਮੰਦੋਦਰੀ ਤੁਅ ਅਛਤ ਦਸਾ ਰਾਨੀਯਨ ॥ ਸ੍ਰਾਪ ਜਾਨਕੀ ਫੁਰੇ ਗੋ ਮਾਨ ਭੰਗ ਮਾਨੀਯਨ ॥ ਉਠਜੋ ਲੈ ਧੋਪ ਕੋਪ ਕੈ ਪ੍ਰਹਾਰ ਕੀਸ ਬਾਨਰਾ ॥ ਭਜੇ ਸਭੈ ਤਾਂ ਅਉਸਰੈ

Scanned by CamScanner

ਪਲਵਗਨਾ ਪ੍ਰਧਾਨ ਨਰਾ ॥ ੭੧ ॥ ੯੨ ॥ ੩੬੭ ॥ ੫੨੯ ॥ ਨਰਾਜ ॥ ਗਯੋ ਪ੍ਰਭਾਤ ਹੋਤ ਹੀ ਢਿਗ ਸੀਯ ਕਾਮਾਂਕ੍ਰਾਂਤਿ ਹੁਇ ॥ ਹਉਂ ਚਾਹ ਤੋਰ ਕਰਤ ਹਉਂ ਅਚਾਹ ਤੈਂ ਅਜੋੜ ਕੈ ॥ ਰੁਦੰਤ ਸੀਯ ਤਾ ਸਮੈ ਸ੍ਰਾਪ ਰਾਵਣੈ ਦਯੋ ॥ ਬਿਨਾਸ ਤੋਰ ਹੋਤ ਹੈ ਤਤਕਾਲ ਸਤਯ ਹਉਂ ਕਹਯੋ ॥ ੭੨ ॥ ੯੩ ॥ ੩੬੮ ॥ ੫੨੯ ॥ ਨਰਾਜ ॥ ਨਿਸਤ ਖੜਗ ਧਾਯੋ ਕੈ ਰੋਸ ਧਾਵਤੋ ਭਜੋ ॥ ਧਾਨਮਾਲਨੀ ਤਿਸੇ ਵਰਜ ਲੰਕ ਲੈ ਗਜੋ ॥ ਕਰਜੋ ਮਧੁਪਾਨ ਘੋਰ ਹ੍ਵੈ ਸਿੰਗਾਰ ਕੈ ਬਿਸੇਖ ਹੀ ॥ ਦਸਕ੍ਰੀਟ ਰਕਤ ਮਨਿ ਕਉ ਦਸਮਾਥ ਧਾਰ ਸੇਖ ਹੀ ॥ ੭੩ ॥ ੯੪ ॥ ੩੬੯ ॥ ੫੩੦ ॥ ਨਰਾਜ ਛੰਦ ॥ ਲਗਾਇ ਸ੍ਰੀਖੰਡ ਬਿਮਲ ਅੰਗ ਅੰਗ ਸੋਧ ਕੈ ॥ ਭੁਜਬੰਦ ਕਿਊਰ ਕੰਛਨੰ ਪਹੁੰਚੀ ਅਮੋਲ ਯੁਧੁ ਕੈ ॥ ਬੀਸਪਾਨ ਖ਼ਿਪਾਨ ਧੋਪ ਅਸਿ ਖੜਗ ਤੀਰ ਧਾਰਿ ਹੈ ॥ ਗੋਫਨ ਗੋਪਾਲ ਗਦਾ ਸੇਲ ਸਾਂਗ ਬਿਸਖ ਢਾਰ ਹੈ ॥ ੭੪ ॥ ੯੫ ॥ ੩੭੦ ॥ ੫੩੧ ॥ ਨਰਾਜ ਛੰਦ ॥ ਕਮੰਦ ਪਾਸ ਗੁਹਜਾ ਛੂਲ ਗੁਰਹ ਗੁਰਜ ਚਕ੍ਰਾ ॥ ਬਿੰਸ ਪਾਨ ਬਿੰਸ ਸ਼ਾਸਤ੍ਰ ਧਾਰ ਚਲਜੋ ਭਯੰਕਰਾ ॥ ਵਸਤ੍ਰ ਦੇਵਲੋਕ ਕੇ ਸੁਧਾਰਿ ਦੇ ਹ ਚਾਇ ਕੈ ॥ ਰੰਗੀਨ ਬਸਤ੍ਰ ਸੋਭਿਤੰ ਰੁਚਾਇ ਅੰਕ ਲਾਇਕੈ ॥ ੭੫ ॥ ੯੬ ॥ ੩੭੧ ॥ ੫੩੨ ॥ ਨਰਾਜ ਛੰਦ ॥ ਸੁਗੰਧ ਬਿਮਲ ਲਿਪਤ ਬਸਨ ਹੂਰ ਪੇਖ ਲੋਭ ਹੀ ॥ ਭਭਛ ਰਾਬੜੀ ਸੁਰਾ ਬਿਵਾਨ ਮਧ ਸੋਭ ਹੀ ॥ ਸਯੰਦ ਸਿੰਘ ਪੇਲ ਕਰ ਚਲਜੋ ਮਹੇਸ਼ ਧਜਾਯ ਕੈ ॥ ਅਪਾਰ ਸੈਨ ਸੰਗ ਲੈ ਚਤੁਰੰਗਨੀ ਲਿਵਾਇ ਕੈ ॥ ੭੬ ॥ ੯੭ ॥ ੩੭੨ ॥ ੫੩੩ ॥ ਨਰਾਜ ॥ ਬਜੰਤ੍ਰ ਕੋਟਿ ਬਾਜ ਹੀ ਮੁਚੰਗਿ ਬੀਨ ਡੀਨ ਹੇ ॥ ਰਬਾਬ ਤੰਬੂਰੇ ਤੰਬੂਰ ਸਹਨਾਇ ਝਾਂਝ ਝੀਨ ਹੇ ॥ ਧੁਜਾ ਪਤਾਕ ਕੋਟਿ ਕੋਟਿ ਭਾਨੁ ਅਦ੍ਰਿਸ਼੍ਰ ਤਾਸ ਤੇ ॥ ਸਮੁਹਾਇ ਸਮਰ ਭੂਮਿਕਾ ਪ੍ਰਚਾਰ ਰਾਮ ਸਤ੍ਰ ਭੇ ॥ ੭੭ ॥ ੯੮

॥ ੩੭੩ ॥ ੫੩੪ ॥ ਨਰਾਜ ॥ ਸੰਗ੍ਰਾਮ ਘੋਰ ਹੋਤ ਭਜੋ ਅਸਝ ਰਾਮ ਰਾਵਣੰ ॥ ਸ਼ਸਤ੍ਰ ਧਾਰ ਬਰਖੰਤ ਅਟਾ ਘਟਾ ਸਮ ਸਾਵਣੰ ॥ ਕਰ ਬਾਨ ਬੂੰਦ ਦਸਬਦਨ ਆਛਾਦ ਰਾਮ ਕਰਤ ਭਉ ॥ ਪੇਖ ਦਸਾ ਤਾ ਸਮੈ ਅਮਰ ਗਨੰ ਬਿਸਮੈ ਭਜੋ ॥ ੭੮ ॥ ੯੯ ॥ ੩੭੪ ॥ ੫੩੫ ॥ ਨਰਾਜ ॥ ਸੰਘਾਰ ਬਾਨ ਤਾਸ ਕਉ ਰਘੁਬੀਰ ਸਾਇਕੰ ਤਜਜੋ ॥ ਮਾਯਾ ਨਿਸਾਚਰੀ ਸਕਲ ਪਿਖਿ ਸੂਰ ਤਿਮਰ ਸਮ ਭਜਜੋ ॥ ਬਿਚਾਰ ਸ਼ੰਕਰ ਮਾਤਲੀ ਸਸੰਦ ਸਮਰ ਮਹਿ ਪਠਜੋ ॥ ਚਢਾਇ ਰਾਮ ਰਾਘਵੰ ਨਿਧਨ ਸੁਰਾਰਿ ਕਉ ਠਠਜੋ ॥ ੭੯ ॥ ੧੦੦ ॥ ੩੭੫ ॥ ੫੩੬ ॥ ਨਰਾਜ ॥ ਮਾਤਲੀ ਸਯੰਦ ਲੈ ਰਘੁਬੀਰ ਤੀਰ ਆਇ ਕੈ ॥ ਕਹਜੋ ਚਢੋ ਸਯੰਦ ਨਾਥ ਬਿਜਯ ਕਰਹੁ ਰਿਪੁ ਘਾਇ ਕੈ ॥ ਚਢੇ ਰਣਧੀਰ ਰਮਾਨਾਥ ਸਯੰਦ ਬੰਦਨਾ ਕਰੀ ॥ ਕੁਵੰਡ ਦੀਯੋ ਅਗਸਤ ਕੌ ਕ੍ਰਾਲ ਬਾਨ ਦੁਧਰੀ ॥ ੮੦ ॥ ੧੦੧ ॥ ੩੭੬ ॥ ੫੩੭ ॥ ਨਰਾਜ ॥ ਪ੍ਰਚਾਰ ਰਾਮ ਰਾਵਣੈ ਹਕਾਰ ਸਮਰ ਲੀਜੀਯੋ ॥ ਅਸਝ ਯੁਧ ਦਾਰੁਣੰ ਰਮਾਪਤੀ ਤਦ ਕੀਜੀਯੋ ॥ ਦਸਕੰਠ ਸਾਂਗ ਸੈਹਥੀ ਪ੍ਰਹਾਰ ਖੜਗ ਕਰਤ ਭਜੋ ॥ ਕ੍ਰਾਲ ਬਾਨ ਤੇ ਪ੍ਰਭੂ ਬਿਦਾਰ ਭੂਮਿ ਮਹਿ ਦਜੋ ॥ ੮੧ ॥ ੧੦੨ ॥ ੩੭੭ ॥ ੫੩੮ ॥ ਨਰਾਜ ॥ ਤਕਾਇ ਬਾਨ ਬ੍ਰਹਮ ਕੋ ਚਲਾਇ ਦੀਨ ਰਾਘਵੰ ॥ ਸਿਰ ਏਕ ਕਾਟ ਤਾਸੁ ਕਉ ਦੁਤੀਯ ਨਿਪਾਤ ਲਾਘਵੰ ॥ ਤ੍ਰਿਤੀਯ ਬਾਨ ਸੋ ਕਟਜੋ ਸਿਰ ਤੀਸਰੋ ਨਿਸਾਚਰੰ ॥ ਚਤੁਰ ਬਾਨ ਲੇ ਕਟਜੋ ਸਿਰ ਚਤਰ ਪਰਸਪਰ ਪਰੰ ॥ ੮੨ ॥ ੧੦੩ ॥ ੩੭੮ ॥ ੫੩੯ ॥ ਨਰਾਜ ਛੰਦ ॥ ਪੰਚ ਬਾਨ ਪੰਚ ਮਾਥ ਕਾਟ ਕੈ ਉਤਾਰਜੋ ॥ ਖਸ਼੍ਟ ਬਾਨ ਖਸ਼੍ਟ ਮਾਥ ਭੂਮਿ ਮਾਂਝ ਡਾਰਜੋ ॥ ਸਪਤ ਬਾਨ ਸਪਤ ਮੁੰਡ ਕਾਟ

Scanned by CamScanner

ਕੇ ਨਿਪਾਤ ਹੇ ॥ ਅਸ੍ਰ ਬਾਨ ਅਸ੍ਰ ਸੀਸ ਪੁਹਮਿ ਕੀਨਿ ਪਾਤ ਹੇ ॥ ੮੩ ॥ ੧੦੪ ॥ ੩੭੯ ॥ ੫੪੦ ॥ ਨਰਾਜ ॥ ਨਵਮ ਬਾਨ ਨਵਮ ਸੀਸ ਕਾਟ ਭੂ ਉਤਾਰਯੋ ॥ ਦਸਮ ਬਾਨ ਦਸਮ ਮਾਥ ਪੁਹਮਿ ਮਧਜ ਪਾਰਯੋ ॥ ਬੀਸ ਬਾਨ ਸੋ ਪ੍ਰਭੂ ਬੀਸ ਭੁਜਾ ਕਾਟਯੋ ॥ ਬਹੁਰ ਸੀਸ ਭੁਜਾ ਨਉਤਨ ਭਜੋ ਕਹਾ ਤਾਸੁ ਘਾਟਜੋ ॥ ੮੪ ॥ ੧੦੫ ॥ ੩੮੦ ॥ ੫੪੧ ॥ ਨਰਾਜ ॥ ਯਾ ਪ੍ਰਕਾਰ ਸਤ ਪ੍ਰਹਾਰ ਕਰੇ ਜਦ ਮੁਰਾਰਿ ਹੇ ॥ ਕਰ ਜੋਰ ਅਨੁਜ ਲੰਕ ਪਤੀ ਕਹਯੋ ਭੇਤ ਸਾਰ ਹੇ ॥ ਨਾਭ ਮਧਜ ਅਮੀਯ ਕੁੰਡ ਦਸਕੰਧ ਨਾਥ ਜਾਨੀਏ ॥ ਅਗਨਿ ਬਾਨ ਸਾਥ ਪ੍ਰਾਨ ਨਿਧਨ ਕੈ ਪ੍ਰਾਨੀਏ ॥ ੮੫ ॥ ੧੦੬ ॥ ੩੮੧ ॥ ੫੪੨ ॥ ਨਰਾਜ ਛੰਦ ॥ ਇਕ ਤੀਸ ਬਾਨ ਸੰਧਾਨ ਕੈ ਤਕਾਇ ਰਾਵਣੈ ਹਨਜੋ ॥ ਦਸ ਸੀਸ ਬੀਸ ਬਾਹੁ ਕਲਪ ਸੁਧਾ ਸੋਸ ਰਿਪੁ ਝਿਨਯੋ ॥ ਜੈ ਦੁੰਦਭੀ ਅਮਰ ਗਨਾ ਬਜਾਇ ਪੁਹਪ ਬਰਖ ਹੀ ॥ ਬਧਾਈ ਰਾਮ ਜੀਤ ਕੀ ਉਮੰਗ ਹਿਰਦੈ ਹਰਖ ਹੀ ॥ ੮੬ ॥ ੧੦੭ ॥ ੩੮੨ ॥ ੫੪੩ ॥ ਨਰਾਜ ॥ ਨਨ੍ਰਿਤ ਅਪੱਸਰਾ ਸਕਲ ਮੁਨਿ ਬ੍ਰਿੰਦ ਬਿਗਸ ਪ੍ਰਫੁਲਿਤ ਸਭੀ ॥ ਭਜੇ ਸਭੀ ਨਿਸਾਚਰਾ ਜੁਝਜੋ ਲੰਕੇਸ ਰਣ ਜਭੀ ॥ ਸਿਰ ਧੁਰ ਡਾਰ ਚੀਤਕਾਰ ਤਾਂ ਠਉਰ ਰਉਰ ਪਰ ਗਯੋ ॥ ਮੰਦੋਦਰੀ ਸਿਰ ਖੋਲ ਚਲੀ ਜਹ ਸਮਰ ਭੂਮਿ ਥੋ ਮਰਜੋ ॥ ੮੭ ॥ ੧੦੮ ॥ ੩੮੩ ॥ ੫੪੪ ॥ ਛੰਦ ਨਰਾਜ ॥ ਰੁਦੰਤਿ ਪੇਖ ਮ੍ਰਿਤਕੰ ਕੁਰੰਤ ਮੂਰਛਨਾ ਭਈ ॥ ਪਛਾੜ ਖਾਇ ਗਿਰੀ ਭੂਮਿ ਬਿਸੰਭਾਰ ਹੋਇ ਗਈ ॥ ਅਚੇਤ ਚੇਤਨਾ ਜਬੈ ਲੇ ਲੰਕ ਕੰਤ ਲਾਵਹੀ ॥ ਸਖੀ ਸਭੀ ਸੰਭਾਰ ਕਰਤਿ ਬਿਲਖ ਬਿਲਖ ਸਮੁਝਾਵਹੀ ॥ ੮੮ ॥ ੧੦੯ ॥ ੩੮੪ ॥ ੫੪੫ ॥ ਨਰਾਜ ਮੰਦੋਦਰੀ ਬਾਚ ॥ ਹਾਇ ਹਾਇ ਲੰਕਾ ਪਤੀ ਤਜਾਗ ਮੁਝ ਕਹ ਗਯੋ ॥ ਯਹਿ ਦਿਨਨ ਕੋ ਕਹਤਿ ਥੀ ਕਹੀ ਨ ਮੇਰੀ ਮਾਨ

Scanned by CamScanner

ਲਜੋ ॥ ਬੇਜਰਥ ਪ੍ਰਾਨ ਦੀਨ ਨਾਥ ਮ੍ਰਿਤਜੁ ਸੀਯ ਆਨ ਕੈ ॥ ਮਾਨੋਰਥੋ ਨ ਪੂਰਣ ਭਯੋ ਬ੍ਰਿਥਾ ਮਰਜੋ ਹਠ ਠਾਨ ਕੈ ॥ ੮੯ ॥ ੧੧੦ ॥ ੩੮੫ ॥ ੫੪੬ ॥ ਨਰਾਜ ॥ ਪਛਾੜ ਪੁਹਮਿ ਖਾਵਹੀ ਰੁਦੰਤਿ ਮਯ ਸੁਤਾ ਬਿਕਲ ॥ ਚੀਤਕਾਰ ਰਾਖਸਛੀ ਰੁਦੰਤਿ ਪੀਟਤੀ ਸਕਲ ॥ ਰਘੁਨਾਥ ਸਮੋਧ ਹੇਤੁ ਪਠਜੋ ਬਿਭੀਖਨੈ ਮੰਦੋਦਰੀ ॥ ਅਪਰਾਧ ਮੋਰ ਨਹਿ ਕਛੂ ਹਠ ਮਰਜੋ ਹੈ ਕ੍ਰਿਸੋਦਰੀ ॥ ੯੦ ॥ ੧੧੧ ॥ ੩੮੬ ॥ ੫੪੭ ॥ ਛੰਦ ਨਰਾਜ ॥ ਗਤਿ ਸੂਰ ਪਾਵਤੋ ਭਯੋ ਅਬ ਸ਼ੋਕ ਚਿਤ ਨਾ ਕਰੋ ॥ ਸਸਕਾਰ ਦੇਹ ਦੋਊ ਪਾਇ ਬੇਗ ਮਯਸੁਤਾ ਕਰੋ ॥ ਸਮੁਝਾਇ ਦੇਵਰੈਂ ਤਿਸਹਿ ਸਸਕਾਰ ਕਰਜੋ ਰਾਵਣੈ ॥ ਸਮੋਧ ਕੈ ਮੰਦੋਦਰੀ ਬਿਭੀਸਨ ਪਠੋ ਸੀਯ ਲਾਵਨੈ ॥ ੯੧ ॥ ੧੧੨ ॥ ੩੮੭ ॥ ੫੪੮ ॥ ਨਰਾਜ ॥ ਬਧਾਈ ਸਮਰ ਜੀਤਿ ਕੀ ਕਹਜੋ ਅਗੁਵਾਇ ਪਵਨ ਸੁਤ ॥ ਬਿਨਾਸ ਰਾਵਣੈ ਭਯੋ ਪੁਤ੍ਰ ਪਉਤ੍ਰ ਸੈਨ ਯੁਤ ॥ ਬਿਭੀਸਨ ਕੀਨਿ ਬੰਦਨਾ ਚਲੋ ਹੇ ਮਾਤ ਜੀਤ ਭੀ ॥ ਅਨਲਾ ਸਿੰਗਾਰ ਜਾਨਕੀ ਸਿਵਕਾ ਚਢਾਇ ਸੀਤ ਹੀ ॥ ੯੨ ॥ ੧੧੩ ॥ ੩੮੮ ॥ ੫੪੯ ॥ ਨਰਾਜ ॥ ਬ੍ਰਿਧ ਬ੍ਰਿਧ ਰਾਖਛਸਾ ਪ੍ਰਤਿਹਾਰ ਦੰਡ ਧਾਰ ਕੈ ॥ ਬਹੁਤ ਭੀਰ ਬਾਨਰਾ ਅਰੁ ਰਾਖਛਾ ਅਪਾਰ ਹੈ ॥ ਕੈਸੀ ਸੀਮਾ ਟੱਕੁ ਦੇਖੀਐ ਜਹਾਂ ਤੇ ਏਤੋ ਝਾੜ ਥੋ ॥ ਪ੍ਰਭੂ ਜਾਨ ਗਏ ਜੀਜ ਕੀ ਕਹਜੋ ਸੀਯਾ ਪਾਹਣਿਨ ਆਨ ਹੋ ॥ ੯੩ ॥ ੧੧੪ ॥ ੩੮੯ ॥ ੫੫੦ ॥ ਨਰਾਜ ਬਿਭੀਸਨ ਬਾਚ ॥ ਬਿਭੀਸਨੈ ਕਰ ਜੋਰ ਸੀਯ ਪੈ ਕਹੀ ਸਭਿ ਰਾਮ ਹੈ ॥ ਪਾਇਨ ਚਲੀ ਤਹਾਂ ਜਾਨਕੀ ਸੁਖਮਾਨ ਧਰਮੰ ਧਾਮ ਹੇ ॥ ਗਈ ਜਬਹਿ ਪ੍ਰਭੁ ਢਿਗ ਅਨਾਦਰ ਕਰਯੋ ਕਟੁ ਬੈਨ ਹੇ ॥ ਧਸਹੁ ਅਗਨਿ ਮਾਂਝ ਜਬਹਿ ਹੋਇ ਪ੍ਰਤੀਤਿ ਐਨ ਹੇ ॥ ੯੪ ॥ ੧੧੫ ॥ ੩੯੦ ॥ ੫੫੧ ॥ ਨਰਾਜ ॥ ਬ੍ਰਹਮ ਸਕ੍ਰ ਸਿਵ ਮੁਨਿੰਦ੍ਰਨ ਸਪੱਥ ਕੀਨਸਿ ਆਇ ਕੈ

Scanned by CamScanner

॥ ਨਿਰਦੋਸ਼ ਜਾਨਕੀ ਪ੍ਰਭੂ ਧਰਮ ਚਾਰਣੀ ਸਉਹ ਖਾਇ ਕੈ ॥ ਧਸੀ ਸੀਯਾ ਅਗਨਿ ਮਾਂਝ ਪੁਹਪ ਬਰਖਨੇ ਲਗਾ ॥ ਅਗਨਿ ਦੇਵ ਗੋਦ ਲੈ ਰਾਮ ਅਰਪਨੰ ਕਰਾ ॥ ੯੫ ॥ ੧੧੬ ॥ ੩੯੧ ॥ ੫੫੨ ॥ ਨਰਾਜ ਪਾਵਕ ਬਾਚ ॥ ਸੀਯ ਨਿਰਦੋਸ਼ ਹੇ ਪ੍ਰਭੂ ਰਹਜੋ ਪਤਿਬ੍ਰਤਿ ਧਰਮ ਜੂ ॥ ਆਦਰ ਜੋਗ ਲਖਛਮੀ ਤੁਹਾਰਿ ਸੀਯ ਰਾਮ ਅਭਰਮ ਜੂ ॥ ਸੋਧ ਲੀਨਹਿ ਰਾਮ ਸੀਤਹਿ ਚਰਾਚਰ ਪੇਖ ਕਉਤਕੰ ॥ ਬਾਮ ਭਾਗ ਰਾਖ ਲੀਨਸਿ ਸੁਰ ਸਸਿ ਸਉਤਕੰ ॥ ੯੬ ॥ ੧੧੭ ॥ ੩੯੨ ॥ ੫੫੩ ॥ ਨਰਾਜ ॥ ਲਛਮਨ ਪਠੈ ਬਿਭੀਸਨ ਯਾਹਿ ਲੰਕਰਾਜ ਦੇਹੁ ਜੂ ॥ ਚਲਹੁ ਅਬਿਲੰਬ ਅਵਧ ਪੁਰੀ ਭਰਤ ਕੀ ਸੁਧ ਲੇਹੁ ਜੂ ॥ ਲੈ ਬਿਭੀਖਨ ਲਖਛਮਨੰ ਲੰਕ ਆਇ ਹਰਖ ਕੇ ॥ ਸੋਧ ਸੁਭ ਘਰੀ ਰਾਜ ਦੀਨ ਲੰਕ ਪੁਹਪ ਬਰਖ ਕੈ ॥ ੯੭ ॥ ੧੧੮ ॥ ੩੯੩ ॥ ੫੫੪ ॥ ਨਰਾਜ ॥ ਲੈ ਭੇਟ ਰਾਜ ਸਾਜ ਕੋ ਪੁਹਪਕ ਜੁਤੰ ਆਇ ਲੰਕਨਾਥ ਜੂ ॥ ਪਾਇਨ ਪਰੇ ਧਰ ਭੇਟ ਅਨਿਕ ਜੁਗ ਚਰਣ ਪ੍ਰਭ ਨਾਇ ਮਾਥ ਜੂ ॥ ਦੀਨ ਰਤਨ ਮਨਿਨ ਭੂਸ਼ਨੰ ਬਸਨ ਕਪੇਂਦ੍ਰ ਬਾਨਰਾ ॥ ਚਢੇ ਹਰਖ ਲੈ ਸੀਯਾ ਅਨੁਜ ਭੇਰ ਕਾ ਨਰਾ ॥ ੯੮ ॥ ੧੧੯ ॥ ੩੯੪ ॥ ੫੫੫ ॥ ਨਰਾਜ ਛੰਦ ॥ ਸੁਗ੍ਰੀਵ ਅੰਗਦ ਹਨੂਮਾਨ ਜਾਂਬੁਵੰਤ ਆਦਿ ਲੈ ॥ ਲੰਕੇਸ ਮੰਤ੍ਰਿਯਨ ਸਹਿਤ ਪ੍ਰਤਿਹਾਰ ਸੇਵ ਹਿਤ ਚਲੇ ॥ ਕਪਿ ਰੀਛ ਨਿਸਿਚਰ ਜਿਤੇ ਤਨੁ ਮਨੁਜ ਧਾਰਤਿ ਭਏ ॥ ਸੇਵਕਾਰ ਰਾਮ ਚੰਦ੍ਰ ਸੀਯ ਲਖਛਮਨੰ ਭਏ ॥ ੯੯ ॥ ੧੨੦ ॥ ੩੯੫ ॥ ੫੫੬ ॥ ਨਰਾਜ ਛੰਦ ॥ ਦੇਖਾਵਹੀ ਲੰਕ ਰਾਮ ਚੰਦ੍ਰ ਜਾਨਕੀ ਬਖਾਨ ਕੈ ॥ ਸੰਗ੍ਰਾਮ ਭੂਮਿ ਸਕ੍ਰਜਿਤ ਬਧੁ ਸੁਰਾਰਿ ਨਿਦਾਨ ਕੈ ॥ ਸੁਬਲ ਸੇਤ ਦਿਖਾਵਹੀ ਗਿਰੀਸ ਥਾਪਨਾ ਕਰੈ ॥ ਮਹਾਤਮ ਸ੍ਰੀ ਮੁਖ ਹਰੀ ਗਿਰੀਸ ਕੋ ਬਿਬਿਧ ਰਰੇ ॥ ੧੦੦ ॥ ੧੨੧ ॥ ੩੯੬ ॥ ੫੫੭ ॥ ਨਰਾਜ ॥

Scanned by CamScanner

ਰਿਸਿਮੂਕ ਦਿਖਰਾਵਹੀ ਸੁਗ੍ਰੀਵ ਹਨੂ ਜਹੰ ਮਿਲੇ ॥ ਪ੍ਰਭੂ ਸਨ ਕੋ ਜੇ ਵਾਰਤਾ ਕਹੀ ਸਭੀ ਸ੍ਰੀ ਜਾਨਕੀ ਭਲੇ ॥ ਕਿਸਕੰਧਾ ਪਹੁੰਚੇ ਜਦ ਹਰੀ ਸੀਯ ਭਾਖ ਭੀ ਤਾਰਾ ਚਲੇ ॥ ਸੁਗ੍ਰੀਵ ਪਠੇ ਰਾਮ ਚੰਦ੍ਰ ਰੂਮਾ ਤੇ ਆਦਿ ਸੰਗ ਜੁਲੇ ॥ ੧੦੧ ॥ ੧੨੨ ॥ ੩੯੭ ॥ ੫੫੮ ॥ ਨਰਾਜ ॥ ਲਿਵਾਇ ਰੂਮਾ ਤਾਰ ਹੀ ਸੁਗ੍ਰੀਵ ਆਏ ਰਾਮ ਪੈ ॥ ਯੋਖਿਤ ਸਰੂਪ ਉਨ ਧਰੇ ਪੁਰੀ ਚਲੇ ਧਾਮ ਹੇ ॥ ਪੰਪਾ ਤੜਾਗ ਦਿਖਾਵਹੀ ਕਬੰਧੁ ਨਾਸ ਜਹੰ ਕਰੇ ॥ ਅਧੋਮੁਖੀ ਬਿਰੂਪਕ ਰਨ ਲਖਛ੍ਮਨ ਜਹਾ ਅਰੇ ॥ ੧੦੨ ॥ ੧੨੩ ॥ ੩੯੮ ॥ ੫੫੯ ॥ ਨਰਾਜ ॥ ਸਵਰੀ ਸਰਬੰਗ ਸੁਤੀਛਨ ਦੇਖਾਏ ਚਿਤ੍ਰਕੂਟ ਹੀ ॥ ਮੁਨਿ ਭਾਰਦ੍ਵਾਜ ਗ੍ਰਿਹ ਗਏ ਰਘੁਬੀਰ ਪਗਨ ਜੂਟ ਹੀ ॥ ਪਠਾਇ ਪਵਨ ਸੂਤ ਕਉ ਭਰਤ ਤੀਰ ਆਗਮਨ ॥ ਵਰ ਲੇ ਚਲੈ ਮੁਨਿ ਪੁੰਗਵ ਪੈ ਸ੍ਰਿੰਗਬੇਰ ਗਏ ਭਾਗਵਨ ॥ ੧੦੩ ॥ ੧੨੪ ॥ ੩੯੯ ॥ ੫੬੦ ॥ ਨਰਾਜ ॥ ਨਿਸਾਦ ਭੇਟ ਲੈ ਮਿਲੈ ਅਗੁਵਾਇ ਪੰਥ ਜੋਹ ਹੀ ॥ ਕਹਜੋ ਸਮਾਧ ਭਰਤ ਪੈ ਹਨੂਮਾਨ ਆਗਮਨ ਕਹ ਹੀ ॥ ਪਠੇ ਸਤ੍ਰੂਘਨ ਅਵਧ ਮਾਹਿ ਮਾਤ ਗੁਰੁ ਜਨਾਵ ਹੀ ॥ ਸੀਯ ਲਖਨ ਰਾਮ ਚੰਦ੍ਰ ਸਮਰ ਜੀਤ ਆਵਹੀ ॥ ੧੦੪ ॥ ੧੨੫ ॥ ੪੦੦ ॥ ੫੬੧ ॥ ਨਰਾਜ ॥ ਹਰਖ ਸਭੀ ਨਰ ਨਾਰਿ ਪੁਰੀ ਮਿਲ ਮਿਲ ਸਕਲ ਚਲ ਆਵਹੀ ॥ ਰਨਿਵਾਸ ਆਦਿ ਸੁਪਤਨੀਹ ਤਹ ਸਕਲ ਚਲੀ ਆਵਹੀ ॥ ਮੁਨਿ ਬਿਪ੍ਰ ਗੁਰੁ ਮੰਤ੍ਰੀ ਨਮਿਤ ਚਤੁਰੰਗਨੀ ਅਨੀ ਚਲੀ ॥ ਲੈ ਪਾਦਕਾ ਭਰਤ ਚਲੇ ਰਾਮ ਮਿਲਨ ਬਿਧਿ ਭਲੀ ॥ ੧੦੫ ॥ ੧੨੬ ॥ ੪੦੧ ॥ ੫੬੨ ॥ ਮਤਸਕਾ ਛੰਦ ॥ ਨਾਗਰ ਜਨਾ ਸੁਨਿ ਪਾਏ ॥ ਸੀਯ ਰਾਮ ਲਖਨ ਆਏ ॥ ਨੰਦੀ ਗ੍ਰਾਮ ਧਾਏ ॥ ਸੰਗ ਸਤ੍ਰੂਘਨ ਸਗਰੇ ॥ ੧ ॥ ੪੦੨ ॥ ੫੬੩ ॥ ਬਹੁ ਭੀਰ ਭਈ ਭਾਰੀ ॥ ਸਾਤੁਰ ਚਲੇ ਨਰ ਨਾਰੀ ॥ ਆਨੰਦ ਉਛਰ ਵਾਰੀ ॥ ਨ੍ਰਿਖਤਿ ਚਲੇ

ਉਮੰਗ ਹੇ ॥ ੨ ॥ ੪੦੩ ॥ ੫੬੪ ॥ ਮੰਗਲ ਬਧਾਈ ਗਾਵੈ ॥ ਹਿਤੁ ਸਭ ਆਨੰਦ ਪਾਵੈ ॥ ਸਭਿ ਮਿਲ ਏਹੀ ਬਤਿਆਵੈ ॥ ਰਘੁਬੀਰ ਮਿਲਹਿ ਕਬ ਰੇ ॥ ੩ ॥ ੪੦੪ ॥ ੫੬੫ ॥ ਮੁਖ ਚੰਦ੍ਰ ਦ੍ਰਿਗ ਚਕੋਰੀ ॥ ਜਨਕ ਰਾਜ ਕੀ ਕਿਸੋਰੀ ॥ ਚਿਰਜੀਵ ਭਲੋ ਯਾ ਜੋਰੀ ॥ ਆਸੀਸ ਦੇਤ ਸਗਰੇ ॥ ੪ ॥ ੪੦੫ ॥ ੫੬੬ ॥ ਜੁਗ ਕਾਕ ਪਛ ਸੋਭੈ ॥ ਪਿਖ ਹੂਰ ਮਨਹਿ ਲੋਭੈ ॥ ਦੁਰਜਨ ਕੋ ਚਿਤ ਖੋਭੈ ॥ ਇਕਠੇ ਭਏ ਸਭਿ ਜਗਰੇ ॥ ੫ ॥ ੪੦੬ ॥ ੫੬੭ ॥ ਕਮਲ ਨੈਨ ਪਿਆਰੇ ॥ ਦ੍ਰਿਗ ਕੰਜ ਏਣ ਬਾਰੇ ॥ ਮੁਖਚੰਦ੍ਰ ਪਰਮ ਬਾਰੇ ॥ ਨਿਰਖੋ ਜੁੜਾਇ ਦ੍ਰਿਗ ਰੇ ॥ ੬ ॥ ੪੦੭ ॥ ੫੬੮ ॥ ਰਘੁਬਰ ਬਿਦੇਸ ਆਏ ॥ ਦਸਕੰਠ ਸਮਰ ਘਾਏ ॥ ਸੁਰ ਮੁਨਿ ਸਭੀ ਹਰਖਾਏ ॥ ਫੂਲਨ ਕੀ ਬ੍ਰਿਸਿਠ੍ ਦਗਰੇ ॥ ੭ ॥ ੪੦੮ ॥ ੫੬੯ ॥ ਕੁੰਡਲ ਮਕ੍ਰਾਕ੍ਰਿਤ ਕਾਨਨ ॥ ਝਲਕ ਚੰਦ੍ਰਾ ਆਨਨ ॥ ਛਾਯਾ ਮਯੰਕ ਜਾ ਤਨੁ ॥ ਨਿਰਖਹਿ ਮੁਖ ਚੰਦ੍ਰ ਕਬਿ ਰੇ ॥ ੮ ॥ ੪੦੯ ॥ ੫੭੦ ॥ ਢੋਰੀ ਢੋਲਨ ਲਖਨ ਕੋ ॥ ਦੇਖਹੰ ਕਬਹਿੰ ਚਖਨ ਸੌਂ ॥ ਕਹਤੀ ਸਖੀ ਸਖਿਨ ਮੋ ॥ ਦੇਖੋ ਜੁੜਾਇ ਦ੍ਰਿਗ ਰੇ ॥ ੯ ॥ ੪੧੦ ॥ ੫੭੧ ॥ ਹਿਰਦਯੈ ਉਮਾਹ ਕੀਨੇ ॥ ਸੀਜ ਰਾਮ ਦਰਸ ਭੀਨੇ ॥ ਯਾ ਬਿਧਿ ਸਭੀ ਸੁਖੀਨੇ ॥ ਨਰ ਨਾਰ ਸਜਨ ਸਗਰੇ ॥ ੧੦ ॥ ੪੧੧ ॥ ੫੭੨ ॥ ਮਨਹਰ ਹਮਾਰ ਲੀਨੇ ॥ ਰਘੁਬਰ ਬਿਛੋਹ ਕੀਨੇ ॥ ਝਬਿ ਮਿਲਹੁ ਦਰਦ ਸੀਨੇ ॥ ਅਸ ਕਹਿਤ ਜਾਤ ਬਗਰੇ ॥ ੧੧ ॥ ੪੧੨ ॥ ੫੭੩ ॥ ਜੈ ਰਾਵਣਾਰਿ ਰਘੁਬਰ ॥ ਸੀਯ ਲਖਨ ਪ੍ਰੀਯ ਅਜ ਘਰ ॥ ਕਉਸਲਜਾ ਆਨੰਦ ਉਰ ਧਰ ॥ ਚਲੀ ਸੁਪਤਨੀ ਸਗਰੇ ॥ ੧੨ ॥ ੪੧੩ ॥ ੫੭੪ ॥ ਉਮਹੀ ਸਕਲ ਪੁਰ ਨਾਰੀ ॥ ਪਿਤ ਮਾਤ ਕੀ ਦੁਲਾਰੀ ॥ ਮ੍ਰਿਗ ਦ੍ਰਿਗ ਬਯ ਸੁ ਬਾਰੀ ॥ ਹਿਰ ਹੈ ਹਰਸ ਉਮਗੇ ਰੇ ॥ ੧੩ ॥ ੪੧੪ ॥ ੫੭੫ ॥

Scanned by CamScanner

ਟੁਕ ਦੇਇ ਦਿਖਾਇ ਰਾਮਹ ॥ ਸਰਬਸੁ ਦੇਵਉ ਧਨ ਧਾਮਹ ॥ ਉਘਾਵਤਿ ਚਲੀ ਤਨ ਘਾਮਹਿ ॥ ਨਿਰਖਤਿ ਚਲੇ ਪਗ ਪਗ ਰੇ ॥ ੧੪ ॥ ੪੧੫ ॥ ੫੭੬ ॥ ਪ੍ਰਗਾਸ ਜਗਤ ਦਿਨਕਰ ॥ ਚਖੁ ਚਾਰੁ ਰਾਮ ਸੀਯ ਵਰ ॥ ਅਨੁਜ ਨੰਦ ਨੰਦਨ ਸ੍ਰੀ ਅਵਰ ਨਿਸਕਰ ॥ ਕਬਿ ਧੋ ਨਿਰਖਹੁੰ ਭਟ ਭਗ ਰੇ ॥ ੧੫ ॥ ੪੧੬ ॥ ੫੭੭ ॥ ਜੇ ਦੇਇ ਬਤਾਇ ਰਘੁਰਾਈ ॥ ਹਉਂ ਘੋਲਿ ਘੁਮ ਘੁਮਾਈ ॥ ਪਯਾਰੋ ਵਹੈ ਸੁਖਦਾਈ ॥ ਦੇਇ ਵੈ ਬਤਾਇ ਮੁਝਿ ਰੇ ॥ ੧੬ ॥ ੪੧੭ ॥ ੫੭੮ ॥ ਤਨ ਮਨ ਸਕਲ ਹਉਂ ਵਾਰੋਂ ॥ ਧਨ ਧਾਮ ਤਿਸਹਿ ਦੈ ਡਾਰੋਂ ॥ ਟੁਕ ਦੇ ਦਿਖਾਇ ਪਯਾਰੋ ॥ ਹਉ ਵਾਰ ਵਾਰ ਸਗਰੇ ॥ ੧੭ ॥ ੪੧੮ ॥ ੫੭੯ ॥ ਸੁਰ ਗੁਰੁ ਹੈ ਰਾਮ ਪਯਾਰੇ ॥ ਤਿਨ ਦੇਹੁ ਮੁਝ ਦਿਖਾਰੇ ॥ ਚਿਤ ਚੋਰ ਲੀਨ ਸਾਰੇ ॥ ਆਵਤ ਕਉਨ ਸੁ ਮਗ ਰੇ ॥ ੧੮ ॥ ੪੧੯ ॥ ੫੮੦ ॥ ਰਾਜੀਵ ਨੈਨ ਢੋਲਾ ॥ ਸਭਿ ਜਗਤ ਤੇ ਅਮੋਲਾ ॥ ਦ੍ਰਿਗ ਕੀਨ ਮੀਚਿ ਮਮੋਲਾ ॥ ਦੇਵਹਿ ਬਤਾਇ ਮੁਝ ਰੇ ॥ ੧੯ ॥ ੪੨੦ ॥ ੫੮੧ ॥ ਮਾਧਉ ਮੁਕੰਦ ਰਾਮੰ ॥ ਭੁਜ ਚਾਰ ਸਾਰਧਾਮੰ ॥ ਮਣਿ ਨੀਲ ਤਨੁ ਅਭਿਰਾਮੰ ॥ ਦੇਹੁ ਦਿਖਾਇ ਝਗਰੇ ॥ ੨੦ ॥ ੪੨੧ ॥ ੫੮੨ ॥ ਹਨੁਮਾਨ ਬੈਨ ਬੋਲੇ ॥ ਨਭ ਮਗ ਆਏ ਦੇਖੁ ਢੋਲੇ ॥ ਪੁਹਪਕ ਪ੍ਰਿਥੀ ਪਰ ਡੋਲੇ ॥ ਘੇਰ ਲੀਨ ਜਾਇ ਸਗਰੇ ॥ ੨੧ ॥ ੪੨੨ ॥ ੫੮੩ ॥ ਕਉਸ਼ਲਜਾ ਭਰਤ ਕੁਮਾਰੇ ॥ ਬਸਿਸ੍ਰਿ ਆਦਿ ਸਾਰੇ ॥ ਧਾਇ ਮਿਲੇ ਰਾਮ ਪਜਾਰੇ ॥ ਗੁਰ ਮਾਤ ਬਿਪ੍ਰ ਪਗਰੇ ॥ ੨੨ ॥ ੪੨੩ ॥ ੫੮੪ ॥ ਛੰਦ ਸੁਰ ਤੁਰਾ ॥ ਰਥ ਚੜ ਰਾਮ ਅਵਧ ਮਹਿ ਆਏ ॥ ਖੋਰ ਖੋਰ ਗਿਹ ਬਜਤਿ ਬਧਾਏ ॥ ਛਿਟਕਤਿ ਚੰਦਨ ਅਗਰ ਸੁਬਾਸਾ ॥ ਹਾਟ ਪਾਟ ਪਉਰਨ ਚਹੁੰ ਪਾਸਾ ॥ ੧ ॥ ੪੨੪ ॥ ੫੮੫ ॥ ਚੰਤੁਰਾ ॥ ਨਰ ਨਾਰੀ ਚਢਿ ਧਉਲਹਰ ਸਾਰੀ ॥ ਬਰਸਿਤ

ਪੁਹਪ ਪਿਖ ਰਾਮ ਸੁਖਾਰੀ ॥ ਸੁਭ ਦਿਨ ਸੋਧ ਬਸਿਸ੍ਰ ਗੁਸਾਈਂ ॥ ਲਗਨ ਧਰਾਇ ਰਾਜ ਰਘੁਰਾਈ ॥ ੨ ॥ ੪੨੫ ॥ ੫੯੬ ॥ ਭਦ੍ਰਪੀਠ ਬੈਠੇ ਰਘੁਨੰਦਨ ॥ ਸੀਲ ਛਿਮਾ ਨਿਧਿ ਜਨ ਮਨ ਰੰਜਨ ॥ ਸਰਬ ਤੀਰਥਿ ਜਲ ਮ੍ਰਿਤਕਾ ਸਾਰੀ ॥ ਸਰਬ ਅਉਸ਼ਧੀ ਅੰਨ ਬਿਚਾਰੀ ॥ ੩ ॥ ੪੨੬ ॥ ੫੯੭ ॥ ਖੋੜਸ ਮੰਤ੍ਰੀ ਅਸ਼੍ਰ ਕੁਮਾਰੀ ॥ ਚਾਲਿ ਥਾਰਿ ਕੰਚਨ ਅਰੁ ਝਾਰੀ ॥ ਮੰਗਲ ਦ੍ਰਬ ਸੋਭ ਛਬਿ ਕਾਰੀ ॥ ਚਉਰ ਛਤ੍ਰ ਪਾਦਕਾ ਮਨਜਾਰੀ ॥ ੪ ॥ ੪੨੭ ॥ ੫੯੮ ॥ ਲਾਲ ਮਉਰੁ ਮ੍ਰਨਿ ਮਯ ਅਤਿ ਸੋਹੈ ॥ ਦ੍ਰਿਸ਼੍ਟਾ ਸਕਲ ਨਿਰਖ ਮਨੁ ਮੋਹੈ ॥ ਦੇਵ ਰਿਸ਼ੀ ਬ੍ਰਹਮ ਰਿਸ਼ਿ ਚਲਿ ਆਏ ॥ ਰਾਜ ਰਿਸ਼ਿ ਦਿਜ ਸ੍ਵਸਤੈਨ ਕਰਾਏ ॥ ੫ ॥ ੪੨੮ ॥ ੫੯੯ ॥ ਨਹਾਵਤਿ ਅਸ਼੍ਰ ਕੁਮਾਰਿਕਾ ਰਾਮੰ ॥ ਕਮਲਾਸਨਿ ਸ੍ਰੀਪਤਿ ਸੁਖ ਧਾਮੰ ॥ ਚਾਰਹੁ ਰਿਸ਼ਿ ਪੁਨਿ ਰਾਮ ਅਨ੍ਹਾਏ ॥ ਗੁਰੁ ਬਸਿਸ੍ਰ ਮੰਤ੍ਰੀਨ ਨਹਵਾਏ ॥ ੬ ॥ ੪੨੯ ॥ ੫੯੦ ॥ ਰਾਜ ਬਸਤ੍ਰ ਭੂਸ਼ਨ ਮਨਜਾਰੇ ॥ ਹਿਤੁ ਕਰ ਰਾਮ ਚੰਦ੍ਰ ਤਨ ਧਾਰੇ ॥ ਮਨਿ ਕਉ ਮਉਰ ਧਰਜੋ ਸਿਰ ਰਘੁਬਰ ॥ ਅਰਪਜੋ ਮੁਨਿ ਗਾਦੀ ਕਉ ਸੀਯ ਬਰ ॥ ॥ ੭ ॥ ੪੩੦ ॥ ੫੯੧ ॥ ਬਾਮ ਭਾਗ ਜਾਨਕੀ ਪ੍ਰਭੁ ਸੋਹੈ ॥ ਰਤਿ ਮਨਮਥ ਸਮ ਦੁਤਿ ਜੁਤਿ ਮੋਹੈ ॥ ਲਖਨ ਭਰਤ ਸਤ੍ਰੁਘਨ ਬੀਰਾ ॥ ਕਰਤ ਸੇਵ ਰਘੁਬਰ ਮਤਿ ਧੀਰਾ ॥ ੮ ॥ ੪੩੧ ॥ ੫੯੨ ॥ ਬਾਮ ਭਾਗ ਜਾਨਕੀ ਸੁਭ ਕੈਸੇ ॥ ਪਰਮਾਤਮ ਢਿਗ ਮਾਯਾ ਜੈਸੇ ॥ ਲਖਨ ਭਰਤ ਸਤ੍ਰੁਘਨ ਭਾਈ ॥ ਗੁਰੁ ਬਿਪ੍ਰਨ ਜੁਤ ਤਿਲਕ ਚੜਾਈ ॥ ੯ ॥ ੪੩੨ ॥ ੫੯੩ ॥ ਦੇਵ ਸਕਲ ਨਰ ਤਨੁ ਧਰਿ ਆਏ ॥ ਬਿਬਿਧ ਭੇਟ ਰਘੁਬਰ ਕੀ ਲਜਾਏ ॥ ਭਵ ਬਿਰੰਚਿ ਹਰਹਿ ਲੋਕਪਾਲਾ ॥ ਬਹੁ ਬਿਧਿ ਉਸਤੁਤਿ ਕੀਨ ਰਸਾਲਾ ॥ ੧੦ ॥

Scanned by CamScanner

੪੩੩ ॥ ੫੯੪ ॥ ਦੈ ਦੈ ਭੇਟ ਬਿਦਾ ਸੁਰ ਭਏ ॥ ਰਘੁਬਰ ਰਾਜ ਮੰਤ੍ਰਿਯਨ ਦਏ ॥ ਮਾਤ ਕਉਸ਼ਲਯਾ ਹਿਰਦਯ ਉਮਾਹੂ ॥ ਰਤਨ ਮੇਘ ਬਰਸਤਿ ਸਭਿ ਕਾਹੂ ॥ ੧੧ ॥ ੪੩੪ ॥ ੫੯੫ ॥ ਰਾਮ ਰਾਜ ਪੁਰਖਨ ਸਮ ਕਰੇ ॥ ਸੁਖ ਦੈ ਸਭਿ ਪ੍ਰਾਨੀ ਮਨ ਹਰੇ ॥ ਅਪਿ ਮ੍ਰਿਤਯੁ ਦੁਰਭਿਖਛ ਰੋਗੀ ਨਹਿ ਦਿਖਜਤਿ ॥ ਯੁਵਾ ਜਠਿਰ ਬਾਲਕ ਸੁਖੀ ਪਿਖਯਤਿ ॥ ॥ ੧੨ ॥ ੪੩੫ ॥ ੫੯੬ ॥ ਚਤੁਰਾ ॥ ਖਸ਼੍ਰਮ ਕਾਂਡ ਲੰਕਾ ਪ੍ਰਧਾਨਾ ॥ ਪੂਰਨ ਕਰਯੋ ਸਮਰ ਅਖਜਾਨਾ ॥ ਜੋ ਯਹਿੰ ਪੜੈ ਸੁਨੈ ਸੁਖ ਪਾਵੈ ॥ ਬਿਜਯ ਕਰੈ ਸਤ੍ਰੁਨ ਰਨ ਘਾਵੈ ॥ ੧੩ ॥ ੪੩੬ ॥ ੫੯੭ ॥ ਸੋਗ ਬਿਜੋਗ ਰੋਗ ਪਰਿ ਹਰੇ ॥ ਨਿਯਮ ਸਹਿਤ ਰਾਮਾਇਨ ਰਰੈ ॥ ਸੀਤਾ ਰਾਮ ਭਗਤਿ ਕਹ ਪਾਵੈ ॥ ਰਾਮ ਦਾਸ ਹ੍ਵੈ ਬਈਕੁੰਠ ਸਿਧਾਵੈ ॥ ੧੪ ॥ ੪੩੭ ॥ ੫੯੮ ॥ ਇਤਿ ਸ੍ਰੀ ਰਾਮ ਚਰਿਤ੍ਰੇ ਰਾਮ ਮਹਾਤਮੇ ਖਸ਼੍ਰਮ ਕਾਂਡ ਸਮਾਪਤ ਸੁਭਮੱਸਤੁ ॥ ੬ ॥ ੧ ॥ ੨ ॥ ੩ ॥ ੪ ॥ ੫ ॥ ੬ ॥ ੧ ॥ ਸ੍ਰੀ ਕਰਾਚੌਲੀ ਜੀ ਸਹਾਇ ॥ ਛੰਦ ਨਰਾਚ ॥ ਰਾਜ ਰਾਮ ਧਰਮ ਧਾਮ ਕੀਨ ਨੀਤਿ ਜੇ ਕਹੇ ॥ ਬਿਸਾਰ ਆਰਸਾਨਿ ਚਿਤ ਨਜਾਇ ਕਰਤ ਯਸ ਲਹੇ ॥ ਅਗਸਤ ਆਦਿ ਅੰਗੁਰਾ ਮੁਨਿ ਬ੍ਰਿੰਦ ਆਵਤੇ ਭਏ ॥ ਕਰ ਆਦਰ ਮੁਨਿ ਪੁੰਗਵ ਸੁਪਾਦ ਅਰਘ ਦੇਤ ਭਏ ॥ ੧ ॥ ੪੩੮ ॥ ੫੯੯ ॥ ਨਰਾਚ ॥ ਵਡਾਈ ਸਤ੍ਰੁ ਜੀਤ ਕੀ ਇਤਿਹਾਸ ਬਿਬਿਧ ਭਾਖ ਹੀਂ ॥ ਨਿਧਨ ਇੰਦ੍ਰਜੀਤ ਕੋ ਅਸਚਰਜ ਮੁਨਿ ਨ ਲਾਖ ਹੀਂ ॥ ਬਿਦਾ ਭਏ ਮੁਨਿ ਬ੍ਰਿੰਦ ਸਕਲ ਬਿਪ੍ਰ ਏਕ ਆਯੋ ॥ ਮ੍ਰਿਤਕ ਸੂਨ ਰਾਮ ਦ੍ਵਾਰ ਡਾਰ ਉਚ ਸੁਨਾਯੋ ॥ ੨ ॥ ੪੩੯ ॥ ੬੦੦ ॥ ਨਰਾਚ ਦਿਜ ਬਾਚ ॥ ਨ੍ਰਿਪ ਪਾਪ ਤੇ ਪ੍ਰਜਾ ਦੁਖੀ ਪ੍ਰਜਾ ਪਾਪ ਰਾਜ ਹੀ ॥ ਰਾਮ ਪਾਪ ਤੇ ਮਰਜੋ ਸੁਤ ਮੋਰ ਭਉ ਅਕਾਜ ਹੀ ॥ ਕੈ ਜੀਵਾਇ ਪੁਤ੍ਰ ਦੇਹੁ ਨਾਹਿ ਕਰੋਂ

Scanned by CamScanner

ਘਾਤ ਆਪਨੋ ॥ ਚਢਾਇ ਪਾਪ ਤੋਰ ਮਾਥ ਦੇਹੁੰ ਬਿਬਿਧ ਤਾਪਨੋ ॥ ੩ ॥ ੪੪੦ ॥ ੬੦੧ ॥ ਨਰਾਚ ਛੰਦ ॥ ਬੁਲਾਇ ਮਿਤ੍ਰ ਮੰਤ੍ਰਿਯਨ ਬਸਿਸ੍ਟ ਆਦਿ ਬੋਲ ਕੈ ॥ ਮਰਜੋ ਕਵਨ ਪਾਪ ਤੇ ਬਿਪ੍ਰ ਸੂਨ ਢੰਢੋਲ ਕੈ ॥ ਮੁਨਿ ਬਾਚ ॥ ਕਹੀ ਬਿਚਾਰ ਧਰਮ ਜੁਗਨ ਦੇਵ ਪ੍ਰਮਾਨ ਹੈ ਸਦਾ ॥ ਦੂਸਰੋ ਜੁਗ ਧਰਮ ਹਾਨ ਨੀਚ ਬਿਵਰਜਿਤ ਸਦਾ ॥ ੪ ॥ ੪੪੧ ॥ ੬੦੨ ॥ ਛੰਦ ਨਰਾਚ ॥ ਕੋਊ ਨੀਚ ਤਪਤ ਯਾਸਮੋ ਤਾ ਪ੍ਰਭਾਓ ਬਿਪ੍ਰ ਤਾਪ ॥ ਤਾਹਿ ਨਾਥ ਸੰਘਾਰੀਏ ਪੁਤ੍ਰ ਬਿਪ੍ਰ ਜੀਵੇ ਨਹਿ ਸੰਤਾਪ ॥ ਪੁਹਪਕ ਆਰੂੜ ਰਾਮ ਚੰਦ੍ਰ ਗਏ ਸੂਦ੍ਰ ਤਾਪਤੋ ॥ ਦੁਖੰਡ ਕੀਨ ਸੂਦ੍ਰ ਹੀ ਪੁਤ੍ਰ ਜੀਉ ਬਿਪ੍ਰ ਅਤਾਪ ਭੌ ॥ ੫ ॥ ੪੪੨ ॥ ੬੦੩ ॥ ਛੰਦ ਨਰਾਚ ॥ ਪਠਜੋ ਦੂਤ ਰਾਮਚੰਦ੍ਰ ਨਗਰ ਸੋਧ ਲੇਹੁ ਜੂ ॥ ਭਲੀ ਬੁਰੀ ਪ੍ਰਜਾ ਕਹੀ ਤੇ ਸਕਲ ਵਾਰਤਾ ਦੇਹੁ ਜੂ ॥ ਰਜਕ ਤ੍ਰਿਯਾ ਆਨ ਧਾਮ ਗਈ ਹੁਤੀ ਕਛੁ ਕਲਹ ਕੈ ॥ ਕਰਤ ਨ ਅੰਗੀਕਾਰ ਤਾਸੁ ਉਰਾਹਨੋ ਰਘੁਨਾਥ ਦੈ ॥ ੬ ॥ ੪੪੩ ॥ ੬੦੪ ॥ ਨਰਾਚ ॥ ਆਯੋ ਦੂਤ ਰਾਮ ਢਿਗ ਕਹੀ ਜੋ ਸਭਿ ਵਾਰਤਾ ॥ ਸਤੁਤਿ ਪ੍ਰਜਾ ਸਭੀ ਕਰੈ ਰਜਕ ਦੁਸ੍ਟ ਅਨਾਰਜਾ ॥ ਉਰਾਹਨੋ ਸੀਯ ਦੈਤ ਭਉ ਜਾਨੋ ਸੋ ਨਾਥ ਕੀਜੀਏ ॥ ਸਯੰਦ ਰਾਮ ਸਜਾਇ ਸੀਜ ਬਿਦਾ ਬਿਪਨ ਦੀਜੀਏ ॥ ੭ ॥ ੪੪੪ ॥ ੬੦੫ ॥ ਨਰਾਚ ॥ ਸੁ ਮੁਨਿ ਆਸ੍ਰਮ ਬਾਲਮੀਕਿ ਛੋਡ ਸੀਜ ਕਉ ਗਏ ॥ ਲਵਾਇ ਮੁਨਿਨ ਪੁੰਗਵਾ ਜਨਕ ਸੁਤਾ ਆਸ੍ਰਮ ਦਏ ॥ ਪੁਤ੍ਰੀ ਭਾਉ ਭਾਵਨਾ ਦੈਵੀ ਤਲ ਜਾਨ ਹੀ ॥ ਸਨੁਮਾਨ ਬਿਬਿਧ ਭਾਂਤਿ ਕਉ ਜਨਕ ਸੁਤਾ ਪ੍ਰਮਾਣ ਹੀ ॥ ੮ ॥ ੪੪੫ ॥ ੬੦੬ ॥ ਨਰਾਚ ॥ ਲਖਨ ਕਹੀ ਸਭਿ ਵਾਰਤਾ ਸੀਯ ਬਿਪਨ ਗਵਨ ਰਾਮ ਪੈ ॥ ਧਜਾਨ ਚਰਣ ਰਾਵਰੀ ਹਿਰਦੈ ਬਿਸੇਖ

ਧਾਮ ਤੇ ॥ ਤੇਜ ਸ੍ਵਾਮੀ ਧਾਰ ਹੀ ਮੁਰਿ ਰੱਛ ਸੀਯ ਕੀ ਕਰੈ ॥ ਅਸਤ੍ਵੰਨ ਅਰੁ ਸੇਵ ਮੁਨੀ ਭਾਂਤਿ ਭਾਂਤਿਨ ਕੋ ਰਰੈ ॥ ੯ ॥ ੪੪੬ ॥ ੬੦੭ ॥ ਛੰਦ ਨਰਾਚ ॥ ਬੁਲਾਇ ਗੁਰ ਬਸਿਸ੍ਰ ਕਉ ਅਰੰਭ ਜਗ ਕੋ ਕਰਤ ॥ ਅਸੁਮੇਧ ਗਜਾਮੇਧ ਬਾਜਮੇਧ ਤੇ ਆਦਿ ਮਨਿ ਧਰਤ ॥ ਲਖਨ ਸਤ੍ਰੁਘਨ ਭਰਤ ਮੰਤ੍ਰੀ ਆਦਿ ਸੈਨ ਦੈ ॥ ਭਟਾਨ ਦੁਰੰਤ ਜੋਧਨੋ ਰੱਛਜਾ ਨਮਿਤ ਬੰਧੁ ਹੈ ॥ ੧੦ ॥ ੪੪੭ ॥ ੬੦੮ ॥ ਨਰਾਚ ॥ ਛੋਰ ਅਸ੍ਵ ਰਾਘਵੰ ਸੁ ਠਾਨਿ ਜਗ ਸਾਧਵੰ ॥ ਸੁਧਾਰਿ ਸੀਯ ਕੰਚਨੰ ਸੁਭਾਇ ਛੀਨ ਲਾਘਵੰ ॥ ਫਿਰਾਇ ਦੇਸ ਦੇਸ ਬਾਜ ਰਾਮ ਰਾਜ ਸੋਧ ਕੈ ॥ ਅਪਨਾਇ ਮਿਤ੍ਰ ਸਤ੍ਰੁ ਹੀ ਜਗ ਸਮਾਪਤਿ ਹੋਤ ਭੇ ॥ ੧੧ ॥ ੪੪੮ ॥ ੬੦੯ ॥ ਛੰਦ ਨਰਾਚ ॥ ਨਿਸਚਿੰਤ ਰਾਮ ਯਗ ਭਏ ਅਚਿੰਤ ਰਾਜ ਕਉ ਕਰੈ ॥ ਰਿਸਿ ਚਵਨ ਆਦਿ ਰਾਮ ਧਾਮ ਪਧਰਤ ਸਿਧੈ ਰਰੈ ॥ ਵਡਾਈ ਰਾਮ ਲਖਨ ਕਪੇਂਦ੍ਰ ਸਰਮ ਮੁਨਿਨ ਭਾਖ ਕੈ ॥ ਸੁਰਾਰਿ ਕਉਨ ਮਾਰਤੋ ਰਘੁਬੀਰ ਬਿਨੁ ਦੁਸ੍ਰ ਰਾਖਛਸੈ ॥ ੧੨ ॥ ੪੪੯ ॥ ੬੧੦ ॥ ਨਰਾਚ ਮੁਨਿਗਨ ਬਾਚ ॥ ਕਰਜੋ ਮੋਰ ਜਾਪ ਰਾਖਛਸਾ ਬਿਧ੍ਵੰਸ ਹੀ ॥ ਕ੍ਰਿਯਾ ਹੀਨ ਤਾਪਸੀ ਸਭਿ ਹੋਤ ਜਾਤਿ ਨਿਪ੍ਰੰਸ ਹੀ ॥ ਲਵਨਾਸੁਰ ਰਹਜੋ ਏਕ ਦੇਵ ਤਾਪ ਰਾਖਛਸਾ ॥ ਤਾਹਿ ਨਾਥ ਸੰਘਾਰੀਏ ਸੁਖ ਬਸੈ ਰਿਸੀ ਤਾਪਸਾ ॥ ੧੩ ॥ ੪੫੦ ॥ ੬੧੧ ॥ ਨਰਾਚ ॥ ਤ੍ਰਿਸ਼ੂਲ ਬਡੋ ਕਲਾਵਾਨ ਜਦ ਧਰਤਿ ਪਾਨ ਮਾਹ ਹੇ ॥ ਤ੍ਰੈਲੋਕ ਬਿਜਈ ਹੋਤ ਹੈ ਛੁਹਿ ਨ ਸਕੇ ਕੋ ਛਾਹ ਹੇ ॥ ਤ੍ਰਿਸ਼ੂਲ ਹੀਨ ਹੋਇ ਜਦ ਤਾ ਸਮਜ ਸੰਘਾਰੀਜੋ ॥ ਕਹਾ ਇਤਿਹਾਸ ਚਜਵਨ ਰਿਸ਼ੀ ਆਸ੍ਰਮ ਪਧਾਰੀਯੋ ॥ ੧੪ ॥ ੪੫੧ ॥ ੬੧੨ ॥ ਨਰਾਚ ॥ ਪਠੋ ਰਾਮ ਸਤ੍ਰੁਘਨ ਦੈ ਸੈਨ ਸੰਗ

Scanned by CamScanner

ਵਿਦਾ ਕਰੇ ॥ ਬਰਸਾ ਸਮਯ ਮਹਿ ਮਾਰੀਜੋ ਤਉ ਲਉ ਰਹਹੁ ਪ੍ਰੋਖਛ ਹ੍ਵੈ ॥ ਮਧੁਰਾ ਕੋ ਬਿਦਾ ਸਤ੍ਰੁਘਨ ਭਏ ਸੰਗ ਸੈਨ ਲੈ ॥ ਕਾਲਿੰਦ੍ਰੀ ਤਟ ਆਖੇਟ ਕਰਤ ਸਖਾ ਮਿਤ੍ਰ ਅੰਗ ਲੈ ॥ ੧੫ ॥ ੪੫੨ ॥ ੬੧੩ ॥ ਨਰਾਚ ॥ ਏਕ ਦਿਵਸ ਦ੍ਵਾਰ ਜਾ ਰੁਕਜੋ ਸੂਲ ਹੀਨ ਪੇਖ ਕੈ ॥ ਆਯੋ ਬਿਕ੍ਰਾਲ ਰੂਪ ਕਰ ਅਨੇਕ ਜੰਤੁ ਅਭੇਖ ਹ੍ਵੈ ॥ ਸਮਰ ਪ੍ਰਵਿਰਤਿ ਹੋਤ ਭਉ ਸੰਘਾਰ ਤਾਹਿ ਸਤ੍ਰੁਘਨ ॥ ਸੁਰ ਬਧਾਈ ਕਰਨ ਲਗੇ ਮੁਨਿ ਬਿੰਦ ਸੁਖੀ ਮਨਹਿ ਮਨਿ ॥ ੧੬ ॥ ੪੫੩ ॥ ੬੧੪ ॥ ਛੰਦ ਨਰਾਚ ॥ ਬਸਾਇ ਮਧੁਰਾ ਸਤ੍ਰੁਘਨ ਕਛੁ ਰਹਿ ਬਾਹੁੜ ਆਯੋ ॥ ਰਾਮ ਚੰਦ੍ਰ ਧਰਮ ਰਾਜ ਆਗਜਾ ਜੁਤ ਕਰਾਯੋ ॥ ਜੁੱਧਾਜਿਤ ਭੇਟ ਬਿਬਿਧ ਹੀਰ ਚੀਰ ਮਨਿ ਘਨੇ ॥ ਕਮਲ ਤੁਰੰਗ ਅਸਤ੍ਰ ਅਨੇਕ ਦ੍ਰਬ ਕੋ ਗਨੇ ॥ ੧੭ ॥ ੪੫੪ ॥ ੬੧੫ ॥ ਛੰਦ ਨਰਾਚ ॥ ਭੇਟ ਰਾਮ ਚੰਦ੍ਰ ਕਰਜੋ ਕੁਸਲ ਰਾਜ ਕੈਕੇਯੰ ॥ ਸਸਟੀਲੂ ਸੁ ਗੰਧ੍ਰਬ ਪ੍ਰਬਲ ਭਜੋ ਉਜਾੜ ਦੇਸ ਦੈ ਭਯੰ ॥ ਚਤੁਰੰਗਨੀ ਸੰਗ ਪੁਸਕਲੈ ਦੇ ਵਿਦਾ ਕੀਯੋ ਕਾਸ਼ਮੀਰ ॥ ਪਠੇ ਰਤਨ ਮਨਿ ਅਨੇਕ ਤੁਰੰਗ ਪਠੇ ਹੀਰ ਚੀਰ ॥ ੧੮ ॥ ੪੫੫ ॥ ੬੧੬ ॥ ਨਰਾਚ ॥ ਸੰਗ੍ਰਾਮ ਪੁਸਕਲ ਗੰਧ੍ਰਬ ਪ੍ਰਵਿਰਤਿ ਭਜੋ ਘੋਰ ਹੇ ॥ ਬਿਜਈ ਪੁਸਕਲ ਹੋਤ ਭਜੋ ਰਾਮ ਬਿਜਯ ਉਦੋਤ ਹੇ ॥ ਜਮਲ ਪੁਤ੍ਰ ਜਾਨਕੀ ਰਿਸ਼ਿ ਆਸ਼੍ਰਮ ਭਵ ਲੇਤ ਭਏ ॥ ਨਾਮ ਕਰਨ ਕੀਨੁ ਰਿਖੀਨ ਕੁਸ਼ ਲਵ ਕਰ ਕਹਿਤ ਭਏ ॥ ਦ੍ਵਾਦਿਸ ਬਰਖ ਕੋ ਕੁਮਾਰ ਭਏ ਸੀਖ ਗੇ ਸਬੈ ॥ ੧੯ ॥ ੪੫੬ ॥ ੬੧੭ ॥ ਨਰਾਚ ॥ ਮੁਨਿ ਪ੍ਰਤਾਪ ਨਿਗਮ ਸਾਸਤ੍ਰ ਰਾਮਾਯਨ ਆਦਿ ਸੀਖਗੇ ॥ ਰਾਮ ਚੰਦ੍ਰ ਜਗ ਨਿਮੰਤ੍ਰ ਬਾਲਮੀਕਿ ਜਾਤ ਭੇ ॥ ਸੰਗ ਕੁਸ ਲਵ ਹੂ ਮੁਨਿ ਸਨੇਹ ਪ੍ਰਾਪਤਿ ਭੇ ॥ ਰਾਮਾਯਨ ਕੇ ਗਾਨ ਸਿਸੁਨ ਰਿਸ਼ਿ ਮੰਡਲਿ ਪ੍ਰਸੰਨ ਭੇ ॥ ੨੦ ॥ ੪੫੭ ॥ ੬੧੮ ॥ ਨਰਾਚ ਛੰਦ ॥ ਰਾਮ ਚੰਦ੍ਰ ਸਭਾ ਮਾਝ

Scanned by CamScanner

ਗਾਣ ਸਿਸੁਨ ਥੇ ਅਸਨ ਹੇ ॥ ਨਿਤਪ੍ਰਤਿ ਪ੍ਰਭੁ ਗਾਨ ਸੁਨਤਿ ਨਿਜ ਚਰਿਤ੍ਰ ਸਿਸਨ ਤੇ ॥ ਸਪਤ ਕਾਂਡ ਸਿਸੁਨ ਮੁਨੀ ਗਾਯਣ ਜਬਹਿ ਕਰਤ ਭੇ ॥ ਬੀਸ ਸਹੰਸ੍ਰ ਹੇਮ ਮੁਦ੍ਰਾ ਸਿਸੁਨ ਭੇਟ ਧਾਰਤ ਭੇ ॥ ੨੧ ॥ ੪੫੯ ॥ ੬੧੯ ॥ ਛੰਦ ਨਰਾਚ ॥ ਅਨੰਗੀਕਾਰ ਸਿਸੁਨ ਕੀਨ ਰਾਮ ਸਭੀ ਜਾਨ ਗਏ ॥ ਜਾਨਕੀ ਕੁਮਾਰ ਸਿਸੁਨ ਰਿਸਿ ਬੁਲਾਇ ਸਨੁਮਾਨ ਕਏ ॥ ਸ੍ਰੀ ਰਾਮ ਬਾਚ ॥ ਜਾਨਕੀ ਪ੍ਰਭੂ ਦੀਜੀਏ ਸਪਥ ਕਰੈ ਆਇ ਕੈ ॥ ਲਾਂਛਣ ਨਿਵਿਰਤਿ ਹ੍ਵੈ ਪਤਜਾਰੁ ਹੁਇ ਹੈ ਆਇ ਕੈ ॥ ੨੨ ॥ ੪੫੯ ॥ ੬੨੦ ॥ ਨਰਾਚ ॥ ਮੁਨਿ ਲੈ ਆਏ ਸਭਾ ਮਾਝ ਜਾਨਕੀ ਸ੍ਰਿੰਗਾਰ ਕੈ ॥ ਸੀਯ ਸਪਥ ਕਰਤ ਭੀ ਥਿਰਾ ਸਭਾ ਮਾਝ ਪੁਕਾਰ ਕੈ ॥ ਸੀਤਾ ਬਾਚ ॥ ਹੇ ਪ੍ਰਿਥੀ ਧਰਮ ਚਾਰਣੀ ਤੁਮ ਸਾਛੀ ਪਾਤ ਧਰਮ ਕੀ ॥ ਰਾਮ ਬਿਨੁ ਨ ਹਿਰਦਯ ਆਨ ਮੋਰ ਬਚਨ ਕਰਮ ਹੀ ॥ ੨੩ ॥ ੪੬੦ ॥ ੬੨੧ ॥ ਛੰਦ ਨਰਾਚ ॥ ਭੂਅ ਕੰਪ ਬਿਦੀਰਨ ਹੋਤ ਭਈ ਬੇਵਾਨ ਸੀਯ ਲੈ ਗਈ ॥ ਦੇਖਤੇ ਤ੍ਰਿਲੋਕਿ ਸੀਯ ਲੋਪ ਤਹਾਂ ਹੋਤਿ ਭਈ ॥ ਦੇਵਬਾਨੀ ਪ੍ਰਜਾ ਬਾਚ ॥ ਧਨਜ ਧਨਜ ਕਹਿਤ ਸਭੀ ਸਾਧੁ ਸਾਧੁ ਭਾਖ ਹੀ ॥ ਪੁਹਪ ਦੇਵਤਾ ਬਰਖਾਤ ਜਯ ਜਯ ਅੰਕ ਡਾਕ ਹੀ ॥ ੨੪ ॥ ੪੬੧ ॥ ੬੨੨ ॥ ਨਰਾਚ ॥ ਉਦਾਸੀਨ ਰਾਮ ਚੰਦ੍ਰ ਸੀਯ ਬਯੋਗ ਕਲੇਸਿਤੰ ॥ ਰਾਜ ਕਰਨ ਆਸ ਚੁਕੀ ਸੰਸਾਰ ਸੁਖ ਨਿਰਾਸਿਤੰ ॥ ਪਠਜੋ ਬ੍ਰਹਮਾ ਕਾਲ ਕਉ ਅਵਧ ਜਾਹੁ ਰਾਮ ਤੀਰ ॥ ਬਈਕੁੰਠ ਪ੍ਰਭੁ ਪਧਾਰੀਏ ਸਤਜ ਸਿੰਧੁ ਮਹਾਰਥੀ ਧੀਰ ॥ ੨੫ ॥ ੪੬੨ ॥ ੬੨੩ ॥ ਨਰਾਚ ॥ ਰਾਮ ਚੰਦ੍ਰ ਏਕਾਂਤ ਹ੍ਵੈ ਕਾਲ ਹੂ ਸਮਝਾਵ ਹੀ ॥ ਤਾਮਸੋ ਜੋ ਆਵਹੀ ਅਵਸ ਰਾਮ ਘਾਵ ਹੀ ॥ ਦੁਰਬਾਸ਼ਾ ਆਜੋ ਤਹਿ ਸਮੋ ਦ੍ਵਾਰਿ ਲਖਛਮਨੰ ਹੁਤੇ ॥ ਦੁਰਬਾਸ਼ਾ ਬਾਚ ॥ ਕਹਜੋ ਕਿ ਰਾਮ ਕਉ ਲੈ ਆਉ ਰਾਜ ਭਵਨ ਬਾਰ ਤੇ ॥ ੨੬ ॥ ੪੬੩

॥ ੬੨੪ ॥ ਨਰਾਚ ਲਖਛਮਨ ਬਾਚ ॥ ਇਕਾਂਤ ਨਾਥ ਹੈਂ ਪ੍ਰਭੋ ਕਹਹੁ ਸੁ ਕਾਜ ਹਉਂ ਕਰੋ ॥ ਕਰ ਕੋਪ ਰਿਖੀ ਕਹਨ ਲਗੇ ਸਭ ਭਸਮ ਆਜ ਹੀਂ ਕਰੋ ॥ ਲਖਛਮਣ ਬਾਚ ॥ ਦੁਰਬਾਸ਼ਾ ਰਿਸ਼ੀ ਪਧਰਤ ਭਏ ਦ੍ਵਾਰਿ ਠਾਢਿ ਆਇ ਕੈ ॥ ਕਾਲ ਰਾਮ ਬਿਦਾ ਕਰਜੋ ਲੀਯੋ ਰਿਸ਼ਿ ਬੁਲਾਇ ਕੈ ॥ ੨੭ ॥ ੪੬੪ ॥ ੬੨੫ ॥ ਛੰਦ ਨਰਾਚ ॥ ਖਵਾਇ ਰਿਸ਼ੀ ਭੋਜਨੰ ਕੈ ਵਿਦਾ ਮੁਖ ਮਲੀਨ ਸੇ ॥ ਮੰਤ੍ਰੀਨ ਭ੍ਰਾਤ ਮੰਤ੍ਰ ਪੂਛਿ ਮਿਤ੍ਰ ਮਾਰਨੋ ਤਯਾਗ ਦੈ ॥ ਬੁਲਾਇ ਲਖਛਮਣੰ ਪ੍ਰਭੂ ਕਰ ਤਜਾਗ ਸੋਕ ਮਗਨ ਭਏ ॥ ਕਾਲ ਭਯੋ ਕੌਸ਼ਲਯਾ ਕੋ ਸਉਮਿਤ੍ਰਾ ਮਰੀ ਅਪਸਗੁਨ ਭੇ ॥ ੨੮ ॥ ੪੬੫ ॥ ੬੨੬ ॥ ਛੰਦ ਨਰਾਚ ॥ ਪੁਨਿ ਸਾਂਤਿ ਭਈ ਕੈਕੇਈ ਰਘੁਬੀਰ ਸੰਸਕਾਰ ਕਰੇ ॥ ਬੁਲਵਾਇ ਬੰਧੁ ਸੁਤਨ ਸਭੀ ਰਾਜ ਤਿਲਕ ਪਰਸਰ ਪਧਰੇ ॥ ਅਵਧ ਰਾਜ ਲਵ ਕੁਸਹਿ ਦੇਤ ਭਏ ਸਮਸਤ ਜੀ ॥ ਗੁਰੁ ਬਸਿਸ੍ਰ ਤੇ ਕਹਯੋ ਸ੍ਰੀ ਮੁਖਿ ਸੁਅਸਤ ਜੀ ॥ ੨੯ ॥ ੪੬੬ ॥ ੬੨੭ ॥ ਨਰਾਚ ਛੰਦ ॥ ਬੁਲਵਾਇ ਬਾਂਦਰੇਂਦ੍ਰਹਿ ਬਿਭੀਸਨੈ ਪ੍ਰਯਾਯ ਭੀ ॥ ਦੁਬਿਧ ਜਾਂਬੁਵੰਤ ਹਨੂ ਰਾਖਛਸੇਂਦ੍ਰ ਕਹਿਤਿ ਭੀ ॥ ਸ੍ਰੀ ਰਾਮ ਬਾਚ ॥ ਸਮਯ ਸਮਯ ਮਿਲਨ ਤੁਮਾਰ ਹੋਹਿ ਹੈ ਕੋਊ ਕਾਲ ਮੈ ॥ ਔਰੁ ਚਲਨਹਾਰ ਜੇਤੋ ਚਲੈ ਹੈ ਸੰਗ ਹਾਲ ਮੈ ॥ ੩੦ ॥ ੪੬੭ ॥ ੬੨੮ ॥ ਛੰਦ ਨਰਾਚ ॥ ਕੀਸ ਰੀਛ ਰਾਖਛ੍ਸ ਮਨੁਜ ਚਲਨ ਕਉ ਸਭੀ ਤਏ ॥ ਆਗਜਾ ਮੰਤ੍ਰੀ ਬਿਪ੍ਰ ਪ੍ਰਤਿ ਅਗੁਵਾਹੁ ਸਰਜੂ ਤਟ ਦਏ ॥ ਚਲੀ ਪ੍ਰਜਾ ਸੁਨਿ ਵਾਰਤਾ ਗੁਰੁ ਬਸਿਸ੍ਰ ਆਦਿ ਲੈ ॥ ਸੁਧਾਰ ਬਸਨੰ ਭੂਸਨੰ ਚਲੇ ਤ੍ਰਿਬੰਧੂ ਮਨਾਦਿ ਹੇ ॥ ੩੧ ॥ ੪੬੮ ॥ ੬੨੯ ॥ ਛੰਦ ਨਰਾਚ ॥ ਅਸੰਖ ਬਿਵਾਨ ਲੈ ਜੁਮੈ ਸੁਰਰਾਇ ਬ੍ਰਹਮ ਤੇ ਸਭੈ ॥ ਪਧਰਾਇ ਰਾਮ ਚੰਦ੍ਰ ਹੀ ਜੁਤ ਭ੍ਰਾਂਤ ਲਖਛਮਨੈ

ਤਬੈ ॥ ਉਪ੍ਰਾਂਤ ਸਮਸਤ ਪ੍ਰਜਾ ਆਦਿ ਤਜਾਗ ਦੇਹ ਭਉਤਕੀ ॥ ਬਿਵਾਨ ਆਰੂੜ ਇੰਦ੍ਰਪੁਰੀ ਪ੍ਰਾਪਤਿ ਸਕਲ ਕਉਤਕੀ ॥ ੩੨ ॥ ੪੬੯ ॥ ੬੩੦ ॥ ਛੰਦ ਨਰਾਚ ॥ ਉਤ੍ਰਕਾਂਡ ਰਾਮ ਗਵਣ ਰਾਮ ਰਾਜ ਜੋ ਕਥਾ ॥ ਸੁਧਾਰ ਲੀਜੀਓ ਸੁ ਕਬਿ ਕਹਜੋ ਅਨੁਸਾਰ ਬੁਧਿ ਜਥਾ ॥ ਦਾਸ ਗੋਬਿੰਦ ਫ਼ਤਿਹ ਸਤਿਗੁਰੂ ਉਚਾਰ ਕੈ ॥ ੩੩ ॥ ੪੭੦ ॥ ੬੩੧ ॥ ਛੰਦ ਨਰਾਚ ॥ ਬ੍ਰਹਮਾ ਕਹਯੋ ਪ੍ਰਤਿ ਦੇਵ ਰਿਸ਼ੀ ਬਾਲਮੀਕਿ ਤਿਨ ਕਹੀ ॥ ਬ੍ਰਹਮਾ ਬਹੁਰ ਤਿਨ ਵਰ ਦਯੋ ਜੋ ਕਹੋ ਸਭੀ ਸਤਜ ਲਹੀ ॥ ਅਗਾਧ ਇਤਿਹਾਸ ਮੁਨੀ ਭਾਖਗੇ ਭਾਰ ਦ੍ਵਾਜ ਪੈ ॥ ਪਾਵਨ ਪਵਿਤ੍ਰ ਰਾਮ ਕਥਾ ਪ੍ਰਜਾ ਸਹਿਤ ਸ੍ਵਰਗ ਨਿਵਾਸ ਕੈ ॥ ੩੪ ॥ ੪੭੧ ॥ ੬੩੨ ॥ ਛੰਦ ਨਰਾਚ ॥ ਪਢੈ ਸੁਨੈ ਨੇਮ ਧਾਰਿ ਸਪਤ ਕਾਂਡ ਯਾਹਿ ਚਿਤ ਦੈ ॥ ਜਮ ਤ੍ਰਾਸ ਦੋਖ ਤਾਪ ਤੀਨ ਮਿਟਹਿ ਪਾਪ ਮੋਖਛ ਹ੍ਵੈ ॥ ਅਪੁਤ ਪੁਤ੍ਰ ਪਾਵਹੀ ਅਧਨ ਸਧਨ ਪ੍ਰਾਪਤੀ ॥ ਬੰਧੁ ਮੋਖਛ ਅੰਧ ਗੁੰਗ ਪਿੰਗੁ ਹੁਇ ਪਰਾਂਗਤੀ ॥ ੩੫ ॥ ੪੭੨ ॥ ੬੩੩ ॥ ਇਤਿ ਸ੍ਰੀ ਰਾਮ ਚਰਿਤ੍ਰੇ ਰਾਮ ਮਹਾਤਮੇ ਬੀਜੁ ਪਖਜਾਨ ਰਾਮਾਇਣੇ ਸਪਤ ਕਾਂਡ ਸਮਾਪਤ ਸੁਭਮੱਸਤੁ ॥ ੧ ॥ ੮ ॥ ੧ ॥ ੨ ॥ ੩ ॥ ੪ ॥ ੫ ॥ ੬ ॥ ੭ ॥ ੮ ॥ ੧ ॥

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤੇ ॥

ਸ੍ਰੀ ਭਗਉਤੀ ਜੀ ਸਹਾਯ ॥ ਸ੍ਰੀ ਕਰਾਚੌਲੀਏ ਨਮਃ ॥ ਸ੍ਰੀ ਕ੍ਰਿਸਨਾਯ ਨਮਃ ॥ ਅਥ ਦਸਮ ਸਕੰਧ ਭਾਖਾ ਲਿਖਜਤੇ ਤ੍ਵ ਬਲਿ ਸ਼ੰਕਰ ॥ ਦੋਹਰਾ ॥ ਜਾਹਿ ਨਾਮ ਸ੍ਰੀ ਬਾਸੁਦੇਵ ਜਹ ਮਹਿ ਲੀਨ ਅਉਤਾਰ ॥ ਬਰਨਤਿ ਕਵਿ ਪ੍ਰਸੰਗ ਸੋ ਬੁਧਿ ਜਨ ਲੇਹੁ ਸਾਧਾਰ ॥ ੧ ॥ ੬੩੪ ॥ ਦੋਹਰਾ ॥ ਭਾਰਾਕ੍ਰਿਤ ਧਰਣੀ ਭਈ ਮਹਾਂ ਦੁਖਿਤ ਅਰੁ ਦੀਨ ॥ ਤਾਹਿ ਦੁਖਿਤ ਪ੍ਰਭੁ ਸਮਝ ਕਰ ਮਾਨਵ ਵਪੁ

ਕਹਿ ਲੀਨ ॥ ੨ ॥ ੬੩੫ ॥ ਦੋਹਰਾ ॥ ਆਹੂਕ ਮਥੁਰਾ ਕੋ ਨ੍ਰਿਪਤਿ ਦੋਇ ਪੁਤ੍ਰ ਤਿਹ ਧਾਮ ॥ ਦੇ ਵਕਾ ਔਰਸੁ ਉਗ੍ਰਸੈਨ ਨ੍ਰਿਪ ਰਾਖਜੋ ਸੁਤ ਨਾਮ ॥ ੩ ॥ ੬੩੬ ॥ ਦੋਹਰਾ ॥ ਉਗ੍ਰਸੈਨ ਕੋ ਬਿਵਾਹ ਭਯੋ ਵਾਯੁ ਰੇਖਾ ਕੇ ਸੰਗ ॥ ਬਾਗ ਬਿਹਾਰਨ ਮੋ ਗਈ ਤਹਿੰ ਰਿਤੁ ਭਜੋ ਅਨੰਗ ॥ ੪ ॥ ੬੩੭ ॥ ਦੋਹਰਾ ॥ ਦ੍ਰੁਮ ਲਿਕ ਰਾਖਛਸ ਤਹ ਹੁਤੋ ਉਗ੍ਰਸੈਨ ਬਨ ਆਓ ॥ ਬਲਾਤਕਾਰ ਸੋ ਰਤਿ ਕਰਜੋ ਗਰਭ ਧਾਰ ਚਲ ਜਾਓ ॥ ੫ ॥ ੬੩੮ ॥ ਦੋਹਰਾ ॥ ਪ੍ਰਸੂਤਿ ਸਮਯ ਅੰਧਕਾਰ ਭਜੋ ਪ੍ਰਲਜੁ ਪ੍ਰਾਜਜੋ ਆਏ ॥ ਮਾਘ ਮਾਸ ਤ੍ਰਿਯੋਦਸੀ ਗੁਰੁਬਾਸੁਰ ਦਿਵ ਪਾਏ ॥ ੬ ॥ ੬੩੯ ॥ ਦੋਹਰਾ ॥ ਜਨਮ ਕੰਸ ਤਾਂ ਦਿਨ ਭਯੋ ਧਰਨਿ ਕੀਨ ਬਹੁ ਸੋਕ ॥ ਸੁਰ ਕੰਟਕ ਉਪਜਯੋ ਅਸੁਰ ਡਰੇ ਚਰਾਚਰ ਲੋਕ ॥ ੭ ॥ ੬੪੦ ॥ ਦੋਹਰਾ ॥ ਦੇਵਕ ਭ੍ਰਾਤਾ ਨ੍ਰਿਪਤਿ ਕੋ ਚਾਰ ਪੁਤ੍ਰ ਛਿਅ ਬਾਰਿ ॥ ਤੇ ਸਭਿ ਦਈ ਬਿਵਾਹਿ ਕੇ ਬਸੁਦੇਵਹਿ ਸ੍ਰਿੰਗਾਰ ॥ ੮ ॥ ੬੪੧ ॥ ਦੋਹਰਾ ॥ ਸਪਤਮ ਕੰਨਜਾ ਦੇਵਕੀ ਵਾਕਹੁੰ ਤਾਕਹੁੰ ਦੀਨ ॥ ਦਾਜ ਸੁ ਦਯੋ ਕੁਬੇਰ ਸਮ ਕੰਸ ਸਾਥ ਤਿਸੁ ਕੀਨੁ ॥ ੯ ॥ ੬੪੨ ॥ ਦੋਹਰਾ ਦੇਵ ਬਾਨੀ ਵਾਚ ॥ ਮਗ ਮੋ ਨਭ ਬਾਨੀ ਭਈ ਸੁਨਿ ਰੇ ਕੰਸ ਅਗਜਾਨਿ ॥ ਜੋ ਅਸ਼ਟਮ ਸੁਤੁ ਸੁਸਾ ਤੁਝ ਤੇਰੋ ਕਾਲ ਨਿਦਾਨ ॥ ੧੦ ॥ ੬੪੩ ॥ ਦੋਹਰਾ ॥ ਚੰਦ੍ਰਹਾਸ ਲੇ ਨਿਸਿਤ ਕਰ ਕੇਸ ਗਹਜੋ ਤਤਕਾਲ ॥ ਭਗਨੀ ਬੋਲਿ ਉਠੀ ਤਬਹਿ ਪੁਤ੍ਰ ਦੇਹੁ ਭੂਪਾਲ ॥ ੧੧ ॥ ੬੪੪ ॥ ਦੋਹਰਾ ॥ ਤਜਾਗ ਦੀਨ ਭਗਨੀ ਤਬਹਿ ਪਤਿ ਯੁਤ ਸੰਗਲ ਮਾਹਿ ॥ ਰਾਖਤਿ ਭਜੋ ਜਤਨਨ ਸਹਿਤ ਅਹਿਨਿਸਿ ਸੋਚ ਕਰਾਹਿ ॥ ੧੨ ॥ ੬੪੫ ॥ ਇਤਿ ਸ੍ਰੀ ਦਸਮ ਸਕੰਧੇ ਮਹਾਂ ਪੁਰਾਣੇ ਬਸੁਦੇਵ ਦੇਵਕੀ ਨਿਗ੍ਰਹ ਕਰਨੰ ਪ੍ਰਿਥਮ ਧਜਾਯਃ ॥ ੧ ॥ ਦੋਹਰਾ ॥ ਉਹਾਂ ਧਰਣਿ ਆਤੁਰ ਗਈ ਬ੍ਰਹਮਣ ਢਿਗ ਦੁਖ ਗਾਇ ॥ ਦੇਵ ਸਹਿਤ ਬ੍ਰਹਮਾ

Scanned by CamScanner

ਤਬਹਿ ਆਏ ਜਹਿੰ ਜਲਸਾਇ ॥ ੧ ॥ ੧੩ ॥ ੬੪੬ ॥ ਦੇਵਨ ਬਾਚ ਦੋਹਰਾ ॥ ਬ੍ਰਹਮਾਦਿਕ ਸੁਰ ਸਕਲ ਮਿਲ ਬਿਨੈ ਕੀਨੁ ਕਰ ਜੋਰ ॥ ਹੁਇ ਪ੍ਰਸੰਨ ਭਗਵਾਨ ਤਬ ਬੋਲੇ ਬ੍ਰਹਮਨ ਧੋਰ ॥ ੨ ॥ ੧੪ ॥ ੬੪੭ ॥ ਸ੍ਰੀ ਭਗਵਾਨੋ ਵਾਚ ਦੋਹਰਾ ॥ ਦੇਵ ਸਕਲ ਤਨ ਨਰ ਧਰੈਂ ਬ੍ਰਜ ਮੰਡਲ ਮਹਿ ਜਾਇ ॥ ਗੋਪ ਜਨਮ ਲੈ ਤਹਿੰ ਬਸਹਿੰ ਹਉਂ ਹੂੰ ਜਨਮਹੁੰ ਆਇ ॥ ੩ ॥ ੧੫ ॥ ੬੪੮ ॥ ਦੋਹਰਾ ॥ ਦੇਵ ਸਕਲ ਦੇਵਾਂਗਨਾ ਲਖਮੀ ਜੁਤ ਸਭਿ ਨਾਰਿ ॥ ਗੋਪ ਗੋਪਿਕਾ ਹੋਤ ਭਏ ਬ੍ਰਿਜ ਮੰਡਲ ਵਪੁ ਧਾਰਿ ॥ ੪ ॥ ੧੬ ॥ ੬੪੯ ॥ ਦੋਹਰਾ ॥ ਇਹਾਂ ਕੰਸ ਨਿਜ ਭਗਨਿ ਕਹ ਪਤਿ ਜੁਤਿ ਬੰਦੀ ਡਾਰੁ ॥ ਰਾਖਤਿ ਭਜੋ ਬਹੁ ਜਤਨ ਸੋਂ ਮਨ ਮੋ ਬਹੁਤ ਖੰਭਾਰੁ ॥ ੫ ॥ ੧੭ ॥ ੬੫੦ ॥ ਦੋਹਰਾ ॥ ਪ੍ਰਿਥਮ ਪੁਤ੍ਰ ਬਸੁਦੇਵ ਕੋ ਕੀਰਤਿ ਮਤਿ ਤਹਿੰ ਨਾਮ ॥ ਤਤ ਕਾਲ ਲੈ ਨ੍ਰਿਪ ਸਦਨ ਕੀਨਜੋ ਆਇ ਪ੍ਰਨਾਮ ॥ ੬ ॥ ੧੮ ॥ ੬੫੧ ॥ ਦੋਹਰਾ ॥ ਤਾਹਿ ਹਨਤ ਭਜੋ ਭੂਪ ਤਬਿ ਯਾ ਪ੍ਰਕਾਰ ਖਟ ਬਾਲ ॥ ਭਗਨੀ ਸੁਤ ਮਾਰਤਿ ਭਜੋ ਕੰਸ ਅਧਮ ਤਤ ਕਾਲ ॥ ੭ ॥ ੧੯ ॥ ੬੫੨ ॥ ਇਤਿ ਸ੍ਰੀ ਦਸਮ ਸਕੰਧੇ ਮਹਾ ਪੁਰਾਣੇ ਬਾਸੁਦੇਵ ਬਾਲਕ ਨਿਧਨਿ ਦੁਤੀਯ ਧਜਾਯਃ ॥ ੨ ॥ ਦੋਹਰਾ ॥ ਸਕਲ ਤ੍ਰਿਯਾ ਬਸੁਦੇਵ ਕੀ ਰੋਹਿਨਿ ਜੁਤਿ ਭਯ ਪਾਇ ॥ ਕੰਸ ਕਸਾਈ ਸੋਂ ਡਰਪ ਬਸੀ ਨੰਦ ਗ੍ਰਿਹ ਜਾਇ ॥ ੧ ॥ ੨੦ ॥ ੬੫੩ ॥ ਦੋਹਰਾ ॥ ਮਾਯਾ ਕਹੁ ਆਗਜਾ ਭਈ ਗੋਕਲ ਮਹਿ ਤੁਮ ਜਾਇ ॥ ਰੋਹਿਨਿ ਗਰਭ ਮਹਿ ਸੇਖ ਜੂ ਤਿਹ ਤੁਮ ਰਖਹੁ ਦੁਰਾਇ ॥ ੨ ॥ ੨੧ ॥ ੬੫੪ ॥ ਦੋਹਰਾ ॥ ਦੁਨਿ ਤੁਮ ਜਨਮਹੁ ਨੰਦ ਗ੍ਰਿਹ ਹਉਹੂੰ ਜਨਮਹੁੰ ਆਇ ॥ ਸੰਤਾਨ ਕੀ ਰਖਿਆ ਕਰਹੁੰ ਅਸੁਰਨ ਦੇਹੁੰ ਖਪਾਇ ॥ ੩ ॥ ੨੨ ॥ ੬੫੫ ॥ ਦੋਹਰਾ ॥ ਰੋਹਿਨੀ ਕੇ ਬਲਦੇਵ ਜੂ ਪ੍ਰਗਟੇ ਗੋਕਲ ਮਾਹਿ ॥ ਮਾਯਾ ਗਰਭ ਜਸੋਮਤੀ

Scanned by CamScanner

ਕਰਜੋ ਪ੍ਰਵੇਸ ਸਭਿ ਚਾਹਿ ॥ ੪ ॥ ੨੩ ॥ ੬੫੬ ॥ ਦੋਹਰਾ ॥ ਦੇਵਕੀ ਅਸ਼੍ਟਮ ਗਰਭ ਧਰਯੋ ਕੰਸ ਭਜੋ ਸਾਵਧਾਨ ॥ ਦਾਰੁਣ ਅਸੁਰ ਪਠਵਤ ਭਜੋ ਰਖਵਾਰੇ ਦਰਵਾਨ ॥ ੫ ॥ ੨੪ ॥ ੬੫੭ ॥ ਦੋਹਰਾ ॥ ਜਨਮ ਸਮਯ ਸ੍ਰੀ ਕ੍ਰਿਸ਼ਨ ਕੋ ਦਿਸਾ ਭਜੋ ਪ੍ਰਕਾਸ਼ ॥ ਸੋਇ ਗਏ ਰਾਖਛਸ ਸਕਲ ਨਿੰਦ੍ਰਾ ਵਸਿ ਭੈ ਪਾਸ ॥ ੬ ॥ ੨੫ ॥ ੬੫੮ ॥ ਦੋਹਰਾ ॥ ਖੁਲ ਗਏ ਬਜ੍ਰ ਕਪਾਟ ਹਸਤ ਪਾਦ ਸਾਂਕਰ ਖੁਲੇ ॥ ਪ੍ਰਗਟੇ ਤ੍ਰਿਭੁਅਨ ਨਾਥ ਦੇਵ ਪੁਹਪ ਵਰਸਿਤ ਭਲੇ ॥ ੭ ॥ ੨੬ ॥ ੬੫੯ ॥ ਦੋਹਰਾ ਦੋ ਪਾਠਾ ॥ ਬ੍ਰਹਮਾਦਿਕ ਸੁਰ ਸੰਤ ਤਿਹ ਠਾਂ ਆਇ ਪ੍ਰਗਟ ਹੁਐ ॥ ਉਸਤੁਤਿ ਕਰਤ ਅਨੰਤ ਬਸੁਦੇਵ ਦੇਵਕੀ ਮਿਲ ਸਕਲ ॥ ੮ ॥ ੨੭ ॥ ੬੬੦ ॥ ਦੋਹਰਾ ਦੋ ਪਾਠਾ ॥ ਤਤ ਛਿਣ ਲੈ ਗਯੋ ਮੁਰਾਰਿ ਰੈਨ ਅੰਧਾਰੀ ਨਦਿ ਉਤਰ ॥ ਭਾਦਉ ਨਿਸਿ ਬਿਕ੍ਰਾਰ ਯਮੁਨਾ ਕੀ ਕਰ ਬੇਨਤੀ ॥ ੯ ॥ ੨੮ ॥ ੬੬੧ ॥ ਦੋਹਰਾ ॥ ਜਸੁਧਾ ਕੰਨਯਾ ਪ੍ਰਸੂਤਿ ਕਰ ਸੋਇ ਗਈ ਤਿਹਕਾਲ ॥ ਬਾਲਕ ਹਰਿ ਲੈ ਕੰਨਿਕਾ ਫਿਰ ਆਏ ਬੰਦਿ ਸਾਲ ॥ ੧੦ ॥ ੨੯ ॥ ੬੬੨ ॥ ਦੋਹਰਾ ॥ ਪਾਹਰੂ ਜਾਗਤਿ ਭੇ ਤਬਹਿ ਮਿਲ ਗਏ ਬਜ੍ਰ ਕਪਾਟ ॥ ਹਸਤ ਪਾਦ ਸਾਂਕਰ ਪਰਜੋ ਰੁਦਨ ਸੁਨਿ ਗਿਰਜੋ ਖਾਟ ॥ ੧੧ ॥ ੩੦ ॥ ੬੬੩ ॥ ਦੋਹਰਾ ॥ ਨਸਤ ਖੜਗ ਧਾਵਤ ਭਯੋ ਕੰਨਜਾ ਨਿਰਖ ਬਿਸਮਾਦ ॥ ਪਾਥਰ ਪੈ ਜੋ ਹਨਿ ਦੈ ਤਿਸਹਿ ਲਾਗਜੋ ਕਰਨ ਬਿਸਾਦ ॥ ੧੨ ॥ ੩੧ ॥ ੬੬੪ ॥ ਦੋਹਰਾ ॥ ਪਾਥਰ ਪਰ ਜੌ ਹਨਿ ਦੀਯੋ ਕਹਤਿ ਗਈ ਸੋ ਬਾਲ ॥ ਗੋਕਲ ਮਹਿ ਪ੍ਰਗਟੈ ਹਰੀ ਵਹੈ ਤਿਹਾਰੋ ਕਾਲ ॥ ੧੩ ॥ ੩੨ ॥ ੬੬੫ ॥ ਦੋਹਰਾ ॥ ਭਾਦੋ ਕ੍ਰਿਸ਼ਨਾ ਅਸ਼੍ਟਮੀ ਬੁਧਿ ਬਾਰ ਰੋਹਿਨੀ ਨਛਤ੍ਰ ॥ ਪ੍ਰਗਟੇ ਸ੍ਰੀ ਹਰਿ ਦੇਵ ਨਾਚ ਉਠੇ ਚਰਾਚਰ ਜਗਤ੍ਰ ॥ ੧੪ ॥ ੩੩ ॥ ੬੬੬ ॥ ਦੋਹਰਾ ॥ ਜਸੁਧਾ ਪਿਖਿ ਬਾਲਕ ਬਦਨ

Scanned by CamScanner

ਚਕ੍ਰ ਚਿਹਨ ਭਗਵਾਨ ॥ ਨਿਰਖ ਦਰਸ ਹਰਖਤਿ ਭਈ ਨੰਦ ਮਹੋਤਸਵ ਦਾਨ ॥ ੧੫ ॥ ੩੪ ॥ ੬੬੭ ॥ ਦੋਹਰਾ ॥ ਬਾਜਨ ਲਗੇ ਨਿਸ਼ਾਨ ਬਹੁ ਜੁਰੇ ਗੋਪ ਪਰਿਵਾਰ ॥ ਪੁਰਜਨ ਨਰ ਨਾਰੀ ਸਭੀ ਗਾਵਤਿ ਮੰਗਲਚਾਰ ॥ ੧੬ ॥ ੩੫ ॥ ੬੬੮ ॥ ਦੋਹਰਾ ॥ ਨਟ ਨਾਯਕਾ ਨਟੀ ਗਨ ਭਿੱਛਕ ਜਾਚਿਕ ਦ੍ਵਾਰ ॥ ਦੇਤ ਬਧਾਈ ਮਹਰ ਕਹ ਤੋਰਨ ਬਾਂਧਤਿ ਨਾਰਿ ॥ ੧੭ ॥ ੩੬ ॥ ੬੬੯ ॥ ਦੋਹਰਾ ॥ ਗਾਇ ਰਤਨ ਕੰਚਨ ਬਸਨ ਭੂਸ਼ਨ ਮੁਦ੍ਰਾ ਦਾਨ ॥ ਦੀਨ ਮਹਰ ਮੰਗਤ ਜਨਨ ਰੰਕ ਤੇ ਕਰੇ ਰਾਜਾਨ ॥ ੧੮ ॥ ੩੭ ॥ ੬੭੦ ॥ ਦੋਹਰਾ ॥ ਜੇਵਨਵਾਰ ਬਿਪ੍ਰਨ ਕਰੀ ਗਜਾਤਿ ਜਿਵਾਏ ਸਰਬ ॥ ਕਹਤਿ ਬਧਾਈ ਜਨ ਸਕਲ ਵਾਰਤਿ ਬਿਬਿਧ ਬਿਧ ਦ੍ਰਬ ॥ ੧੯ ॥ ੩੮ ॥ ੬੭੧ ॥ ਦੋਹਰਾ ਕੰਸ ਵਾਚ ॥ ਉਤੇ ਕੰਸ ਦੀਯੋ ਛੋਰ ਤਬ ਭਗਨੀ ਜੁਤ ਬਸੁਦੇਵ ॥ ਕਰਿ ਸਮੋਧ ਦੌਊ ਬਿਦਾ ਕਰਿ ਸਭਾ ਕਰਯੋ ਕੁਟਲੇਵ ॥ ੨੦ ॥ ੩੯ ॥ ੬੭੨ ॥ ਦੋਹਰਾ ਨਾਰਦ ਬਾਚ ॥ ਨਾਰਦ ਮੁਨਿ ਆਏ ਤਬਹਿ ਨ੍ਰਿਪ ਸੋਂ ਕਹੀ ਬੁਝਾਇ ॥ ਸਤ੍ਰ ਤੁਮਾਰੋ ਪ੍ਰਗਟਜੋ ਤਾਂ ਕਹ ਕਰਹੁ ਉਪਾਇ ॥ ੨੧ ॥ ੪੦ ॥ ੬੭੩ ॥ ਦੋਹਰਾ ॥ ਸੁਨ ਸਕਲ ਹਤ ਕਰੋ ਨ੍ਰਿਪ ਇਤ ਉਤ ਸਕਲ ਢੁਢਾਇ ॥ ਤਾਮਹਿ ਸਤ੍ਰ ਤੋਰ ਨ੍ਰਿਪ ਅਵਸ ਮਰਹਿ ਯਾ ਭਾਇ ॥ ੨੨ ॥ ੪੧ ॥ ੬੭੪ ॥ ਦੋਹਰਾ ॥ ਬਾਲਕ ਜਿਤੇ ਮਮ ਦੇਸ ਮਹਿ ਗੋਕਲ ਮਹਿ ਜੇ ਬਾਲ ॥ ਜਹੰ ਤਹੰ ਤਿਨਹਿੰ ਸੰਘਾਰਿਹੋਂ ਦੂਤ ਪਠੈ ਤਤ ਕਾਲ ॥ ੨੩ ॥ ੪੨ ॥ ੬੭੫ ॥ ਦੋਹਰਾ ॥ ਕਿਸ਼ਨ ਸਿਸ ਬਹੁ ਸਿਸੁ ਹਨੇ ਪਾਪਾਤਮ ਪਾਪਗਜ ॥ ਹੱਤਜਾ ਸੁਨਨ ਲੇਤ ਭਉ ਅਪਰਾਧੀ ਖਲ ਅਗਜ ॥ ੨੪ ॥ ੪੩ ॥ ੬੭੬ ॥ ਇਤਿ ਸ੍ਰੀ ਦਸਮ ਸਕੰਧੇ ਮਹਾ ਪੁਰਾਣੇ ਸ੍ਰੀ ਕ੍ਰਿਸ਼ਨ ਜਨਮ ਮਹੋਤਸ੍ਵ ਤ੍ਰਿਤਿਯ ਧਜਾਯਃ ॥ ੩ ॥ ਚਉਪਈ ॥ ਬਿਧਿਵਤ ਨੰਦ

Scanned by CamScanner

ਜੂ ਬਿਧਿ ਸਭਿ ਕਰੇ ॥ ਪੁਤ੍ਰ ਬਧਾਈ ਸਭਿ ਦੁਖ ਹਰੇ ॥ ਬਹੁਤ ਭੇਟ ਲੈ ਮਥਰਾ ਆਏ ॥ ਧਰ ਭੇਟਾ ਨ੍ਰਿਪ ਸੀਸ ਝੁਕਾਏ ॥ ੧ ॥ ੪੪ ॥ ੬੭੭ ॥ ਚੌਪਈ ਨੰਦ ਬਾਚ ॥ ਪੁਤ੍ਰ ਭਜੋ ਹਮਰੇ ਮਹਾਰਾਜਾ ॥ ਸਕਾਰਥ ਕਰੋ ਹਮਾਰੇ ਕਾਜਾ ॥ ਕੰਸ ਭੇਟ ਲੈ ਬਿਦਾ ਕਰਾਏ ॥ ਤਬਹਿ ਨੰਦ ਬਸੁਦੇਵ ਪਹਿ ਆਹੇ ॥ ੨ ॥ ੪੫ ॥ ੬੭੯ ॥ ਚੌਪਈ ॥ ਪੁਤ੍ਰ ਹੋਨ ਕੀ ਦੀਨ ਬਧਾਈ ॥ ਬਸੁਦੇਵਹਿ ਸਭਿ ਕਹੀ ਬੁਝਾਈ ॥ ਬਸੁਦੇਵ ਬਾਚ ॥ ਕੰਸ ਉਤਪਤਿ ਨਗਰ ਮਹਿ ਸਾਰੇ ॥ ਗਾਉਂ ਗਾਉਂ ਕੇ ਬਾਰਕ ਮਾਰੇ ॥ ੩ ॥ ੪੬ ॥ ੬੭੯ ॥ ਚੌਪਈ ॥ ਬੇਗ ਜਾਹੁ ਤੁਮ ਅਪਨੇ ਧਾਮਾ ॥ ਸੁਤ ਅਪੁਨੇ ਸੇ ਰਹੁ ਸਾਵਧਾਨਾ ॥ ਤੱਤ ਛਿਨ ਬਿਦਾ ਹੋਇ ਘਰਿ ਆਏ ॥ ਚਿਤ ਚਿੰਤਾ ਬਹੁ ਭਾਂਤਿ ਕਰਾਏ ॥ ੪ ॥ ੪੭ ॥ ੬੮੦ ॥ ਇਤਿ ਸ੍ਰੀ ਦਸਮ ਸਕੰਧੇ ਮਹਾਂ ਪੁਰਾਣੇ ਕੰਸ ਭੇਟ ਦੈ ਨੰਦ ਗ੍ਰਿਹ ਆਏ ਚਤੁਰਥੋ ਧਜਾਯਃ ॥ ੪ ॥ ਕੰਸ ਬਾਚ ਦੋਹਰਾ ॥ ਕੰਸ ਪਠਾਈ ਪੂਤਨਾ ਜਦੁ ਕੁਲਿ ਬਾਲਕ ਘਾਤਿ ॥ ਕਰਹੁ ਜਾਇ ਮਮ ਕਾਜ ਕਉ ਸੁਨਿ ਪੂਤਨਾ ਮੁਰ ਬਾਤ ॥ ੧ ॥ ੪੮ ॥ ੬੮੧ ॥ ਦੋਹਰਾ ॥ ਹੋਇ ਪ੍ਰਸੰਨ ਤਦ ਪੂਤਨਾ ਕੰਸ ਚਲੀ ਸਿਰ ਨਾਇ ॥ ਕਰ ਸਿੰਗਾਰ ਬਨ ਠਨ ਬਿਬਿਧ ਗੋਕਲ ਪਹੁੰਚੀ ਆਇ ॥ ੨ ॥ ੪੯ ॥ ੬੮੨ ॥ ਪੂਤਨਾ ਬਾਚ ਚਉਪਈ ॥ ਚਿਰ ਜੀਵਹੁ ਤੁਮ ਪੂਤ ਕਨ੍ਹਾਈ ॥ ਮਨੁ ਮਹਿ ਕਪਟ ਕੁਚ ਬਿਸ ਲਪਟਾਈ ॥ ਦੀਨੁ ਗੋਦ ਸੁਤ ਜਸੁਮਤਿ ਮਾਈ ॥ ਪਾਪ ਪੂਤਨਾ ਰਹਜੋ ਉਰ ਛਾਈ ॥ ੩ ॥ ੫੦ ॥ ੬੮੩ ॥ ਚੌਪਈ ॥ ਬਿਹਸਿ ਕ੍ਰਿਸ਼ਨ ਤਿਨ ਕਪਟ ਬਿਚਾਰਾ ॥ ਪੈ ਪਾਨ ਹਿਤ ਲੀਯਸਿ ਮੁਰਾਰਾ ॥ ਅਸਥਨ ਮੁਖਿ ਹਰਿ ਮੇਲਜੋ ਜਬਹਿ ॥ ਕੀਨੁ ਕ੍ਰਿਤਾਰਥਿ ਪੂਤਨਾ ਤਬਹਿ ॥ ੪ ॥ ੫੧ ॥ ੬੮੪ ॥ ਚੌਪਈ ॥ ਦਸੋ ਬਾਯੁ ਤਿਸ ਹਰੇ ਪ੍ਰਾਨਾ ॥ ਜਨਨੀ ਗਤਿ ਤਿਸੁ ਦੀਨ ਭਗਵਾਨਾ

Scanned by CamScanner

॥ ਛਲ ਕਰਿ ਘਾਤ ਨਮਿਤਿ ਹਰਿ ਆਈ ॥ ਚਢਿ ਬੇਵਾਨ ਗਤਿ ਦੇਵਨ ਪਾਈ ॥ ੫ ॥ ੫੨ ॥ ੬੮੫ ॥ ਚੌਪਈ ॥ ਪ੍ਰਾਨ ਤਜਾਗ ਭੁਇਂ ਗਿਰਿ ਬਿਸੰਭਾਰਾ ॥ ਤਿਹ ਊਪਰ ਕ੍ਰਿਸ਼ਨ ਲੋਟਤ ਬਾਰਾ ॥ ਜਸੁਮਤਿ ਉਠਾਇ ਹਰਿ ਹਿਰਦੈ ਲਗਾਯੋ ॥ ਮਾਨਹੁ ਪੁਤ੍ਰ ਬਹੁਰ ਜਨਮਾਯੋ ॥ ੬ ॥ ੫੩ ॥ ੬੮੬ ॥ ਦੋਹਰਾ ॥ ਨੰਦ ਆਏ ਮਥਰਾ ਹੂੰ ਤੇ ਦੇਖਤਿ ਭਏ ਉਤਪਾਤੁ ॥ ਗੋਪ ਸਕਲ ਕਹਿਨੇ ਲਗੇ ਕ੍ਰਿਸ਼ਨ ਪੂਤਨਾ ਬਾਤ ॥ ੭ ॥ ੫੪ ॥ ੬੮੭ ॥ ਚੌਪਈ ॥ ਬ੍ਰਿਜ ਵਾਸੀ ਜਰਾਵਤਿ ਭਏ ॥ ਤਹਿ ਸੁਗੰਧ ਦਹਿ ਦਿਸ ਪ੍ਰਗਟਾਏ ॥ ਪ੍ਰੀਖਿਛ੍ਤ ਬਾਚ ॥ ਪੂਛਿਤ ਪ੍ਰੀਖਿਛ੍ਤ ਸ੍ਰੀ ਸੁਕਦੇਵ ॥ ਰਾਖਛਸੀ ਕੋ ਸਭਿ ਭਾਖਹੁ ਭੇਵ ॥ ੮ ॥ ੫੫ ॥ ੬੮੮ ॥ ਸ੍ਰੀ ਸੁਕੋਵਾਚ ਦੋਹਰਾ ॥ ਜਾਂ ਕਾ ਪਯ ਹਰਿ ਪਾਨੁ ਕਰਿ ਪਾਵਨ ਭਈ ਸੁ ਨਾਰਿ ॥ ਦੇਵਨ ਗਤਿ ਪਾਵਤਿ ਭਈ ਯਾ ਮਹਿ ਕਹਾਂ ਬਿਚਾਰ ॥ ੯ ॥ ੫੬ ॥ ੬੮੯ ॥ ਇਤਿ ਸ੍ਰੀ ਦਸਮ ਸਕੰਧੇ ਮਹਾਂ ਪੁਰਾਣੇ ਪੂਤਨਾ ਬਧ ਪੰਚਮੋ ਧਜਾਯਃ ॥ ੫ ॥ ਦੋਹਰਾ ॥ ਦਿਵਸ ਸਤਾਈਸਵੇਂ ਬਿਖੈ ਉਤਸਵ ਨੰਦ ਹਰਿ ਕੀਨ ॥ ਬਿਪ੍ਰ ਕੁਟੰਬੀ ਨਿਵਤ ਕਰ ਭੋਜਨ ਦਾਨ ਬਹੁ ਦੀਨ ॥ ੧ ॥ ੫੭ ॥ ੬੯੦ ॥ ਦੋਹਰਾ ॥ ਰਾਖਛਸ ਨਭ ਮਗ ਜਾਤ ਥੋ ਕ੍ਰਿਸ਼ਨ ਦੇਖ ਭੈ ਪਾਇ ॥ ਸਕ੍ਰ ਮਾਹਿ ਪ੍ਰਵੇਸ਼ ਕਰ ਘਾਤ ਕਰਨ ਹਰਿ ਚਾਹਿ ॥ ੨ ॥ ੫੮ ॥ ੬੯੧ ॥ ਦੋਹਰਾ ॥ ਤਬਹਿ ਕ੍ਰਿਸ਼ਨ ਪਗ ਅੰਗੁਸ੍ਠ ਤੇ ਨਾਸ ਕਰਜੋ ਸੋ ਦੂਤ ॥ ਸਕਟ ਭੰਜ ਹਰਿ ਜੀ ਕਰਾ ਪਯ ਦਧਿ ਭਾਂਜਨ ਫੂਟ ॥ ੩ ॥ ੫੯ ॥ ੬੯੨ ॥ ਚੌਪਈ ॥ ਜਸੁਧਾ ਧਾਇ ਕ੍ਰਿਸਨ ਗਲ ਲਾਯੋ ॥ ਭਾਂਤਿ ਭਾਂਤਿ ਕੋ ਕਰਜੋ ਬਧਾਯੋ ॥ ਆਜ ਬਿਧਾਤਾ ਸੁਤ ਮੁਝ ਦੀਨਾ ॥ ਮਾਨਹੁ ਬਾਰ ਜਨਮ ਫਿਰ ਲੀਨਾ ॥ ੪ ॥ ੬੦ ॥

Scanned by CamScanner

੬੯੩ ॥ ਦੋਹਰਾ ॥ ਪੂਤਨਾ ਮ੍ਰਿਤੁ ਸੁਨਿ ਕੰਸ ਨ੍ਰਿਪ ਪਠਯੋ ਤ੍ਰਿਨਾਵਰਤ ਦੂਤ ॥ ਮਾਰਹੁ ਜਾਇ ਤੁਮ ਬੇਗ ਹੀ ਨੰਦ ਮਹਰ ਕੋ ਪੂਤ ॥ ੫ ॥ ੬੧ ॥ ੬੯੪ ॥ ਚੌਪਈ ॥ ਤ੍ਰਿਨਾਵਰਤ ਗੋਕਲ ਜਬਿ ਆਯੋ ॥ ਆਂਧੀ ਉਠੀ ਬ੍ਰਿਜ ਜਨ ਦੁਖ ਪਾਯੋ ॥ ਕ੍ਰਿਸ਼ਨ ਉਡਾਇ ਲੇ ਗਯੋ ਅਕਾਸ਼ਾ ॥ ਨੰਦ ਜਸੋਮਤਿ ਭਏ ਨਿਰਾਸ਼ਾ ॥ ੬ ॥ ੬੨ ॥ ੬੯੫ ॥ ਦਿਨ ਕਹੁ ਰਜਨੀ ਪ੍ਰਗਟ ਭਈ ॥ ਬ੍ਰਿਜ ਜਨਿ ਕ੍ਰਿਸ਼ਨ ਗੁਹਰਾਵਨਿ ਪਈ ॥ ਆਕੁਲ ਨੰਦ ਨਿਰਖੇ ਹਰਿ ਜਬਹਿ ॥ ਅਸੁਰ ਸੰਘਾਰੇ ਪੇਖਤਿ ਸਭਹਿ ॥ ਤਹਿ ਊਪਰਿ ਹਰਿ ਕ੍ਰੀੜਾ ਕਰਤ ॥ ਜਸੁਧਾ ਧਾਇ ਅੰਕ ਲੈ ਭਰਤ ॥ ੭ ॥ ੬੩ ॥ ੬੯੬ ॥ ਇਤਿ ਸ੍ਰੀ ਦਸਮ ਸਕੰਧੇ ਮਹਾਂ ਪੁਰਾਣੇ ਸੰਕਟ ਭੰਜਨੋ ਤ੍ਰਿਣਾਵਰਤ ਬਧੋ ਖਸ਼ਮ ਧਜਾਯਃ ॥ ੬ ॥ ਦੋਹਰਾ ॥ ਬਸੁਦੇਵ ਪਠਾਏ ਗਰਗ ਮੁਨਿ ਨੰਦ ਧਾਮ ਮੁਨਿ ਜਾਇ ॥ ਰੋਹਨੀ ਸੁਤ ਅਰੁ ਨੰਦ ਸੁਤ ਤਿਨ ਕੇ ਨਾਮ ਧਰਾਇ ॥ ੧ ॥ ੬੪ ॥ ੬੯੭ ॥ ਚੌਪਈ ॥ ਸੁਨਿ ਪ੍ਰਸੰਨ ਮੁਨਿ ਚਲੇ ਤਹਾਂ ਹੀ ॥ ਬ੍ਰਿਜ ਮੰਡਲ ਹਰਿ ਬਸਤਿ ਜਹਾਂ ਹੀ ॥ ਨੰਦ ਅਗੁਵਾਨੀ ਹ੍ਵੈ ਲੈ ਗਏ ॥ ਪਾਦ ਅਰਘ ਮੁਨਿ ਪੂਜਾ ਠਏ ॥ ੨ ॥ ੬੫ ॥ ੬੯੮ ॥ ਚੌਪਈ ॥ ਕੰਸ ਤ੍ਰਾਸੁ ਮੁਨਿ ਬ੍ਰਿਧ ਸਹਿਜ ॥ ਕੀਨ ਨਾਮ ਕਰਨ ਸਿਸੁਨ ਹ੍ਵੈ ਗੁਹਜ ॥ ਗਰਗ ਬਾਚ ॥ ਸਿਸੁ ਕੇ ਲਛਣ ਕਹ ਦੀਨੇ ॥ ਪੁਰਖ ਪੁਰਾਤਨਿ ਤ੍ਵ ਸੁਤ ਚੀਨੇ ॥ ੩ ॥ ੬੬ ॥ ੬੯੯ ॥ ਚੌਪਈ ॥ ਬਲਦਾਊ ਅਰੁ ਕ੍ਰਿਸ਼ਨ ਨਾਮ ਧਰਿ ॥ ਹੋਇ ਬਿਦਾ ਮੁਨਿ ਪਧਰੇ ਨਿਜ ਘਰਿ ॥ ਬਰਖ ਬੈਸ ਕੇ ਭਏ ਕਨ੍ਹਾਈ ॥ ਖੇਡਾਵਤਿ ਤਿਨ ਜਸੁਧਾ ਮਾਈ ॥ ੪ ॥ ੬੭ ॥ ੭੦੦ ॥ ਚੌਪਈ ॥ ਰੀਡੇ ਤੈਤੀ ਝੁਨਿ ਝੁਨਿ ਹਾਥ ॥ ਆਂਗਨ ਮਹਿ ਬਿਚਰੇ ਜਦੁਨਾਥ ॥ ਘੁਟਨੋ ਚਲੈ ਤੋਤਲੀ ਬੋਲੈ ॥ ਸੁਤ ਸੰਗ ਜਸੁਧਾ ਰੋਹਨੀ ਡੋਲੈ ॥ ੫ ॥ ੬੮ ॥ ੭੦੧ ॥ ਚੌਪਈ ॥ ਜੁਗ ਭਈਅਨਿ ਸਿਸੁ

Scanned by CamScanner

ਕਉਤਕ ਕਰੈ ॥ ਰੋਹਨੀ ਜਸੁਧਾ ਪਾਛੈ ਫਿਰੈ ॥ ਜਬਹਿ ਕ੍ਰਿਸਨ ਪੰਚ ਬਰਖ ਕੋ ਭਏ ॥ ਦਧਿ ਚੋਰੀ ਹਿਤੁ ਗੋਪੀ ਗ੍ਰਿਹ ਗਏ ॥ ੬ ॥ ੬੯ ॥ ੨੦੨ ॥ ਚੌਪਈ ॥ ਸੂਨ ਸਦਨ ਮਹਿ ਪੈਠੇ ਹਰੀ ॥ ਚਢਿ ਕਾਂਧਨ ਲਗਾਇ ਉਖਰੀ ॥ ਪਯ ਦਧਿ ਖਾਵਤਿ ਅਉਰ ਖਵਾਵਹਿੰ ॥ ਗੁਆਰ ਬਾਰ ਤੇ ਦੁਧਹਿ ਲੁਟਾਵਹਿੰ ॥ ੭ ॥ ੭੦ ॥ ੨੦੩ ॥ ਦੋਹਰਾ ॥ ਇਕ ਦਿਨ ਗੋਪਿਨ ਕ੍ਰਿਸ਼ਨ ਕਹ ਪਕੜੁ ਚਹਿਤ ਨਿਜ ਗ੍ਰਿਹ ॥ ਕ੍ਰਿਸ਼ਨ ਨ ਪਕੜ ਸਕੀ ਤੇਈ ਅਨਿ ਸਿਸੁ ਪਕੜੇ ਤੇਹ ॥ ੮ ॥ ੭੧ ॥ ੨੦੪ ॥ ਗੋਪੀ ਬਾਚ ਦੋਹਰਾ ॥ ਦੇਤਿ ਉਰਾਹਨੁ ਗੋਪੀਆਂ ਜਸੁਧਾ ਢਿਗ ਕਹਿ ਬੈਨ ॥ ਪੂਤ ਤਿਹਾਰੋ ਪ੍ਰਤਿ ਦਿਵਸ ਕਰਤ ਉਪਾਧਿਹ ਭੈਨ ॥ ੯ ॥ ੭੨ ॥ ੨੦੫ ॥ ਜਸੁਧਾ ਬਾਚ ਚੌਪਈ ॥ ਜਸੁਧਾ ਕਹੈ ਸੁਨਹੁ ਬ੍ਰਿਜ ਨਾਰੀ ॥ ਸੁਤ ਕਾਂਕੋ ਤੁਮ ਧਰੇ ਗਵਾਰੀ ॥ ਕ੍ਰਿਸ਼ਨ ਹਮਾਰੋ ਕਹੂੰ ਨ ਜਾਵਤੁ ॥ ਬ੍ਰਿਥਾ ਦੋਸ ਤੁਮ ਕ੍ਰਿਸ਼ਨ ਲਗਾਵਤੁ ॥ ਲੱਜਿਤ ਹ੍ਵੈ ਤੇ ਸਦਨ ਸਿਧਾਈ ॥ ਵਰਜਤਿ ਕ੍ਰਿਸ਼ਨ ਜਸੋਧਾ ਮਾਈ ॥ ੧੦ ॥ ੭੩ ॥ ੨੦੬ ॥ ਕਾਨ ਬਾਚ ਦੋਹਰਾ ॥ ਕ੍ਰਿਸ਼ਨ ਕਹੇ ਝੂਠੀ ਸਖੀ ਮੋ ਪਹਿ ਕਰਾਵਤਿ ਕਾਜ ॥ ਅਬਿ ਆਇ ਕਰ ਦੇਤ ਹੈਂ ਤੁਮ ਉਰਾਹਨੁ ਨਿਰਲਾਜ ॥ ੧੧ ॥ ੭੪ ॥ ੨੦੭ ॥ ਚੌਪਈ ॥ ਕ੍ਰਿਸ਼ਨ ਸਖਾ ਸੰਗ ਖੇਡਤ ਹੁਤੇ ॥ ਮਾਟੀ ਖਾਵਹਿੰ ਤ੍ਰਿਭਵਨ ਪਤੇ ॥ ਸਿਸੁ ਬਾਚ ॥ ਜਸੁਧਾ ਢਿਗ ਇਕ ਕਹਜੋ ਜਨਾਈ ॥ ਮਾਟੀ ਖਾਵਹਿ ਕਾਨ੍ਹ ਦੁਰਾਈ ॥ ੧੨ ॥ ੭੫ ॥ ੨੦੮ ॥ ਚੌਪਈ ॥ ਲੈ ਲਕੁਟੀ ਜਸੁਧਾ ਚਲਿ ਆਈ ॥ ਡਰਪੇ ਹੀਯ ਕ੍ਰਿਸ਼ਨ ਪਿਖਿ ਮਾਈ ॥ ਜਸੁਧਾ ਬਾਚ ॥ ਕਹਤਿ ਜਸੋਂਧਾ ਤੈਂ ਮਾਟੀ ਖਾਈ ॥ ਮੁਖ ਦਿਖਰਾਵਹੁ ਕੁਅਰ ਕਨ੍ਹਾਈ ॥ ੧੩ ॥ ੭੬ ॥ ੨੦੯ ॥ ਕਾਨ੍ਹ ਬਾਚ ਚੌਪਈ ॥ ਮਾਨੁਖ ਨਾਹਨਿ ਮ੍ਰਿਤਕਾ ਭਛਾਈ ॥ ਬਿਰਥਾ ਕਹੁ ਤੁਮਹਿ ਸੁਨਾਈ ॥ ਜਸੁਧਾ ਵਾਚ

Scanned by CamScanner

॥ ਦੇਹੁ ਦਿਖਾਇ ਬਦਨ ਤੈਂ ਅਬਹਿ ॥ ਹੁਇ ਪਤਜਾਰੁ ਦੇਖਹੁੰ ਮੁਖਿ ਜਬਹਿ ॥ ॥ ੧੪ ॥ ੭੭ ॥ ੭੧੦ ॥ ਚੌਪਈ ॥ ਬਦਨ ਪਸਾਰ ਕ੍ਰਿਸ਼ਨ ਦਿਖਰਾਏ ॥ ਚਉਦਹ ਭਵਨ ਮੁਖ ਮਹਿ ਦਰਸਾਏ ॥ ਜਸੁਧਾ ਗਜਾਨ ਉਪਜਿ ਹੀਯ ਮਾਹੀ ॥ ਯਹਿ ਤੋ ਈਸ਼੍ਵਰ ਹੈ ਜਗ ਨਾਹੀ ॥ ਮਾਯਾ ਕ੍ਰਿਸ਼ਨ ਕਰਿ ਮੋਹਿਤਿ ਭਈ ॥ ਕੰਠਿ ਲਗਾਇ ਧਾਮ ਲੈ ਗਈ ॥ ੧੫ ॥ ੭੮ ॥ ੭੧੧ ॥ ਇਤਿ ਸ੍ਰੀ ਦਸਮ ਸਕੰਧੇ ਮਹਾਂ ਪੁਰਾਣੇ ਬਿਸ੍ਵ ਦਰਸ਼ਨੋ ਸਪਤਮੋ ਧਜਾਯਃ ॥ ੭ ॥ ਦੋਹਰਾ ॥ ਇਕ ਦਿਨ ਦਹੀ ਬਿਲੋਵਤੀ ਜਸੁਧਾ ਅਉ ਬ੍ਰਿਜ ਨਾਰਿ ॥ ਰਾਮ ਕ੍ਰਿਸ਼ਨ ਹਿਤ ਕਾਢਤੀ ਨਵੁਨੀਤਹ ਕਰਿ ਪਿਆਰ ॥ ੧ ॥ ੭੯ ॥ ੭੧੨ ॥ ਦੋਹਰਾ ॥ ਨਿੰਦ੍ਰ ਤੇ ਤਦਿ ਹਰਿ ਉਠੇ ਟੇਰਤ ਜਸੁਧਾ ਮਾਇ ॥ ਬਿਲਵਨ ਮੋ ਉਰਝੀ ਸਕਲ ਹਰਿ ਜਿਯਾ ਉਠੇ ਰਿਸਾਇ ॥ ੨ ॥ ੮੦ ॥ ੭੧੩ ॥ ਚੌਪਈ ॥ ਮਾਖਨ ਬਹੁਤ ਬਿਗਾੜੇ ਕਾਨ੍ਹ ॥ ਪਯ ਦਧਿ ਭਾਂਜਨ ਤੋੜੇ ਜਾਨੁ ॥ ਜਸੁਧਾ ਖੀਝੀ ਹਰਿ ਕੀ ਮਾਇ ॥ ਕਵਨ ਚਾਲ ਥਾਰੀ ਹਰਿ ਰਾਇ ॥ ੩ ॥ ੮੧ ॥ ੭੧੪ ॥ ਦੋਹਰਾ ॥ ਮਚਲ ਪਰੇ ਹਰਿ ਰੋਵ ਹੀ ਅਚਰ ਗਹੇ ਗੋਪਾਲ ॥ ਜਸੁਧਾ ਮੁਖ ਹਰਿ ਚਮੂ ਹੀ ਕਰਤਿ ਨਿਹੋਰੋ ਲਾਲ ॥ ੪ ॥ ੮੨ ॥ ੭੧੫ ॥ ਚੌਪਈ ॥ ਮਾਖਨ ਰੋਟੀ ਹਰਿਹਿ ਖਟਾਏ ॥ ਹੇਤ ਸੋ ਬਹੁਤੇ ਕਾਨ੍ਹ ਲਡਾਏ ॥ ਸਖੀ ਏਕ ਇਮ ਬੈਨ ਸੁਨਾਏ ॥ ਪਯ ਕੜਾਹ ਕੋ ਉਬਲ ਗਿਰਾਏ ॥ ੫ ॥ ੮੩ ॥ ੭੧੬ ॥ ਚੌਪਈ ॥ ਜਸੁਮਤਿ ਸੀਘ੍ਰ ਤਹਿ ਚਲ ਜਾਇ ॥ ਕ੍ਰਿਸ਼ਨ ਬਾਲ ਮਿਲਿ ਮਾਖਨ ਖਾਇ ॥ ਜਸੁਧਾ ਚੂੰਗਨ ਮੋ ਜਦ ਆਈ ॥ ਮਹੀ ਦਹੀ ਸਭਿ ਕਾਨ ਗਵਾਈ ॥ ੬ ॥ ੮੪ ॥ ੭੧੭ ॥ ਛਟੀਯਾ ਲੇ ਹਰਿ ਤਾੜਨ ਧਾਈ ॥ ਕ੍ਰਿਸ਼ਨ ਕਹੈ ਹਮ ਨਾਹਿਨ ਰਾਈ ॥ ਊਖਲ ਸੰਗ ਕ੍ਰਿਸ਼ਨ ਲੈ ਬਾਧਾ ॥ ਘਟਤ ਜਾਤ ਰਜੁ ਜੇਤਿਕ ਸਾਂਧਾ ॥ ਹਰਿ

Scanned by CamScanner

ਆਪਹਿ ਬੰਧੇ ਦਯਾਲਾ ॥ ਜਨਨੀ ਬਿਕਲ ਦੇਖਿ ਨੰਦ ਲਾਲਾ ॥ ੭ ॥ ੮੫ ॥ ੭੧੮ ॥ ਇਤਿ ਸ੍ਰੀ ਸਕੰਧੇ ਮਹਾਂ ਪੁਰਾਣੇ ਦਾਮ ਬੰਧਨੋ ਅਸ਼ਟਮੋ ਧਜਾਯਃ ॥ ੮ ॥ ਦੋਹਰਾ ॥ ਕ੍ਰਿਸ਼ਨ ਉਲੂਖਨ ਦਾਮ ਮਹਿ ਨਲ ਕੂਬ੍ਹਰ ਕੋ ਸ੍ਰਾਪ ॥ ਚਿੰਤਾ ਕਰ ਤਹਿ ਸਮਯ ਹਰਿ ਕਰਹੁੰ ਮੋਖ ਹਰਿ ਤਾਪ ॥ ੧ ॥ ੮੬ ॥ ੭੧੯ ॥ ਪ੍ਰੀਖਿਛਤ ਬਾਚ ਚੌਪਈ ॥ ਨਾਰਦ ਕਿਹ ਬਿਧ ਦੀਨ ਸ੍ਰਾਪਾ ॥ ਕਹੋ ਕ੍ਰਿਪਾ ਕਰ ਜੱਛਨ ਤਾਪਾ ॥ ਸ੍ਰੀ ਸੁਕੋ ਬਾਚ ॥ ਸੁਰਸੁਰਿ ਨ੍ਹਾਵਨ ਗਏ ਦੋਊ ਬੀਰਾ ॥ ਸੰਗ ਸਹੇਲੀ ਰੂਪ ਗਹੀਰਾ ॥ ॥ ੨ ॥ ੮੭ ॥ ੭੨੦ ॥ ਮਦ ਪੀ ਪੀ ਜਲ ਕ੍ਰੀੜਾ ਕਰਤ ॥ ਨਗਨ ਨਾਰ ਨਰ ਅੰਕਨ ਭਰਤਿ ॥ ਤਿਹ ਅਉਸਰ ਮੁਨਿ ਪਧਰੇ ਜਾਇ ॥ ਯੁਵਤੀ ਪਹਿਰੇ ਬਸਨ ਲਜਾਇ ॥ ੩ ॥ ੮੮ ॥ ੭੨੧ ॥ ਨਲ ਕੂਬਰ ਇਹ ਨਾਂਗਹ ਠਾਂਢੇ ॥ ਦੀਨ ਸ੍ਰਾਪ ਮੁਨਿਵਰ ਤਿਹਿ ਗਾਢੇ ॥ ਤਰੁ ਹੋਵਹੁ ਤੁਮ ਗੋਕਲ ਮਾਹਿ ॥ ਕ੍ਰਿਸਨ ਉਧਾਰਹਿ ਤੁਮਹਿ ਤਹਾਹਿ ॥ ੪ ॥ ੮੯ ॥ ੭੨੨ ॥ ਜਮਲਾਰਜੁਨ ਰੂਪ ਸੋ ਭਜੋ ॥ ਘੀਸਤ ਉਲੂਖਲ ਕ੍ਰਿਸਨ ਤਹਿ ਗਯੋ ॥ ਉਲੂਖਲ ਦਗੇ ਮਹਿ ਹਰਿ ਡਾਰਾ ॥ ਦੋਊ ਤਰੁਵਰ ਤਬ ਗਿਰੇ ਬਿਕ੍ਰਾਰਾ ॥ ੫ ॥ ੯੦ ॥ ੭੨੩ ॥ ਚੌਪਈ ॥ ਸੁੰਦਰ ਦੋਇ ਪੁਰਸ਼ ਦਰਸਾਏ ॥ ਬਿਨਯ ਕੀਨਿ ਹਰਿ ਪਗ ਲਪਟਾਏ ॥ ਬਹੁਤ ਭਾਂਤਿ ਹਰਿ ਉਸਤੁਤਿ ਕੀਨਾ ॥ ਬਰ ਮਾਂਗੋ ਬਚ ਕਹਿ ਪ੍ਰਬੀਨਾ ॥ ੬ ॥ ੯੧ ॥ ੭੨੪ ॥ ਨਲ ਕੂਬਰ ਬਾਚ ਚੌਪਈ ॥ ਬੋਲੇ ਨਲ ਕੂਬਰ ਕਰ ਜੋਰੇ ॥ ਭਕਤ ਦਾਨ ਦੀਜੈ ਪ੍ਰਭੁ ਮੋਰੇ ॥ ਬਿਹਸਿ ਕ੍ਰਿਸ਼ਨ ਤਿਨ ਪੂਰੀ ਆਸਾ ॥ ਸੁਰ ਪੁਰਿ ਗਉਨੇ ਮਿਟੇ ਸ੍ਰਾਪਾ ॥ ੭ ॥ ੯੨ ॥ ੭੨੫ ॥ ਇਤਿ ਸ੍ਰੀ ਦਸਮ ਸਕੰਧੇ ਮਹਾ ਪੁਰਾਣੇ ਜਮਲਾਰਜੁਨ ਮੋਖਛੋ ਨਾਮ ਨਵਮੋਂ ਧਜਾਯਃ ॥ ੯ ॥ ਚੌਪਈ ॥ ਤਰੁਵਰ ਸ਼ਬਦ ਭਯੰਕਰ ਭਾਰੀ ॥ ਸੋ ਸੁਨਿ ਧਾਈ ਹਰਿ ਮਹਿਤਾਰੀ ॥ ਜਹਾਂ

Scanned by CamScanner

ਉਲੂਖਲ ਨੋ ਗਈ ਬਾਂਧ ॥ ਤਹਾਂ ਨ ਪਾਏ ਮੋਹਨ ਸਾਧ ॥ ੧ ॥ ੯੩ ॥ ੭੨੬ ॥ ਚੌਪਈ ॥ ਯੁਵਤੀ ਸਭੀ ਪੁਕਾਰਤਿ ਕਾਨ੍ਹ ॥ ਕਿਤਹ ਗਏ ਹਰਿ ਮੋਹਨ ਪ੍ਰਾਨ ॥ ਦੇਖਿ ਜਸੋਧਾ ਉਲੂਖਲ ਦਾਮ ॥ ਸਕੁਚਿ ਅੰਗ ਬੈਠੇ ਘਨ ਸ਼ਜਾਮ ॥ ਗੋਦ ਉਠਾਇ ਸਦਨ ਲੈ ਆਈ ॥ ਨੰਦ ਉਪਨੰਦ ਬਿਸਮੈ ਲੋਗਾਈ ॥ ੨ ॥ ੯੪ ॥ ੭੨੭ ॥ ਦੋਹਰਾ ॥ ਜਨਮ ਦਿਵਸ ਸ੍ਰੀ ਕ੍ਰਿਸ਼ਨ ਕੋ ਬਰਸ ਗਾਂਠ ਕਰਯੋ ਰਾਇ ॥ ਦਿਜਨ ਦਾਨ ਦੈ ਬਿਦਾ ਕਰਿ ਬਹੁਰ ਕੁਟੰਬ ਜਿਵਾਇ ॥ ੩ ॥ ੯੫ ॥ ੭੨੯ ॥ ਨੰਦ ਬਾਚ ਚੌਪਈ ॥ ਨੰਦ ਕਹਜੋ ਨਿਤ ਹੋਤ ਉਤਪਾਤਾ ॥ ਗੋਕਲ ਛਾਡਹਿ ਤਬਿ ਕੁਸਲਾਤਾ ॥ ਜਲ ਤ੍ਰਿਣ ਘਨੋ ਜਹਾਂ ਤਹਿੰ ਬਸਹਿੰ ॥ ਬਿੰਦ੍ਰਾਬਨ ਅਸਥਲ ਬਹੁ ਰਸਹਿ ॥ ਸੁਧਾਇ ਮਹੂਰਤਿ ਜਾਤ੍ਰਾ ਕੀਨ ॥ ਗੋਪਿ ਗ੍ਵਾਰ ਜੁਤਿ ਮਹਰ ਪ੍ਰਬੀਨ ॥ ੪ ॥ ੯੬ ॥ ੭੨੯ ॥ ਦੋਹਰਾ ॥ ਬਸ ਹਰਸ ਕਰ ਨੰਦ ਜੂ ਬਿੰਦ੍ਰਾਬਨਿ ਜੁਤ ਗੋਪ ॥ ਤਬ ਕ੍ਰਿਸ਼ਨ ਪੰਚ ਬਰਖ ਕੋ ਹੋਤ ਭਜੋ ਸੁਖ ਓਪ ॥ ੫ ॥ ੯੭ ॥ ੭੩੦ ॥ ਕ੍ਰਿਸ਼ਨ ਜੂ ਬਾਚ ॥ ਕ੍ਰਿਸ਼ਨ ਕਹੇ ਮਣੀਯਾ ਸੁਨਹੁ ਹਮਹੂੰ ਬਨ ਕਹ ਜਾਇ ॥ ਬੱਛ ਚਰਾਵਹੁੰ ਬਾਲ ਸੰਗ ਖੇਡਹਿੰ ਰੁਚਿ ਉਪਜਾਇ ॥ ੬ ॥ ੯੮ ॥ ੭੩੧ ॥ ਦੋਹਰਾ ॥ ਗ੍ਵਾਲ ਬਾਲ ਅਰੁ ਭ੍ਰਿਤਨ ਕਹ ਸਉਪਿ ਕ੍ਰਿਸ਼ਨ ਬਲਰਾਮ ॥ ਜਸੁਧਾ ਬਾਚ ॥ ਨਿਕਟਹਿ ਬਛ ਚਰਾਯਹੁ ਸੀਘ੍ਰ ਲਜੈਜਹੁੰ ਧਾਮ ॥ ੭ ॥ ੯੯ ॥ ੭੩੨ ॥ ਚੌਪਈ ॥ ਕੰਸ ਪਠਜੋ ਬ੍ਰਿਖਭਾਸੁਰ ਤਾਈ ॥ ਕਪਟ ਰੂਪ ਕਰਿ ਬੱਛ ਮਿਲਾਈ ॥ ਕ੍ਰਿਸ਼ਨ ਰਾਮ ਕਹੁ ਕਹਾਂ ਬਖਾਨੁ ॥ ਯਾ ਹੀ ਕਉ ਬ੍ਰਿਖ ਭਾਸੁਰ ਜਾਨ ॥ ੮ ॥ ੧੦੦ ॥ ੭੩੩ ॥ ਚੌਪਈ ॥ ਪਗਨ ਪਕੜ ਪੁਹਮਿ ਦੈ ਪਟਕੋ ॥ ਮਰ ਗੋ ਪ੍ਰਾਨ ਦੇਹ ਤੇ ਸਟਕੋ ॥ ਨਿਧਨ ਬ੍ਰਿਖਭਾਸੁਰ ਕਉ ਸੁਨਿ ਕੰਸ ॥ ਪਠਜੋ ਬਕਾਸੁਰ ਕ੍ਰਿਸਨ ਬਿਧ੍ਵੰਸ॥ ੯ ॥ ੧੦੧ ॥ ੭੩੪ ॥

Scanned by CamScanner

ਜਮੁਨਾ ਕੂਲ ਘਾਤ ਹਿਤ ਬੈਠੋ ॥ ਸਿਸੁ ਪਿਖ ਆਕਰ ਕਹਿਤਿ ਇਕੈਠੋ ॥ ਸਿਸੁਨ ਬਾਚ ॥ ਯਾ ਰਾਖਛਸ ਸੇ ਮੁਝਹਿ ਬਚਾਵਉ ॥ ਜਾ ਕਾਰਜ ਮੋ ਗਹਰ ਨਾ ਲਾਵਉ ॥ ॥ ੧੦ ॥ ੧੦੨ ॥ ੭੩੫ ॥ ਚੌਪਈ ॥ ਕ੍ਰਿਸ਼ਨ ਨਿਕਟ ਲਖ ਚੁੰਚ ਪਸਾਰਾ ॥ ਨੀਲ ਗਜੋ ਬਕ ਨੰਦ ਕੁਮਾਰਾ ॥ ਰੋਵਤਿ ਗ੍ਵਾਲ ਬਾਲ ਤਿਹ ਕਾਲਾ ॥ ਬੜਵਾਨਲ ਪ੍ਰਗਟਜੋ ਬਕ ਸਾਲਾ ॥ ਕਰਯੋ ਛਰਦ ਕ੍ਰਿਸ਼ਨ ਕੋ ਸੋਇ ॥ ਚੁੰਚ ਚੀਰ ਹਰਿ ਘਾਜੋ ਉਇ ॥ ੧੧ ॥ ੧੦੩ ॥ ੭੩੬ ॥ ਇਤਿ ਸ੍ਰੀ ਦਸਮ ਸਕੰਧੇ ਮਹਾਂਪੁਰਾਣੇ ਬਛ੍ਰਾਸੁਰ ਬਕਾਸੁਰ ਬਧ ਦਸਮੋ ਧਜਾਯਃ ॥ ੧੦ ॥ ਦੋਹਰਾ ॥ ਸਦਨ ਆਇ ਹਰਿ ਅਸੁਰ ਖਯ ਭੋਰ ਕਰਯੋ ਬਨ ਗਉਨ ॥ ਬਨ ਫੂਲਨ ਕੁ ਆਭਰਨ ਪਹਿਰਤ ਸਿਸੁ ਜੁਤ ਤਉਨ ॥ ੧ ॥ ੧੦੪ ॥ ੭੩੭ ॥ ਦੋਹਰਾ ॥ ਗੇਰੂ ਕਰ ਚਿਤ੍ਰਿਤ ਅੰਗ ਸਿਸੁ ਅਤਿ ਛਬਿ ਜਸੁਧਾ ਨੰਦ ॥ ਖਗ ਮ੍ਰਿਗ ਕਹ ਭਾਖਾ ਬਦਤਿ ਨਾਚਤਿ ਗਾਵਤਿ ਬ੍ਰਿੰਦ ॥ ੨ ॥ ੧੦੫ ॥ ੭੩੮ ॥ ਦੋਹਰਾ ॥ ਕੰਸ ਪਠਾਜੋ ਅਘਸੁਰਹਿ ਪੰਨਗ ਹ੍ਵੈ ਮਗ ਬੀਚ ॥ ਸਿਸੁ ਪੈਠੇ ਤਿਸ ਬਦਨ ਮਹਿ ਗੁਹਾਂ ਜਾਨਿ ਮੁਖ ਨੀਚ ॥ ੩ ॥ ੧੦੬ ॥ ੭੩੯ ॥ ਦੋਹਰਾ ॥ ਸ੍ਵਾਸ ਸੰਗ ਖੀਚਜੋ ਅਸੁਰ ਕ੍ਰਿਸ਼ਨ ਜੁਤ ਬਛਰੁ ਬਾਲ ॥ ਮੂੰਦ ਲੀਯੋ ਮੁਖ ਹਰਖ ਕਰਿ ਕੰਸ ਪਠੋ ਜੋ ਬਯਾਲ ॥ ੪ ॥ ੧੦੭ ॥ ੭੪੦ ॥ ਦੋਹਰਾ ॥ ਕ੍ਰਿਸ਼ਨ ਬ੍ਰਿਧ ਤਨ ਕੀਨੁ ਤਬ ਉਦਰ ਭੇਦ ਚਲ ਆਵ ॥ ਦੇਵ ਪੁਹਪ ਅੰਮ੍ਰਿਤ ਤਬਹਿ ਬਰਸਤਿ ਕਰਤਿ ਬੁਧਾਵ ॥ ੫ ॥ ੧੦੮ ॥ ੭੪੧ ॥ ਇਤਿ ਸ੍ਰੀ ਦਸਮ ਸਕੰਧੇ ਮਹਾਂਪੁਰਾਣੇ ਅਘਾਸੁਰ ਬਧੋ ਗਿਆਰਵੋਂ ਧਜਾਯਃ ॥ ੧੧ ॥ ਚੌਪਈ ॥ ਮਾਰ ਅਘਾਸੁਰ ਜਮੁਨਾ ਕੂਲ ॥ ਗ੍ਵਾਲ ਬਾਲ ਯੁਤ ਕ੍ਰਿਸ਼ਨ ਸੁਖ ਮੂਲ ॥ ਬ੍ਰਿਛ ਹੇ ਠ ਬਹੁ ਛਾਯ ਤਕਾਇ ॥ ਸਭ ਹੀ ਕ੍ਰਿਸ਼ਨ ਸਰਾਹਤਿ ਜਾਇ ॥ ੧ ॥ ੧੦੯ ॥ ੭੪੨ ॥ ਚੌਪਈ

Scanned by CamScanner

॥ ਸੁਛਬਿ ਮਨੋਹਰ ਸੁੰਦਰ ਸ਼ਯਾਮ ॥ ਖਾਇ ਖਵਾਵਹ ਚਾਖ ਘਨ ਸ਼ਜਾਮ ॥ ਬਰਨਤ ਸ੍ਵਾਦ ਪਰਸਪਰ ਬਾਲ ॥ ਖਟੇ ਮੀਠੇ ਚਰਪਿ ਰਸਾਲ ॥ ਤਿਹ ਅਉਸਰਿ ਬਿਧ ਹਰਿ ਬਲ ਬਾਲ ॥ ਚਿੰਤਾ ਕਰਤ ਹੁਤੇ ਸਭਿ ਗ੍ਵਾਲ ॥ ੨ ॥ ੧੧੦ ॥ ੭੪੩ ॥ ਬੱਛ ਰੁ ਬਾਲ ਨਹਿ ਆਏ ਹਾਥ ॥ ਤੈਸਹਿ ਰਚਿ ਬਛੁ ਬਾਲ ਜਦੁਨਾਥ ॥ ਘਰਿ ਆਏ ਲੈ ਬਛੁਰੇ ਬਾਲ ॥ ਅਪੁਨੇ ਅਪੁਨੇ ਗ੍ਰਿਹ ਗਏ ਗ੍ਵਾਲ ॥ ੩ ॥ ੧੧੧ ॥ ੭੪੪ ॥ ਕਾਹੂੰ ਲਖੇ ਨ ਚਰਿਤ੍ਰ ਗੋਪਾਲਾ ॥ ਗਊ ਗੋਪ ਜਾਨਤਿ ਬ੍ਰਿਜ ਬਾਲਾ ॥ ਕੰਦ੍ਰਾ ਮਹਿ ਬਿਧਿ ਬਛਰੇ ਧਰੇ ॥ ਬਾਲਨ ਜੁਤ ਮੁਖ ਕੰਦ੍ਰਾ ਜੁਰੇ ॥ ੪ ॥ ੧੧੨ ॥ ੭੪੫ ॥ ਚੌਪਈ ॥ ਸੰਬਤ ਸਰ ਗਜੋ ਤਬਹਿ ਬਤੀਤਿ ॥ ਚਿਤਾ ਕਰਜੋ ਬ੍ਰਹਮ ਬਿਪ੍ਰੀਤਿ ॥ ਕੰਦ੍ਰਾ ਮਹਿ ਨਿਰਖੇ ਬਛੁ ਬਾਲਾ ॥ ਘੋਰ ਨਿੰਦ੍ਰਾ ਮਹਿ ਪੜੇ ਬਿਸਾਲਾ ॥ ੫ ॥ ੧੧੩ ॥ ੭੪੬ ॥ ਚੌਪਈ ॥ ਬਿੰਦ੍ਰਾਬਨ ਦੇਖੇ ਬਿਧਿ ਆਏ ॥ ਵਹਿ ਬਛੁਰੇ ਵਹਿ ਬਾਲ ਸਖਾਏ ॥ ਚਕ੍ਰਿਤ ਭਯੋ ਬ੍ਰਹਮਾ ਮਨਿ ਮਾਹਿ ॥ ਬਹੁਰ ਦੇ ਖਤਿ ਭਯੋ ਕੰਦ੍ਰਾ ਮਾਹਿ ॥ ੬ ॥ ੧੧੪ ॥ ੭੪੭ ॥ ਚੌਪਈ ॥ ਬੱਛ ਰੁ ਬਾਲ ਚਤੁਰਭੁਜ ਭਏ ॥ ਕਰ ਜੋਰੇ ਸੁਰ ਸਕਲ ਦਰਸਏ ॥ ਚਕ੍ਰਿਤ ਭਯੋ ਬ੍ਰਹਮਾ ਭਯ ਭੀਤ ॥ ਲੀਲ੍ਹਾ ਲਖੀ ਬ੍ਰਹਮ ਜਗਦੀਸ਼ ॥ ੭ ॥ ੧੧੫ ॥ ੭੪੮ ॥ ਇਤਿ ਸ੍ਰੀ ਦਸਮ ਸਕੰਧੇ ਮਹਾਂਪੁਰਾਣੇ ਬ੍ਰਹਮਾ ਬਛੁ ਹਰਨ ਦ੍ਵਾਦਸੋ ਧਜਾਯਃ ॥ ੧੨ ॥ ਦੋਹਰਾ ॥ ਹਰਿ ਮਾਯਾ ਕਰਿ ਮੋਹਿਤਾ ਬ੍ਰਹਮਾ ਮੋਹਨਿ ਪਾਸ ॥ ਭੂਲ ਗਯੋ ਸੁਧਿ ਬੁਧਿ ਸਕਲ ਮਾਯਾ ਮੋਹਿਓ ਤਾਸ ॥ ੧ ॥ ੧੧੬ ॥ ੭੪੯ ॥ ਬ੍ਰਹਮਾ ਬਾਚ ਸ੍ਰੀ ਸੁਕੋ ਵਾਚ ਚੌਪਈ ॥ ਬਹੁਰ ਗਜਾਨ ਬ੍ਰਹਮਾ ਹੀਯ ਆਯੋ ॥ ਹਾਥ ਜੋੜ ਪਗ ਕ੍ਰਿਸ਼ਨ ਲਪਟਾਯੋ ॥ ਬਹੁਤ ਭਾਂਤਿ ਹਰਿ ਬਿਨਯ ਕਰ ਜੋਰੇ ॥ ਛਮੋ ਢੀਠਾਈ ਅਉਗਣ ਮੋਰੇ ॥ ੨ ॥ ੧੧੭ ॥ ੭੫੦ ॥ ਚੌਪਈ ॥ ਤੂ

Scanned by CamScanner

ਮਾਯਾ ਤ੍ਰੈ ਗੁਨਿ ਬਸਿ ਕਰਨੀ ॥ ਸੁਰ ਸਿਧ ਰਿਖਿ ਮੁਨਿ ਜਨ ਮਨ ਹਰਨੀ ॥ ਰੋਮ ਰੋਮ ਬ੍ਰਹਮਾਂਡ ਤੁਮਾਰੇ ॥ ਧਾਰ ਰਹੇ ਪ੍ਰਭ ਜਗਤ ਅਪਾਰੇ ॥ ੩ ॥ ੧੧੮ ॥ ੭੫੧ ॥ ਚੌਪਈ ॥ ਅਗਜਾਨਿ ਮੋਹੁ ਬਸਿ ਤੁਮਹਿ ਨ ਜਾਨਾ ॥ ਛਮੋ ਭੂਲਿ ਮੁਹਿ ਸਾਰਿੰਗ ਪਾਨਾ ॥ ਗ੍ਵਾਲ ਬਾਲ ਬਛਰੇ ਲੈ ਆਯੋ ॥ ਭੂਲਿ ਛਮਾਪਨ ਕਰਾਇ ਸਿਧਾਯੋ ॥ ੪ ॥ ੧੧੯ ॥ ੭੫੨ ॥ ਚੌਪਈ ॥ ਪੂਰਬ ਸੀ ਹਰਿ ਮੰਡਲੀ ਰਚੀ ॥ ਸਿਸੁ ਛਾਕੈ ਖਾਵਹਿ ਕਰ ਰੁਚੀ ॥ ਕ੍ਰਿਸ਼ਨ ਸੁ ਘਰ ਬਛੁਰੇ ਲੈ ਆਏ ॥ ਬੋਲੇ ਸਿਸੁ ਹਰਿ ਸ਼ੀਘ੍ਰ ਦਰਸਾਏ ॥ ੫ ॥ ੧੨੦ ॥ ੭੫੩ ॥ ਚੌਪਈ ॥ ਕ੍ਰਿਸ਼ਨ ਕਹੀ ਨਿਕਟ ਹੀ ਚਰਿਤ ॥ ਬੱਛੁ ਲਿਆਇ ਤੁਮ ਪਹ ਤੁਰਤ ॥ ਚਲਹੁ ਧਾਮ ਪੁਨ ਪ੍ਰਾਤ ਈਹਾਂ ਆਵਹਿੰ ॥ ਮਨ ਮਾਨਤਿ ਕੇ ਖੇਡ ਖੇ ਡਾਵਹਿੰ ॥ ਗੁਆਲ ਬਾਲ ਲੈ ਸਦਨ ਹਰਿ ਆਏ ॥ ਸ਼੍ਰੀ ਭਾਗਵਤਿ ਕੋ ਤ੍ਰਯੋਦਸ ਧਯਾਏ ॥ ੬ ॥ ੧੨੧ ॥ ੭੫੪ ॥ ਇਤਿ ਸ੍ਰੀ ਦਸਮ ਸਕੰਧੇ ਮਹਾਂਪੁਰਾਣੇ ਬ੍ਰਹਮਾ ਅਸਤੁਤਿ ਕਰੇ ਤ੍ਰਯੋਦਸਵੋ ਧਜਾਯਃ ॥ ੧੩ ॥ ਚਉਪਈ ॥ ਆਠ ਬਰਖ ਕੇ ਕੇਸਵ ਭਏ ॥ ਜਸੁਧਾ ਸੋ ਇਮ ਮੋਹਨਿ ਕਹੇ ॥ ਕਾਨ੍ਹ ਜੂ ਬਾਚ ॥ ਗਾਇ ਚਰਾਵਨੁ ਹਉਂ ਹੂ ਜਾਏ ॥ ਨੰਦ ਬਬਾ ਸੇ ਬਾਤ ਜਨਾਊ ॥ ॥ ੧ ॥ ੧੨੨ ॥ ੭੫੫ ॥ ਚੌਪਈ ॥ ਜਸੁਧਾ ਨੰਦ ਰਾਇ ਸੇ ਕਹੇ ॥ ਗਾਇ ਚਰਾਵਨ ਮੋਹਨ ਚਹੇ ॥ ਸੁਧਾਇ ਮਹੂਰਤਿ ਨੰਦ ਸੁਜਾਨਾ ॥ ਗੁਆਲ ਸਖਾ ਪ੍ਰਤਿ ਸਉਂਪੇ ਕਾਨ੍ਹਾ ॥ ੨ ॥ ੧੨੩ ॥ ੭੫੬ ॥ ਕਾਤਿਕ ਕ੍ਰਿਸ਼ਨ ਅਸ੍ਟਮੀ ਪ੍ਰਮਾਨ ॥ ਰਾਮ ਕ੍ਰਿਸਨ ਸੇ ਰਹੀਜੇ ਸਾਵਧਾਨ ॥ ਧੇਨੁ ਚਰਾਵਨ ਜਾਇ ਘਨਸ਼ਜਾਮ ॥ ਰੋਹਨੀ ਸੁਤ ਹੂ ਜਾਇ ਬਲਰਾਮ ॥ ੩ ॥ ੧੨੪ ॥ ੭੫੭ ॥ ਚੌਪਈ ॥ ਗੋਪਨ ਧੇਨੁ ਜੁਤ ਕ੍ਰਿਸ਼ਨ ਬਲਰਾਮ ॥ ਬਨ ਕੋ ਕੀਨ ਪਯਾਨ ਤਮਾਮ ॥ ਰਮਜ ਮਨੋਹਰ ਤਰੁਵਰ ਧਰਤਿ ॥ ਖਗ ਮ੍ਰਿਗ

Scanned by CamScanner

ਡੋਲਤਿ ਬੋਲਤ ਹਰਸ ॥ ੪ ॥ ੧੨੫ ॥ ੭੫੮ ॥ ਚੌਪਈ ॥ ਊਚੌ ਅਸਥਲ ਬੈਠੇ ਸ਼ਜਾਮ ॥ ਫੇਰ ਉਪ੍ਰਨਾ ਲੇ ਧੇਨੁਨ ਨਾਮ ॥ ਟੇਰਤਿ ਸਯਾਮ ਗਈਜਾ ਸਭਿ ਧਾਇ ॥ ਰਾਂਭਤ ਆਈ ਜਹੰ ਜਦੁਰਾਇ ॥ ੫ ॥ ੧੨੬ ॥ ੭੫੯ ॥ ਚੌਪਈ ॥ ਆਧੋ ਗਈਯਾ ਆਧੋ ਗ੍ਵਾਲ ॥ ਕੀਨ ਵਿਡਾਗ ਤਹਾਂ ਨੰਦ ਲਾਲ ॥ ਬਨ ਕੇ ਫਲ ਲੈ ਝੋਰੀ ਭਰੇ ॥ ਗਾਲ ਬਜਾਇ ਪਰਸਪਰ ਲਰੇ ॥ ੬ ॥ ੧੨੭ ॥ ੭੬੦ ॥ ਚੌਪਈ ॥ ਬਹੁਰੋ ਲਗੇ ਚਰਾਵਨ ਧੇਨੁ ਮੋਹਨ ਦਾਊ ਬਜਾਵਤ ਬੇਨੁ ॥ ਸਖਾ ਏਕ ਬਲਦਾਊ ਸੋਂ ਕਹਜੋ ॥ ਇਹਾਂ ਸੋਂ ਨਿਕਟਿ ਤਾਲ ਬਨ ਲਹਜੋ ॥ ੭ ॥ ੧੨੮ ॥ ੭੬੧ ॥ ਚੌਪਈ ॥ ਖਰ ਸਰੂਪ ਹੁਇ ਰਾਖਛਸ ਰਹੇ ॥ ਰਖਵਾਰੋ ਵਾ ਬਨ ਕੋ ਕਹੇ ॥ ਸੁਨਤਿ ਸਖਾ ਬਲ ਲੈ ਗਜੋ ਰਾਮ ॥ ਢੀਮੇ ਸੋਟਨ ਸੇ ਫਲ ਤਾਮ ॥ ੮ ॥ ੧੨੯ ॥ ੭੬੨ ॥ ਚੌਪਈ ॥ ਝਾਰਿ ਝਾਰਿ ਖਾਵਹਿ ਸਭਿ ਗ੍ਵਾਲ ॥ ਧੇਨੁਕ ਧਾਜੋ ਦੁੰਕਤਿ ਬਨ ਤਾਲ ॥ ਦ੍ਵੰਦ ਜੁਧ ਧੇਨੁਕ ਬਲਰਾਮ ॥ ਭਜੋ ਪ੍ਰਵਿਰਤਿ ਤਹਾਂ ਅਰਧ ਜਾਮ ॥ ੯ ॥ ੧੩੦ ॥ ੭੬੩ ॥ ਦੋਹਰਾ ॥ ਪਾਇਨ ਗਹਿ ਕਰ ਪੁਹਮੀ ਦੀਨੋ ਬਹੁਰ ਲੰਡਾਇ ॥ ਧੇਨੁਕ ਮਾਰਯੋ ਤਦ ਤਿਨਹਿ ਚੋਦਸਵੋ ਨਾਮ ਧਜਾਇ ॥ ੧੦ ॥ ੧੩੧ ॥ ੭੬੪ ॥ ਇਤਿ ਸ੍ਰੀ ਦਸਮ ਸਕੰਧੇ ਮਹਾਂ ਪੁਰਾਣੇ ਧੇਨੁਕ ਬਧ ਚੋਦਸਵੋ ਧਜਾਯਃ ॥ ੧੪ ॥ ਦੋਹਰਾ ॥ ਸਖਾ ਜਨਾਜੋ ਕ੍ਰਿਸ਼ਨ ਪਹਿ ਹਲਧਰ ਮਾਰਜੋ ਦੂਤ ॥ ਕ੍ਰਿਸ਼ਨ ਹੂ ਆਇ ਹਤੇ ਸਕਲ ਸੰਗੀ ਧੇਨੁਕ ਪੂਤ ॥ ੧ ॥ ੧੩੨ ॥ ੭੬੫ ॥ ਫਲ ਬਹੁ ਖਾਇ ਖਵਾਇ ਹਰਿ ਗ੍ਰਿਹ ਆਏ ਸੁਖ ਪਾਇ ॥ ਹੋਤ ਪ੍ਰਾਤ ਜੂਤ ਧੇਨੁ ਗੋਪ ਕਾਲਿੰਦ੍ਰੀ ਪਰ ਆਇ ॥ ੨ ॥ ੧੩੩ ॥ ੭੬੬ ॥ ਚੌਪਈ ॥ ਧੇਨੁ ਗ੍ਵਾਲ ਜੇਤਕ ਜਲਪਾਨ ॥ ਕੀਨੇ ਤੇ ਸਭਿ ਤਜੇ ਪ੍ਰਾਨ ॥ ਕ੍ਰਿਪਾ ਦ੍ਰਿਸ਼ਿ ਹਰਿ ਸਭ ਜੀਵਾਏ ॥ ਪੂਰਨ ਭਜੋ ਪੰਚਦਸੋ ਦਸ ਧਯਾਏ ॥ ੩ ॥ ੧੩੪

Scanned by CamScanner

॥ ੭੬੭ ॥ ਇਤਿ ਸ੍ਰੀ ਦਸਮ ਸਕੰਧੇ ਮਹਾਂਪੁਰਾਣੇ ਗਾਇ ਗੋਪ ਜੀਵਾਇਬੋ ਪੰਚਦਸੋ ਧਜਾਯਃ ॥ ੧੫ ॥ ਚੌਪਈ ॥ ਗ੍ਵਾਲ ਬਾਲ ਯੁਤ ਖੇਡਤਿ ਕਾਨ੍ਹ ॥ ਜਮੁਨਾ ਤਟ ਕੇਸ਼ਵ ਬਲਰਾਮ ॥ ਸਮੀਪ ਤਹਾਂ ਕਾਲਿੰਦ੍ਰੀ ਪਾਨ ॥ ਖਉਲਤ ਖਗ ਮ੍ਰਿਗ ਤਯਾਗਤਿ ਪ੍ਰਾਨ ॥ ੧ ॥ ੧੩੫ ॥ ੭੬੮ ॥ ਪ੍ਰੀਖਛਤ ਬਾਚ ਚੌਪਈ ॥ ਪ੍ਰੀਖਿਛਤ ਪੂਛਤ ਕ੍ਰਿਪਾ ਨਿਧਾਨ ॥ ਕਦੰਬ ਬ੍ਰਿਵ ਕਿਮ ਬਚਜੋ ਤਾ ਥਾਨ ॥ ਗਰੁੜ ਚੁੰਚ ਤੇ ਅੰਮ੍ਰਿਤ ਚਵਾ ॥ ਤਿਸ ਕਾਰਣ ਤਰੁ ਨਿਹਚਲ ਭਵਾ ॥ ੨ ॥ ੧੩੬ ॥ ੭੬੯ ॥ ਖੇਡਕ ਕਿਸ਼ਨ ਕਦੰਬ ਚੜ ਗਏ ॥ ਕਾਲੀ ਮਾਰਨ ਮਨ ਮਹਿ ਠਹਰਏ ॥ ਕੂਦ ਪੜੇ ਹਰਿ ਜਮੁਨਾ ਮਾਹਿ ॥ ਤ੍ਰੂਸਣ ਕਾਲੀ ਚਿੰਤ ਕਰਾਹਿ ॥ ੩ ॥ ੧੩੭ ॥ ੭੭੦ ॥ ਚੌਪਈ ॥ ਐਸੋ ਕਉਨ ਬਲੀ ਜਤੁ ਆਯੋ ॥ ਅਬ ਲੌ ਜੀਵਤਿ ਸ਼ਬਦ ਕਰਾਯੋ ॥ ਪ੍ਰਬਲ ਗਰਲ ਮੁਖਿ ਤਜਿਤ ਜ੍ਵਾਲਾ ॥ ਪੈਰਤਿ ਹੁਤੇ ਤਹਾਂ ਨੰਦ ਲਾਲਾ ॥ ੪ ॥ ੧੩੮ ॥ ੭੭੧ ॥ ਚੌਪਈ ॥ ਗ੍ਵਾਲ ਸਖਾ ਮਿਲ ਰੋਦਨ ਕਰਤਿ ॥ ਮੁਰਛਿਤ ਹੋ ਹੋ ਧਰਨੀ ਪਰਤਿ ॥ ਕਾਹੂ ਜਸੁਧਾ ਨੰਦ ਸੁਨਾਏ ॥ ਕਾਨ੍ਹ ਕਾਲਿੰਦ੍ਰੀ ਕੂਦੇ ਜਾਏ ॥ ੫ ॥ ੧੩੯ ॥ ੭੭੨ ॥ ਚੌਪਈ ॥ ਰੋਵਤਿ ਜਸੁਧਾ ਰੋਹਿਨੀ ਨੰਦ ॥ ਗੋਪ ਸਖਾ ਲੈ ਆਏ ਦੁਖੰਦ ॥ ਜਸੁਧਾ ਦਹ ਪੈਠੀ ਤਹਿ ਕਾਲ ॥ ਗੋਪਨ ਖੀਚ ਲੀਜੋ ਤਤ ਕਾਲ ॥ ੬ ॥ ੧੪੦ ॥ ੭੭੩ ॥ ਚੌਪਈ ॥ ਨੰਦ ਭੁਜਾ ਗਹਿ ਗੋਪ ਸਖਾਇ ॥ ਧੀਰਜ ਦੇਤ ਗੋਪ ਨੰਦ ਰਾਇ ॥ ਦਾਉ ਘਾਉ ਕਾਲੀ ਹਰਿ ਸੰਗ ॥ ਕਰਤਿ ਬਿਬਿਧ ਬਿਧ ਬਿਖਮ ਭੁਯੰਗ ॥ ੭ ॥ ੧੪੧ ॥ ੭੭੪ ॥ ਚੌਪਈ ॥ ਕੂਦ ਕ੍ਰਿਸ਼ਨ ਫਨਿ ਚਢਿ ਤਿਹ ਕਾਲ ॥ ਬਿਸ੍ਵ ਭਾਰ ਜੁਤਿ ਨਚਤਿ ਗੁਪਾਲ ॥ ਰੁਧਰ ਬਮਨ ਮੁਖਤੇ ਭਜੋ ਬਿਕਲ ॥ ਪਦ ਪਰਿਹਾਰ ਕਰ ਅੰਗ ਅੰਗ ਸਿਥਲ ॥ ੮ ॥ ੧੪੨ ॥ ੭੭੫ ॥ ਚੌਪਈ ॥ ਨਾਗਨਿ ਦਸਾ ਪੇਖ

ਪਤਿ ਧਾਈ ॥ ਹਰਿ ਪਹਿ ਨਾਗਨਿ ਬਿਨਜ ਕਰਾਈ ॥ ਨਾਗਨਿ ਬਾਚ ॥ ਦੰਡ ਕੀਨੁ ਪ੍ਰਭੁ ਸਿਛਜਾ ਹੇਤੁ ॥ ਪਾਵਨ ਕੀ ਪ੍ਰਭੁ ਕ੍ਰਿਪਾ ਨਿਕੇਤੁ ॥ ੯ ॥ ੧੪੩ ॥ ੭੭੬ ॥ ਜਾਂ ਪਦ ਰਜ ਕਹੰ ਤ੍ਰਿਭੁਅਨ ਚਾਹਤ ॥ ਸੋ ਪਦ ਕੰਜ ਧਰ ਕੇਸ਼ਵ ਨਾਚਤ ॥ ਕ੍ਰਿਪਾ ਕਰਹੁ ਪਤਿ ਪ੍ਰਾਨ ਉਬਾਰਹੁ ॥ ਨਾਤੁਰਿ ਯਾ ਕਹਿ ਸੰਗ ਮੁਝ ਮਾਰਹੁ ॥ ੧੦ ॥ ੧੪੪ ॥ ੭੭੭ ॥ ਚੌ ॥ ਪਤਿ ਬਿਨੁ ਜਗ ਜੀਵਨ ਕਿਹ ਕਾਜਾ ॥ ਜਾਤ ਸੁਭਾਵ ਚੀਨਹ ਮਹਾਰਾਜਾ ॥ ਕ੍ਰਿਸ਼ਨ ਉਤਰਿ ਅਹਿ ਕਰਜੋ ਪ੍ਰਨਾਮ ॥ ਤਾ ਸੋਂ ਬੋਲੇ ਹਰਿ ਘਨ ਸ਼ਜਾਮ ॥ ੧੧ ॥ ੧੪੫ ॥ ੭੭੮ ॥ ਕਾਨ੍ਹ ਜੂ ਬਾਚ ਚੌਪਈ ॥ ਰਉਨਕ ਦੀਪ ਤੇ ਕੁਟੰਬ ਸਮੇਤ ॥ ਜਾਉ ਅਬਹਿੰ ਤਜਹੁ ਇਹੁ ਦੇਸ ॥ ਨਾਗ ਬਾਚ ॥ ਗਰੁੜ ਤ੍ਰਾਸ ਕਰਿ ਈਹਾਂ ਦੁਰੋਂ ॥ ਕਾਨ ਜੂ ਬਾਚ ॥ ਮਮ ਪਦ ਚਿਨ੍ਹ ਅਬ ਚਿੰਤ ਨ ਕਰੋ ॥ ੧੨ ॥ ੧੪੬ ॥ ੭੭੯ ॥ ਚੌਪਈ ॥ ਨਿਰਭਯ ਹੋਇ ਬਸੋ ਤਾਂ ਥਾਨ ॥ ਚਲਜੋ ਪੂਜ ਕਾਲੀ ਭਗਵਾਨ ॥ ਆਏ ਕ੍ਰਿਸ਼ਨ ਨੰਦ ਉਰ ਲਾਏ ॥ ਪੂਰਨ ਖੋੜਸਮੋ ਅਧਿਆਏ ॥ ੧੩ ॥ ੧੪੭ ॥ ੭੮੦ ॥ ਇਤਿ ਸ੍ਰੀ ਦਸਮ ਸਕੰਧੇ ਮਹਾਂ ਪੁਰਾਨੇ ਕਾਲੀ ਮਰਦਨੋ ਖੋੜਸਮੋ ਧਜਾਯਃ ॥ ੧੬ ॥ ਪ੍ਰੀਖਿਛਤ ਬਾਚ ਚੌਪਈ ॥ ਪੂਛਤਿ ਪ੍ਰੀਖਿਛਤ ਕਾਲੀ ਭੇਵ ॥ ਰਉਨਕ ਰਹਿਤ ਹੁਤੋ ਥੋ ਦੇਵ ॥ ਤਾਂਹਿ ਤਜਾਗ ਜਮੁਨਾ ਕਿੰ ਬਸੋ ॥ ਕਹੋ ਸਮੁਝਾਇ ਭ੍ਰਮ ਕਹਿ ਨਸੋ ॥ ੧ ॥ ੧੪੮ ॥ ੭੮੧ ॥ ਚੌਪਈ ਸ੍ਰੀ ਸੁਕੋਵਾਚ ॥ ਹਰਿ ਕੋ ਬਾਹਨ ਗਰੁੜ ਮਹਾਨ ॥ ਬਾਸ ਕਰਤ ਥੋ ਤਾਂ ਅਸਥਾਨ ॥ ਨਾਗਨ ਨੇਮ ਸ੍ਰਪ ਯਕ ਕੀਨ ॥ ਪ੍ਰਤਿ ਦਿਨ ਭੋਜਨ ਕਰਤ ਪ੍ਰਬੀਨ ॥ ੨ ॥ ੧੪੯ ॥ ੭੮੨ ॥ ਇਕ ਦਿਨ ਗਰੁੜ ਸੰਗ ਸਪ੍ਰਧਾ ਭਜੋ ॥ ਤਾਂ ਭਜ ਕਰ ਜਮੁਨਾ ਮਹਿ ਦੁਰਜੋ ॥ ਪ੍ਰੀਛਿਤ ਬਾਚ ॥ ਪੁਨ ਪ੍ਰੀਛਿਤ ਪੂਛਤ ਸੁਕਦੇਵ ॥ ਗਰੁੜਨਾ ਜਾਇ ਸਕਤਿ ਕਿਮ ਤੇਵ ॥

Scanned by CamScanner

੩ ॥ ੧੫੦ ॥ ੭੮੩ ॥ ਸੀ ਸੁਕੋ ਵਾਚ ਚੌਪਈ ॥ ਕਹੇ ਮੁਨੀ ਸੁਨਿ ਰਾਜ ਪ੍ਰਬੀਨਾ ॥ ਮੁਨੀ ਤਹਾਂ ਤਪਚਰਜ ਕਹ ਕੀਨਾ ॥ ਮੀਨ ਖਾਤ ਹੁਤੇ ਖਗਨਾਹ ॥ ਤਾਂਹਿੰ ਕ੍ਰੋਧ ਮੁਨਿ ਸ੍ਰਾਪ ਕਰਾਹਿ ॥ ੪ ॥ ੧੫੧ ॥ ੭੮੪ ॥ ਮੁਨਿ ਬਾਚ ਚੌਪਈ ॥ ਅਬ ਜੋ ਆਵਹਿੰ ਇਹਾਂ ਖਗੇਸ ॥ ਹਤਨ ਹੋਇ ਜਉ ਕਰਹੁ ਪ੍ਰਵੇਸ ॥ ਤੇ ਭਜ ਸਿਮਰਨ ਕਰਤ ਬਜਾਲ ॥ ਗਰੁੜ ਗਮਨ ਨਹਿ ਸੁਨਹੁ ਭੂਪਾਲ ॥ ੫ ॥ ੧੫੨ ॥ ੭੮੫ ॥ ਦੋਹਰਾ ॥ ਗੋਪ ਸਹਿਤ ਤਹਿ ਨੰਦ ਜੂ ਤਾ ਦਿਨ ਬਸਿ ਤਿਹ ਠਉਰ ॥ ਸ੍ਰਮਿਤ ਛੁਧਾ ਤ੍ਰਿਖਤ ਸਭੀ ਸੋਇ ਰਹੇ ਹੋਇ ਜਉਰ ॥ ੬ ॥ ੧੫੩ ॥ ੭੮੬ ॥ ਚੌਪਈ ॥ ਅਰਧ ਨਿਸਾ ਬੀਤਤਿ ਜਦਿ ਭਯੋ ॥ ਦਾਵਾ ਨਲ ਦਸ ਦਿਸ ਪ੍ਰਗਟਜੋ ॥ ਲਗੇ ਜਰਨਿ ਸਭਿ ਕੀਨ ਪੁਕਾਰ ॥ ਦਾਵਾ ਨਲ ਤੇ ਲੇਹੁ ਉਬਾਰ ॥ ੭ ॥ ੧੫੪ ॥ ੭੮੭ ॥ ਚੌਪਈ ॥ ਮਾਧਉ ਪਾਨ ਦਾਵਾ ਨਲ ਕੀਨ ॥ ਤਾਤ ਮਾਤ ਸਭਿ ਭਏ ਸੁਖੀਨ ॥ ਬਿੰਦ੍ਰਾਬਨ ਪ੍ਰਾਤ ਚਲ ਗਏ ॥ ਕਰਤ ਬਧਾਈ ਨੰਦ ਜਸੋਧ ਏ ॥ ੮ ॥ ੧੫੫ ॥ ੭੮੮ ॥ ਇਤਿ ਸ੍ਰੀ ਦਸਮ ਸਕੰਧੇ ਮਾਂਪੁਰਾਣੇ ਦਾਵਾਨਲ ਪਾਨ ਸਪਤਦਸੋ ਧਜਾਯਃ ॥ ੧੭ ॥ ਸ੍ਰੀ ਸੁਕੋ ਵਾਚ ਅਥ ਛੇ ਰੁਤਿ ਬਰਨਨੰ ਦੋਹਰਾ ॥ ਛਿਅ ਰੁਤਿ ਤੁਮ ਪਹਿ ਬਰਨਤਿ ਨ੍ਰਿਪਤਿ ਸਾਵਧਾਨ ਹੁਇ ਚੀਤ ॥ ਗ੍ਰੀਖਮ ਰੁਤਿ ਕਰ ਤਪਤ ਭੇ ਖੰ ਧਰਨੀ ਭਯਭੀਤ ॥ ੧ ॥ ੧੫੬ ॥ ੭੮੯ ॥ ਚੌਪਈ ॥ ਕ੍ਰਿਸ਼ਨ ਪ੍ਰਤਾਪ ਕਰ ਬਿੰਦ੍ਰਾਬਨ ॥ ਸਰਦ ਬਸੰਤ ਜਹਾਂ ਸ਼ਜਾਮ ਘਨ ॥ ਬ੍ਰਿਛ ਨਉ ਪਲਵ ਬੇਲਨ ਲਿਪਤ ॥ ਮੰਜਰਿ ਪੁਹਪ ਫਲਨ ਸੰਜੁਗਤ ॥ ੨ ॥ ੧੫੭ ॥ ੭੯੦ ॥ ਚੌਪਈ ॥ ਕੁੰਜ ਕੁੰਜ ਦ੍ਰੁਮ ਲਤਾ ਸੁਗੰਧ ॥ ਬਹਤਿ ਬਜਾਰ ਸੀਤਲ ਅਰੁ ਮੰਦ ॥ ਜਮੁਨਾ ਕੂਲ ਬਹਿਤ ਛਬਿ ਪਾਇ ॥ ਕੋਕਿਲ ਪਿਕ ਬਚ ਸਰਲ ਕਰਾਇ ॥ ੩ ॥ ੧੫੮ ॥ ੭੯੧ ॥ ਚੌਪਈ ॥

Scanned by CamScanner

ਹੰਸ ਚਕੋਰ ਕਾਰੰਡ ਬਿਹੰਗ ॥ ਨਾਨਾ ਖਗ ਜੁਤ ਗੁੰਜਤ ਭ੍ਰਿੰਗੁ ॥ ਗ੍ਵਾਲ ਬਾਲ ਲੇ ਕ੍ਰਿਸ਼ਨ ਬਲਰਾਮ ॥ ਕੁੰਜ ਨਿਰਖ ਤਰੁ ਕੀਨ ਬਿਸ੍ਰਾਮ ॥ ਨਿਤ ਨਵੀਨ ਖੇਡ ਹਰਿ ਖਿਲੇ ॥ ਗ੍ਵਾਲ ਬਾਲ ਬਲ ਜੁਤੰ ਹਿਲਮਿਲੇ ॥ ੪ ॥ ੧੫੯ ॥ ੭੯੨ ॥ ਦੋਹਰਾ ॥ ਪਠਏ ਕੰਸ ਪ੍ਰਲੰਬ ਤਹਿ ਸਖਾ ਰੂਪ ਬਨਿ ਆਓ ॥ ਬਿਹਸ ਕ੍ਰਿਸ਼ਨ ਬਲਦੇਵ ਪ੍ਰਤਿ ਰਾਖਛਸ ਕਰਜੋ ਲਖਾਓ ॥ ੫ ॥ ੧੬੦ ॥ ੭੯੩ ॥ ਚੌਪਈ ॥ ਕ੍ਰਿਸ਼ਨ ਬਲਰਾਮ ਮੰਤ੍ਰ ਇਹ ਕਏ ॥ ਸਖਾ ਰੂਪ ਤਜਿ ਨਿਜ ਵਪੁ ਲਏ ॥ ਤਿਹ ਅਉਸਰ ਤਿਸੁ ਬਾਰੋ ਬੀਰ ॥ ਅਸ ਕਹਿ ਕ੍ਰਿਸ਼ਨ ਬੁਲਾਏ ਤੀਰ ॥ ੬ ॥ ੧੬੧ ॥ ੭੯੪ ॥ ਚੌਪਈ ॥ ਅਰਧ ਸਖਾ ਆਪਹਿ ਕ੍ਰਿਸ਼ਨ ਲੀਨ ॥ ਅਰਧ ਸਖਾ ਰੋਹਨੀ ਸੁਤ ਦੀਨ ॥ ਫਲ ਫੂਲਨ ਕੇ ਨਾਮ ਗਨਾਹਿ ॥ ਜੇ ਜੇ ਹਾਰੇ ਤਿਸਹਿ ਲੈ ਜਾਹਿ ॥ ੭ ॥ ੧੬੨ ॥ ੭੯੫ ॥ ਚੌਪਈ ॥ ਪ੍ਰਲੰਬ ਰਾਮ ਲੈ ਤਹਾ ਪਰਾਜੋ ॥ ਅਸੁਰ ਰੂਪ ਭਜੋ ਘਾਵਨ ਧਾਯੋ ॥ ਮੁਸ੍ਟਿਨ ਹਾਥ ਹਨੇ ਬਲਰਾਮ ॥ ਪ੍ਰਲੰਬ ਪਠਾਯੋ ਜਮ ਕੇ ਧਾਮ ॥ ੮ ॥ ੧੬੩ ॥ ੭੯੬ ॥ ਚੌਪਈ ॥ ਪ੍ਰਲੰਬ ਨਿਧਨ ਸੁਨਿ ਧਾਇ ਗ੍ਵਾਲ ॥ ਸਖਾ ਸਹਿਤ ਮਗ ਮਿਲੇ ਗੁਪਾਲ ॥ ਗਈਯਾਂ ਭੂਲ ਮਾਂਝ ਬਨ ਗਈ ॥ ਢੂੰਢਤ ਗੋਪ ਸਾਂਝ ਪਰ ਗਈ ॥ ੯ ॥ ੧੬੪ ॥ ੭੯੭ ॥ ਸਖਾ ਬਾਚ ਚੌਪਈ ॥ ਆਇ ਜਨਾਈ ਕ੍ਰਿਸ਼ਨ ਪਹਿ ਬਾਤ ॥ ਗ੍ਵਾਲ ਬਾਲ ਭੂਲੇ ਮਗ ਜਾਤ ॥ ਚਢਿ ਕਦੰਬੁ ਕੇਸਉ ਧੁਨਿ ਬੇਨੁ ॥ ਸੁਨ ਧਾਏ ਗੋਪਨ ਬਛੁ ਧੇਨੁ ॥ ੧੦ ॥ ੧੬੫ ॥ ੭੯੮ ॥ ਚੌਪਈ ॥ ਜੈਸੇ ਪੁਲਿਨਿ ਪਾਵਸ ਕੋ ਤੁੰਗ ॥ ਮਿਲ ਜਾਤ ਸਾਗਰ ਕੇ ਸੰਗ ॥ ਡਉ ਲਾਗੀ ਬਨ ਮਹਿ ਤਿਹ ਕਾਲ ॥ ਕਰਜੋ ਪੁਕਾਰ ਕ੍ਰਿਸ਼ਨ ਪਹਿ ਗ੍ਵਾਲ ॥ ੧੧ ॥ ੧੬੬ ॥ ੭੯੯ ॥ ਸਖਾ ਬਾਚ ਚੌਪਈ ॥ ਜਰਤ ਅਗਨਿ ਤੇ ਲੇਹੁ ਉਬਾਰ ॥ ਰਛਜਾ ਕੀਜੈ ਕਾਨ੍ਹ ਹਮਾਰ ॥ ਕੇਸ਼ਵ ਬਾਚ ॥ ਬੋਲੇ ਕਿਸ਼ਨ

Scanned by CamScanner

ਦ੍ਰਿਗਨ ਲੇਹੁ ਝਾਪ ॥ ਸੋਈ ਕੀਨ ਸਖਾ ਮਿਲ ਆਪ ॥ ੧੨ ॥ ੧੬੭ ॥ ੮੦੦ ॥ ਪਾਨ ਦਵਾ ਹਰਿ ਕੀਨ ਤਤ ਕਾਲ ॥ ਭਾਂਡੀਰਨ ਬਨ ਦ੍ਰਸੇ ਗ੍ਵਾਲ ॥ ਚਕ੍ਰਿਤ ਭਏ ਦੇਖਿ ਭਾਂਡੀਰ ॥ ਕਹਾਂ ਗਜੋ ਡਉ ਕਹਤ ਅਹੀਰ ॥ ਸਭਿ ਲੈ ਕ੍ਰਿਸ਼ਨ ਧਾਮ ਚਲਿ ਆਏ ॥ ਬਧ ਪ੍ਰਲੰਬ ਡਉ ਸਭਨ ਸੁਨਾਏ ॥ ੧੩ ॥ ੧੬੮ ॥ ੮੦੧ ॥ ਇਤਿ ਸ੍ਰੀ ਦਸਮ ਸਕੰਧੇ ਮਹਾਂਪੁਰਾਣੇ ਪ੍ਰਲੰਬ ਬਧ ਦਾਵਾ ਨਲ ਮੋਚਨੋ ਅਸ੍ਰਦਸੋ ਧਯਾਯਃ ॥ ੧੮ ॥ ਦੋਹਰਾ ॥ ਗ੍ਰੀਖਮ ਰੁਤਿ ਪਾਵਸ ਚੜਜੋ ਦਲ ਬਾਰਦ ਬਹੁ ਸੰਗ ॥ ਗਰਜਤ ਤਰਜਤ ਉਮਗ ਅਤਿ ਦੁੰਦਭਿ ਭੇਰਿ ਮ੍ਰਿਦੰਗ ॥ ੧ ॥ ੧੬੯ ॥ ੮੦੨ ॥ ਦੋਹਰਾ ॥ ਭਾਂਤਿ ਭਾਂਤਿ ਕੋ ਘਟਾ ਭਟ ਸਮੁਹੇ ਸਾਰੰਗ ਤਾਨ ॥ ਬਗ ਪੰਗਤਿ ਧ੍ਵਜ ਸੋਭ ਹੀ ਬਰਖਾ ਬੂੰਦਨ ਬਾਨ ॥ ੨ ॥ ੧੭੦ ॥ ੮੦੩ ॥ ਚੌਪਈ ॥ ਦਾਦੁਰ ਮੋਰ ਚਾਰਨ ਗਨ ਸੋਭੈ ॥ ਰੁਤਿ ਗ੍ਰੀਖਮ ਭਜਜੋ ਚਿਤ ਖੋਭੈ ॥ ਬਸੁਧਾ ਤ੍ਰਿਪਤਿ ਭਈ ਜਲ ਪਾਇ ॥ ਅਠਾਰਹ ਭਾਰ ਪਤ੍ਰ ਉਪਜਾਇ ॥ ੩ ॥ ੧੭੧ ॥ ੮੦੪ ॥ ਬਨ ਤ੍ਰਿਨ ਗੁਲਮ ਲਤਾ ਗਿਰਿ ਤਾਲ ॥ ਬਸੁਧਾ ਜੁਤ ਪਸ ਭਰਿ ਪ੍ਰਤਿਪਾਲ ॥ ਝੁਕ ਝੁਕ ਪੜਤ ਸਾਖਾ ਤਰੁ ਪਾਲ ॥ ੪ ॥ ੧੭੨ ॥ ੮੦੫ ॥ ਚੌਪਈ ॥ ਰੰਗ ਰੰਗ ਪਟ ਗੋਪਿ ਸੁਧਾਰ ॥ ਝੂਲਤ ਝੂਲਨ ਰੂਖਨ ਡਾਰ ॥ ਗਾਵਤਿ ਕੋਕਿਲ ਕੰਠ ਮਲ੍ਹਾਰ ॥ ਹੰਸ ਸਾਰਸ ਸੁਕ ਬਚਨ ਰਸਾਲ ॥ ੫ ॥ ੧੭੩ ॥ ੮੦੬ ॥ ਚੌਪਈ ॥ ਰਾਮ ਕ੍ਰਿਸ਼ਨ ਤਹਿ ਲੀਲ੍ਹਾ ਕਰਤ ॥ ਪਾਵਸ ਰੁਤਿ ਮੁਨਿਵਰ ਇਮ ਬਦਤ ॥ ਪਾਵਸ ਗਯੋ ਸ਼ਰਦ ਅਬ ਆਯੋ ॥ ਪਥਕਨ ਪਥ ਨ੍ਰਿਪ ਦ੍ਰੁਗਨ ਚਢਾਯੋ ॥ ਦਿਸ ਪ੍ਰਕਾਸ਼ ਸਰਦ ਦੁਤਿ ਚੰਦ ॥ ਭਾਖਤ ਸਰਦ ਸ੍ਰੀ ਮੁਖ ਨੰਦ ॥ ੬ ॥ ੧੭੪ ॥ ੮੦੭ ॥ ਇਤਿ ਸ੍ਰੀ ਦਸਮ ਸਕੰਧੇ ਮਹਾਂਪੁਰਾਣੇ ਗ੍ਰੀਖਮ ਪਾਵਸ ਸਰਦੁ ਰੁਤਿ ਬਰਨਨੋ ਏਕੋਨਬਿੰਦ ਧਯਾਯਃ ॥ ੧੯ ॥ ਚੌਪਈ ॥

Scanned by CamScanner

ਜਬ ਲਗ ਕ੍ਰਿਸ਼ਨ ਚਰਾਵਤ ਗਾਏ ॥ ਗੋਪੀ ਸਦਨ ਕ੍ਰਿਸ਼ਨ ਗੁਨ ਗਾਏ ॥ ਇਕ ਦਿਨ ਬਨ ਮਹਿ ਬੇ ਨ ਬਜਾਈ ॥ ਧੁਨਿ ਸੁਨਿ ਗੋਪੀ ਡਗਰਨ ਆਈ ॥ ੧ ॥ ੧੭੫ ॥ ੮੦੮ ॥ ਗੋਪੀ ਬਾਚ ਚੌਪਈ ॥ ਕਹਨ ਲਗੀ ਸੰਧਜਾ ਗੋਪਾਲ ॥ ਇਹ ਮਗ ਤੇ ਆਵਹਿ ਨੰਦ ਲਾਲ ॥ ਕਾਨ੍ਹ ਦਰਸ ਦੇ ਕਰਹਿ ਨਿਹਾਲ ॥ ਬੋਲੀ ਯੁਵਤੀ ਬਚਨ ਰਸਾਲ ॥ ੨ ॥ ੧੭੬ ॥ ੮੦੯ ॥ ਚੌਪਈ ॥ ਬਾਂਸੁਰੀ ਅਧਰ ਬਸਤਿ ਗੋਪਾਲ ॥ ਮੋ ਸੋਂ ਅਧਿਕਿ ਪ੍ਰਿਯ ਨੰਦ ਲਾਲ ॥ ਨਿਸ ਦਿਨ ਅਧਰਾਮ੍ਰਿਤ ਚਖਤ ਗੋਪਾਲ ॥ ਬਾਂਸ ਬੰਸ ਕੋ ਕੀਜੋ ਨਿਹਾਲ ॥ ੩ ॥ ੧੭੭ ॥ ੮੧੦ ॥ ਚੌਪਈ॥ ਧੁਨਿ ਸੁਨਿ ਕਿੰਨਰ ਗੰਧ੍ਰਬ ਦੇ ਵ ॥ ਨਾਰਨਿ ਜੁਤਿ ਆਵਤਿ ਯਾ ਭੇਵ ॥ ਐਸੀ ਯਹਿ ਕਸ ਭਈ ਰਸਾਲ ॥ ਨਿਸਿ ਦਿਨ ਧਾਰਤ ਬਦਨ ਗੋਪਾਲ ॥ ੪ ॥ ੧੭੮ ॥ ੮੧੧ ॥ ਚੌਪਈ ॥ ਦੂਜੀ ਬੋਲੀ ਬਚਨ ਰਸਾਲ ॥ ਬਾਂਸ ਬੰਸ ਮੋ ਭਈ ਬਿਸਾਲ ॥ ਧੂਪ ਛਾਵ ਸਭਿ ਸਹਿ ਤਪ ਤਾਪ ॥ ਅਗਨਿ ਦਹੀ ਤਾ ਕੋ ਪ੍ਰਾਤਪ ॥ ੫ ॥ ੧੭੯ ॥ ੮੧੨ ॥ ਚੌਪਈ ॥ ਹਮਹੁੰ ਬਾਂਸ ਹੁਇ ਜਗ ਜਨਮਾਇ ॥ ਨਿਸਿਦਿਨ ਅਧਰ ਹਰਿ ਰਹਤੀ ਛਾਇ ॥ ਨਿਸਿ ਦਿਨ ਗੋਪੀ ਸਦਨ ਮਝਾਰ ॥ ਗੁਨ ਗਾਵਤ ਸਭਿ ਕ੍ਰਿਸ਼ਨ ਚਿਤਾਰ ॥ ੬ ॥ ੧੮੦ ॥ ੮੧੩ ॥ ਇਤਿ ਸ੍ਰੀ ਦਸਮ ਸਕੰਧੇ ਮਹਾਂਪੁਰਾਣੇ ਗੋਪੀ ਬੇਨੁ ਗੀਤ ਬਰਨਨੰ ਬਿੰਦਸੋ ਧਯਾਯਃ ॥ ੨੦ ॥ ਚੌਪਈ ॥ ਸਰਦ ਉਪਰਾਂਤ ਹੇਮ ਰੁਤਿ ਆਯੋ ॥ ਜਾਡ ਤੁਸਾਰਨ ਭਯ ਉਪਜਾਯੋ ॥ ਅਗਹਨ ਉਤਮ ਮਾਸ ਪੁਨੀਤਿ ॥ ਗੋਪਿ ਮਨਾਵਤਿ ਕ੍ਰਿਸ਼ਨ ਹੁਇ ਮੀਤ ॥ ੧ ॥ ੧੮੧ ॥ ੮੧੪ ॥ ਚੌਪਈ ॥ ਦੇਵੀ ਪੂਜਤਿ ਬਿਧਵਤ ਨਾਰਿ ॥ ਧੂਪ ਦੀਪ ਨਈਬੇਦ ਪੰਚੋਪਚਾਰ ॥ ਗੋਪੀ ਬਾਚ ॥ ਬਰ ਮਾਂਗਤਿ ਪਤਿ ਹੋਇ ਕਨ੍ਹਾਈ ॥ ਹੁਇ ਪ੍ਰਸੰਨ ਵਰ ਦੇਹੁ ਮਹਾਂਮਾਈ ॥ ੨ ॥ ੧੮੨ ॥ ੮੧੫ ॥ ਚੌਪਈ ॥

Scanned by CamScanner

ਚੌਪਈ ॥ ਰਾਜ ਦੇਖ ਮਤਿ ਭੂਲਹੁ ਮੀਤਿ ॥ ਨੰਦ ਜਸੋਧਾ ਸੇ ਕਰੁ ਪ੍ਰੀਤਿ ॥ ਪਰਾਧੀਨਿ ਹੈ ਮਥੁਰਾ ਰਹਹੁ ॥ ਨ੍ਰਿਪ ਕੀ ਆਗਜਾ ਸਿਰ ਪਰ ਸਹਹੁ ॥ ੨੨ ॥ ੫੩੨ ॥ ੧੧੬੪ ॥ ਚੌਪਈ ॥ ਬਿੰਦ੍ਰਾਬਨ ਸੋ ਅਵਰੁ ਨ ਦੇਸ ॥ ਸਦ ਬਸੰਤ ਤਹ ਨਹੀਂ ਕਲੇਸ ॥ ਗ੍ਵਾਲ ਬਾਲ ਗੋਪੀ ਅਰੁ ਗਾਇ ॥ ਤੀਨਿ ਨ ਬਿਸਾਰਹੁ ਹੇ ਬ੍ਰਿਜ ਰਾਇ ॥ ਜਹਾਂ ਤਹਾਂ ਸਭਿ ਸਖਾ ਗ੍ਵਾਲ ॥ ਤੁਮਹਿ ਨ ਛੋਡਹਿ ਹਮ ਨੰਦਲਾਲ ॥ ੨੩ ॥ ੫੩੩ ॥ ੧੧੬੫ ॥ ਚੌਪਈ ॥ ਬਹੁਰ ਕਹੇ ਹਰਿ ਨੰਦ ਸਮੁਝਾਇ ॥ ਗ੍ਵਾਲ ਬਾਲ ਲੈ ਤੁਮ ਅਗੁਵਾਇ ॥ ਬਹੁਰ ਤੁਮਹਿ ਹਮ ਮਿਲਿ ਹੈਂ ਆਇ ॥ ਯਹਿ ਸੁਨਿ ਨੰਦ ਬਹੁਤ ਦੁਖ ਪਾਇ ॥ ੨੪ ॥ ੫੩੪ ॥ ੧੧੬੬ ॥ ਚੌਪਈ ॥ ਆਕੁਲ ਨਿਰਖ ਨੰਦ ਬਲਰਾਮ ॥ ਬੋਲੇ ਮ੍ਰਿਦ ਬਾਨੀ ਸੁਖਧਾਮ ॥ ਥੋੜੇ ਦਿਨ ਨ੍ਰਿਖ ਕਰ ਕੈ ਹਰਿ ਕਾਜ ॥ ਆਵਹਿੰ ਗੇ ਹਮ ਅਉ ਬ੍ਰਿਜਰਾਜ ॥ ਮਾਤਾ ਹਮ ਬਿਨੁ ਅਤਿ ਦੁਖ ਪਾਇ ॥ ਤਾਂ ਤੇ ਹੇ ਪਿਤੁ ਤੁਮ ਅਗੁਆਇ ॥ ੨੫ ॥ ੫੩੫ ॥ ੧੧੬੭ ॥ ਦੋਹਰਾ ॥ ਨੰਦ ਗਹੇ ਪਗ ਕ੍ਰਿਸ਼ਨ ਕੇ ਗਏ ਅੰਗ ਲਪਟਾਇ ॥ ਹਰਿ ਸਮਝੇ ਦੁਖ ਨੰਦ ਸਭਿ ਮੋ ਬਿਨੁ ਇਹ ਮਰਿ ਜਾਇ ॥ ੨੬ ॥ ੫੩੬ ॥ ੧੧੬੮ ॥ ਚੌਪਈ ॥ ਮਹਾਂ ਮੋਹਨੀ ਮਾਯਾ ਪ੍ਰੇਰੀ ॥ ਕੀਨ ਅਗਜਾਨਿ ਨੰਦ ਸਭਿ ਕੇਰੀ ॥ ਬੋਲੇ ਕ੍ਰਿਸ਼ਨ ਹਮ ਨਿਕਟ ਤੁਮਾਰੇ ॥ ਮਧ ਪੁਰ ਬਿੰਦ੍ਰਾਬਨ ਨਹਿ ਨਜਾਰੇ ॥ ੨੭ ॥ ੫੩੭ ॥ ੧੧੬੯ ॥ ਚੌਪਈ ॥ ਮੋ ਬਿਨੁ ਦੁਖੀ ਹੋਹਿ ਬ੍ਰਿਜ ਲੋਗ ॥ ਤਾਂ ਤੇ ਤੁਮਹਿ ਪਠੇਂ ਤਜਿ ਸੋਗ ॥ ਕਰ ਜੋਰੇ ਬੋਲੇ ਨੰਦ ਰਾਇ ॥ ਤੁਮ ਸੇ ਮੇਰੋ ਕਛੁ ਨ ਬਸਾਇ ॥ ਕਹੋ ਤੁਮਾਰ ਡਾਰਹੁ ਨਾਹਿ ॥ ਜੋ ਤੁਮ ਕਹਹੁ ਸੋ ਹਮਹੁੰ ਕਰਾਹਿੰ ॥ ੨੮ ॥ ੫੩੮ ॥ ੧੧੭੦ ॥ ਚੌਪਈ ॥ ਗੋਪ ਗ੍ਵਾਲ ਲੈ ਬਿਦਾ ਨੰਦ ਰਾਇ ॥ ਹਰਿ ਮੂਰਤਿ ਉਰ ਧਰਿ ਪਧਰਾਇ ॥ ਕਈ ਇਕ

Scanned by CamScanner

ਸਖਾ ਸਹਿਤ ਜਦੁਰਾਇ ॥ ਮਥੁਰਾ ਰਹੇ ਹਿਰਦਯ ਸੁਖ ਪਾਇ ॥ ੨੯ ॥ ੫੩੯ ॥ ੧੧੭੧ ॥
ਚੌਪਈ ॥ ਸੋਚਿਤ ਨੰਦ ਮਗ ਗੋਪ ਗ੍ਵਾਲ ॥ ਪਹੁੰਚੇ ਬਿੰਦ੍ਰਾਬਨ ਉਰ ਸਾਲ ॥ ਜਸੁਧਾ ਧਾਈ ਹਰਿ ਕੀ
ਮਾਇ ॥ ਕ੍ਰਿਸ਼ਨ ਨ ਦੇਖੇ ਅਤਿ ਦੁਖ ਪਾਇ ॥ ੩੦ ॥ ੫੪੦ ॥ ੧੧੭੨ ॥ ਜਸੋਧਾ ਬਾਚ ॥
ਕਹਹੁ ਕੰਤ ਕਿਤ ਕ੍ਰਿਸ਼ਨ ਬਲਰਾਮ ॥ ਕਹ ਗਵਾਈ ਨਿਧਿ ਘਨਸ਼ਜਾਮ ॥ ਭੂਖਨ ਬਸਲ ਪਲਟੇ
ਤਿਨ ਲੀਨ ॥ ਤੁਮ ਸੇ ਚਤੁਰ ਭਏ ਮਤਿ ਹੀਨ ॥ ੩੧ ॥ ੫੪੧ ॥ ੧੧੭੩ ॥ ਚੌਪਈ ॥ ਪਲਕ
ਓਟ ਜਿਨ ਕੇ ਮਰ ਜਾਤਿ ॥ ਤਿਹ ਬਿਛਰੇ ਜੀਵਨਿ ਕਿਹ ਭਾਂਤਿ ॥ ਯਹਿ ਸੁਨਿ ਨੰਦ ਮਹਾਂ ਦੁਖ
ਪਾਇ ॥ ਜਸੁਧਾ ਦੁਖਿਤ ਦੇਖ ਸਕੁਚਾਇ ॥ ੩੨ ॥ ੫੪੨ ॥ ੧੧੭੪ ॥ ਨੰਦ ਬਾਚ ਚੌਪਈ ॥
ਮੁਏ ਸੁਧਿ ਨਹੀ ਬਸਨ ਅਲੰਕਾਰ ॥ ਕਿਨ ਲੀਨੇ ਤਾ ਅਉਸਰ ਗ੍ਵਾਰ ॥ ਕੰਸ ਮਾਰ ਮੋ ਢਿਗ ਹਰਿ
ਆਇ ॥ ਮੈ ਬਸੁਦੇਵ ਸੁਤ ਕਹੇ ਸੁਨਾਇ ॥ ੩੩ ॥ ੫੪੩ ॥ ੧੧੭੫ ॥ ਚੌਪਈ ॥ ਠਗਮੂਰੀ ਸੀ
ਬੈਨ ਸੁਨਾਇ ॥ ਧੀਰਜਿ ਦੇਇ ਮੁਝ ਬਿਦਾ ਕਰਾਇ ॥ ਪੁਤ੍ਰ ਭਾਉ ਅਬਿ ਦੇਹੁ ਬਿਸਾਰ ॥ ਕ੍ਰਿਸ਼ਨ
ਈਸ ਲਖ ਤਰਹੁ ਸੰਸਾਰ ॥ ੩੪ ॥ ੫੪੪ ॥ ੧੧੭੬ ॥ ਚੌਪਈ ॥ ਕਭੀ ਪੁਤ੍ਰ ਕਹਿ ਰੋਵਤਿ ਮਾਏ
॥ ਕਬਹੂੰ ਹਰਿ ਲਖ ਧਯਾਨ ਕਰਾਏ ॥ ਯਾ ਬਿਧਿ ਸਭਿ ਬਿੰਦ੍ਰਾਬਨਿ ਲੋਗ ॥ ਕ੍ਰਿਸ਼ਨ ਬ੍ਰਿਹ ਕਰਿ
ਆਤੁਰ ਸੋਗ ॥ ੩੫ ॥ ੫੪੫ ॥ ੧੧੭੭ ॥ ਚੌਪਈ ॥ ਨੰਦ ਬਿਦਾ ਕਰਿ ਕ੍ਰਿਸ਼ਨ ਬਲਰਾਮ ॥
ਆਇ ਬਸੁਦੇਵ ਦੇਵਕੀ ਧਾਮ ॥ ਬਸੁਦੇਵ ਦੇਵਕੀ ਪ੍ਰਤਿ ਕਹੇ ॥ ਪਰ ਗ੍ਰਿਹ ਕ੍ਰਿਸ਼ਨ ਬਹੁਤ ਚਿਰ ਰਹੇ
॥ ੩੬ ॥ ੫੪੬ ॥ ੧੧੭੮ ॥ ਚੌਪਈ ॥ ਕੁਲ ਕੀ ਰੀਤਿ ਨ ਜਾਨਹਿ ਕੋਇ ॥ ਖਾਇ ਅਹੀਰਨ
ਸੰਗ ਏ ਦੋਇ ॥ ਕੁਲ ਪ੍ਰੋਹਤ ਤੇ ਸਕਲ ਸੁਨਾਇ ॥ ਜੇ ਵਹਿ ਕਹੇ ਸੁ ਇਨਹਿ ਕਰਾਇ ॥ ੩੭ ॥

Scanned by CamScanner

੫੪੭ ॥ ੧੧੭੯ ॥ ਚੌਪਈ ॥ ਗਰਗ ਬੁਲਾਇ ਬਸੁਦੇਵ ਮਹਾਨ ॥ ਕਹੀ ਬਿਰਥਾ ਤਿਨ ਪਹਿ ਸਾਵਧਾਨ ॥ ਗਰਗ ਕਹੈ ਗਜਾਤ ਪਰਿਵਾਰ ॥ ਬੋਲ ਪਠਹੁ ਤਿਨ ਕੁਲਿ ਬਿਵਹਾਰ ॥ ੩੮ ॥ ੫੪੮ ॥ ੧੧੮੦ ॥ ਚੌਪਈ ॥ ਜਗਯੋ ਪਵੀਤ ਕਰੋ ਜੁਗ ਨੰਦ ॥ ਜਦੁ ਕੁਲ ਕੇ ਸਭਿ ਰੀਤਿ ਸੁਖੰਦ ॥ ਨਿਵਤ ਪਠਾਏ ਦਿਜਨ ਗਜਾਤ ॥ ਜਾਤਿ ਕਰਮ ਕੀਨੇ ਸੁਭ ਭਾਂਤਿ ॥ ੩੯ ॥ ੫੪੯ ॥ ੧੧੮੧ ॥ ਚੌਪਈ ॥ ਜਗਜੁ ਪਵੀਤ ਕਰੇ ਜੁਗ ਨੰਦ ॥ ਬਿਧਵਤ ਬੇਦਨ ਬਿਧਨ ਕਰੰਦ ॥ ਪਢਨ ਹੇਤੁ ਹਲਧਰ ਗੋਬਿੰਦ ॥ ਦੀਨ ਪਠਾਇ ਬਸੁਦੇਵ ਜੁਗ ਬੰਧੁ ॥ ੪੦ ॥ ੫੫੦ ॥ ੧੧੮੨ ॥ ਚੌਪਈ ॥ ਆਵੰਤਿਕਾ ਸਾਂਦੀਪਨਿ ਗ੍ਰੇਹ ॥ ਆਇ ਬਿਦਜਾ ਪਢਨ ਕਰਿ ਨੇਹ ॥ ਹਾਥ ਜੋੜ ਬਿਨਤੀ ਜਗ ਬੀਰ ॥ ਕੀਨ ਪ੍ਰਣਾਮ ਰਿਖੀ ਰਣਧੀਰ ॥ ੪੧ ॥ ੫੫੧ ॥ ੧੧੮੩ ॥ ਰਾਮ ਕ੍ਰਿਸ਼ਨਬਾਚ ਚੌਪਈ ॥ ਬਿਦਜਾ ਮੁਝਹਿ ਪਢਾਵਹੁ ਦੇਵ ॥ ਸਭਿ ਬਿਧਿ ਤੁਮਰੀ ਕਰਿ ਹਉਂ ਸੇਵ ॥ ਸੁਨਿ ਪ੍ਰਸੰਨ ਭਏ ਰਿਖਿ ਰਾਏ ॥ ਗ੍ਰਿਹ ਰਾਖੇ ਜੁਗ ਬੰਧੁ ਹਰਖਾਹਿ ॥ ਚਾਰ ਬੇਦ ਖਟ ਸ਼ਾਸਤ੍ਰ ਪੁਰਾਨ ॥ ਨਉ ਬਜਾਂ ਕਰਣ ਪਢੇ ਰੁਚਿਮਾਨ ॥ ੪੨ ॥ ੫੫੨ ॥ ੧੧੮੪ ॥ ਕੋਕ ਸੰਗੀਤ ਧਨੁ ਆਯੁਰਵੇਦ ॥ ਜਜੋਤਿਸ਼ ਪਿੰਗਲ ਕੇ ਬਹੁ ਭੇਦ ॥ ਚਉਦਹ ਬਿਦਜਾ ਸੇ ਪ੍ਰਬੀਨ ॥ ਭਏ ਸਕਲ ਬਿਧ ਸੁਖ ਆਸੀਨ ॥ ੪੩ ॥ ੫੫੩ ॥ ੧੧੮੫ ॥ ਹਾਥ ਜੋੜ ਗੁਰੁ ਪਹਿ ਗੋਬਿੰਦ ॥ ਗੁਰੁ ਦੱਛਨਾ ਹਿਤ ਕਹੇ ਮੁਕੰਦ ॥ ੪੪ ॥ ੫੫੪ ॥ ੧੧੮੬ ॥ ਸਾਂਦੀਪਨਿ ਪਤਨੀ ਢਿਗ ਆਇ ॥ ਹਰਿ ਕੀ ਮਹਿਮਾ ਕਹੀ ਸੁਨਾਇ ॥ ਜੋ ਇਹ ਹਰਿ ਹੈ ਤੁਮ ਪੁਤ੍ਰ ਬੁਲੇਵ ॥ ਕਹੋ ਤਿਨਹੁ ਪਹਿ ਅਪੁਨੇ ਭੇਵ ॥ ਸਾਂਦੀਪਨਿ ਹਰਿ ਕੇ ਢਿਗ ਆਏ ॥ ਹਾਥ ਜੋੜ ਬਹੁ ਬਿਨਯ ਕਰਾਏ ॥ ੪੫ ॥ ੫੫੫ ॥ ੧੧੮੭ ॥ ਸਾਂਦੀਪਨਿ ਬਾਚ ॥ ਸਾਗਰ

Scanned by CamScanner

ਨਾਵਨ ਇਕ ਦਿਨ ਗਏ ॥ ਸਿੰਧੁ ਸੁਰੰਗ ਮਮ ਸੁਤ ਹਰਿ ਲਏ ॥ ਮੱਛ ਆਦਿ ਜਲਜੰਤੁ ਮਮ ਬਾਰ ॥ ਲੀਲ ਗਯੇ ਸੁਤ ਮੁਹਿ ਕਰਤਾਰ ॥ ਤਿਸਹਿ ਆਨ ਦੱਛਨਾ ਮੁਝ ਦੇਓ ॥ ਹਰਹੁ ਤਾਪ ਮੋਹਿ ਜਗ ਜਸ ਲੇਓ ॥ ੪੬ ॥ ੫੫੬ ॥ ੧੧੯੮ ॥ ਚੌਪਈ ॥ ਰਥ ਆਰੂੜ ਚਲੇ ਘਨਸ਼ਜਾਮ ॥ ਸੰਗ ਸਹਾਇ ਭ੍ਰਾਤ ਬਲਰਾਮ ॥ ਸਾਗਰ ਤੀਰ ਆਇ ਜੁਗਬੰਧੁ ॥ ਭੇਟਾ ਲੈ ਪਹੁੰਚੇ ਤਹਿੰ ਸਿੰਧੁ ॥ ਸਿੰਧੁ ਬਾਚ ॥ ਬਡੇ ਭਾਗ ਮੁਝ ਦਰਸ਼ਨ ਦੀਨ ॥ ਕਿੰ ਨਮਿਤ ਤਪ ਧਰੇ ਆਸੀਨ ॥ ॥ ੪੭ ॥ ੫੫੭ ॥ ੧੧੯੯ ॥ ਕਾਨ੍ਹ ਜੂ ਬਾਚ ਚੌਪਈ ॥ ਰਿਖਿ ਕੁਟੰਬ ਜੁਤ ਨ੍ਹਾਵਨ ਆਏ ॥ ਤਾਤ ਤਰੰਗ ਕਰ ਤੁਮ ਤਿਨ ਘਾਏ ॥ ਤਾਹਿ ਆਨ ਦੈ ਸਿੰਧੁ ਮਹਾਨ ॥ ਹਮਰੋ ਜਸ ਤੁਮਰੋ ਕਲਜਾਨ ॥ ਸਾਗਰ ਬਾਚ ॥ ਮੈ ਨਹੀ ਰਾਖੇ ਰਿਖਿ ਸੁਤ ਨਾਥ ॥ ਤੁਮ ਜਾਨਤ ਹੋ ਸਾਗਰ ਗਾਥ ॥ ॥ ੪੮ ॥ ੫੫੮ ॥ ੧੧੯੦ ॥ ਕਾਨ੍ਹ ਜੂ ਬਾਚ ਚੌਪਈ ॥ ਤੁਮ ਬਿਨੁ ਕਉਨ ਹਰੇ ਗੁਨੁ ਬਾਲ ॥ ਭੇਦ ਤਾਸੁ ਭਾਖੋ ਤਤਕਾਲ ॥ ਉਦਧਿ ਬਾਚ ॥ ਸੰਖਾਸੁਰ ਸੰਖ ਕੋ ਦੇਹ ॥ ਮੋ ਮਹਿ ਰਹਿਤ ਅਸੁਰ ਕਰ ਗ੍ਰੇਹ ॥ ਤਿਨ ਹਰਿ ਆਨੇ ਰਿਖ਼ੀ ਕੁਮਾਰ ॥ ਸਾਚ ਕਹਿਤ ਮੈ ਹੇ ਕਰਤਾਰ ॥ ੪੯ ॥ ੫੫੯ ॥ ੧੧੯੧ ॥ ਤਤ ਛਿਨ ਕੂਦੇ ਸਾਗਰ ਮਾਹ ॥ ਸੰਖ ਹਨੇ ਪ੍ਰਭੁ ਕੋਪ ਕਰਾਹ ॥ ਤਹਾਂ ਨ ਪਾਏ ਗੁਰ ਸੁਤ ਕਾਨ੍ਹ ॥ ਬਿਰਥਾ ਹਨੇ ਹਯ ਸੰਖ ਮਹਾਨ ॥ ਹਲਧਰ ਕਹੇ ਇਸਹਿ ਪ੍ਰਭੁ ਲੇਹ ॥ ਆਯੁਧ ਕਰਿ ਰਾਖਹਿ ਪ੍ਰਭੁ ਤੇਹ ॥ ੫੦ ॥ ੫੬੦ ॥ ੧੧੯੨ ॥ ਤਹ ਤੇ ਗਏ ਜਮ ਕੇ ਅਸਥਾਨ ॥ ਧਰਮ ਰਾਇ ਤਿਹ ਕੋ ਰਾਜਾਨ ॥ ਉਠੇ ਧਰਮ ਪਗ ਲਾਗੇ ਹਰੀ ॥ ਹਾਥ ਜੋੜ ਬਹੁ ਬਿਨਤੀ ਕਰੀ ॥ ਲੈ ਚਰਣੋਦਿਕ ਭਯੋ ਨਿਹਾਲ ॥ ਸਿੰਘਾਸਨ ਬੈਠਾਰੇ ਗੋਪਾਲ ॥ ਜਮ ਧਰਮ ਬਾਚ ॥ ਆਗਜਾ ਜੋ ਕੀਜੈ ਗੁਰੁਦੇਵ ॥ ਕਿੰਕਰ ਕਰੇ

Scanned by CamScanner

ਰਾਵਰੀ ਸੇਵ ॥ ॥ ੫੧ ॥ ੫੬੧ ॥ ੧੧੯੩ ॥ ਕਾਨ੍ਹ ਜੂ ਬਾਚ ਚੌਪਈ ॥ ਗੁਰੁ ਸੁਤ ਦੇਹੁ ਹਮਹਿ ਧਰਮ ਰਾਜ ॥ ਤਾਂ ਤੇ ਹੋਇ ਸਫ਼ਲ ਸਭਿ ਕਾਜ ॥ ਤਤ ਛਿਣ ਆਣੇ ਬਾਲਕ ਧਰਮ ਰਾਇ ॥ ਆਗੇ ਧਰੇ ਕ੍ਰਿਸ਼ਨ ਸੁਖ ਪਾਇ ॥ ਜਾਨਤ ਨ ਥੋ ਮੈਂ ਕ੍ਰਿਪਾ ਨਿਧਾਨ ॥ ਗੁਰੁ ਸੁਤ ਹਿਤੁ ਪ੍ਰਭੁ ਕਰਹਿ ਪਯਾਨ ॥ ਤਾਤ ਜਾਨ ਮੁਨਿ ਬਾਰਿਕ ਦੀਨੁ ॥ ਹਿਤੁ ਕਰਿ ਰਾਖੇ ਨਿਜ ਆਸੀਨ ॥ ੫੨ ॥ ੫੬੨ ॥ ੧੧੯੪ ॥ ਚੌਪਈ ॥ ਗੁਰੁ ਸੁਤ ਲੈ ਆਏ ਘਨ ਸ਼ਯਾਮ ॥ ਸਾਂਦੀਪਨਿ ਪਗ ਕੀਨ ਪ੍ਰਨਾਮ ॥ ਕਾਨ੍ਹ ਜੂ ਬਾਚ ॥ ਅਵਰ ਜੇ ਆਗਜਾ ਕੀਜੈ ਦੇਵ ॥ ਕਰੋਂ ਤੁਮਾਰੀ ਸਭਿ ਬਿਧ ਸੇਵ ॥ ਗੁਰੁ ਬਾਚ ॥ ਪੁਤ੍ਰ ਦਾਨ ਤੁਮ ਦੀਨ ਗੋਬਿੰਦ ॥ ਪਰਮ ਸੁਖਿਤ ਕੀਨਹ ਸੁਖ ਸਿੰਧੁ ॥ ਅਬ ਅਪਨੇ ਗ੍ਰਿਹ ਕੋ ਤੁਮ ਜਾਉ ॥ ਮੁਝ ਪ੍ਰੀਤਿ ਰਖੀਯੋ ਕਰ ਭਾਉ ॥ ੫੩ ॥ ੫੬੩ ॥ ੧੧੯੫ ॥ ਚੌਪਈ ॥ ਬਿਦਾ ਹੋਇ ਰਥ ਚਢ ਘਨਸ਼ਜਾਮ ॥ ਮਥੁਰਾ ਆਇ ਕ੍ਰਿਸ਼ਨ ਅਭਿਰਾਮ ॥ ਉਗ੍ਰਸੈਨ ਲੇਵਾਵਨ ਆਇ ॥ ਬਸੁਦੇਵ ਸਹਿਤ ਜੁਗ ਨੰਦ ਦਰਸਾਇ ॥ ਮਿਲੈ ਤਾਤ ਨਾਨਾ ਜੁਗਬੰਧੁ ॥ ਚਲੇ ਲਵਾਇ ਭੂਪਤਿ ਸੁਖਸਿੰਧੁ ॥ ਬਿਬਿਧ ਨਿਸ਼ਾਨ ਪਾਂਵੜੇ ਬਿਛਾਇ ॥ ਮਥੁਰਾ ਲਾਇ ਹਰਿ ਪਧਰਾਇ ॥ ੫੪ ॥ ੫੬੪ ॥ ੧੧੯੬ ॥ ਇਤਿ ਸ੍ਰੀ ਦਸਮ ਸਕੰਧੇ ਮਹਾਂਪੁਰਾਣੇ ਸੰਖਾਸੁਰ ਬਧੋ ਨਾਮ ਪੰਚ ਚਤ੍ਵਾਰਿੰਸੋ ਧਯਾਯਃ ॥ ੪੫ ॥ ਦੋਹਰਾ ॥ ਕ੍ਰਿਸ਼ਨ ਕਹੇ ਬਲਰਾਮ ਪ੍ਰਤਿ ਕਰੀ ਅਵਧ ਸੰਗ ਮਾਇ ॥ ਬੀਤ ਗਏ ਤੇ ਅਵਧ ਸੋ ਬਜਾਕੁਲਿ ਗੋਪੀ ਮਾਇ ॥ ੧ ॥ ੫੬੫ ॥ ੧੧੯੭ ॥ ਚੌਪਈ ॥ ਪਠਹਿੰ ਕੋਇ ਹਮ ਪਿਤ ਢਿਗ ਮਾਇ ॥ ਤਾਂ ਤੇ ਧੀਰਜ ਸਭਹ ਕਰਾਇ ॥ ਕਾਨ੍ਹ ਜੂ ਬਾਚ ॥ ਊਧਉ ਪ੍ਰਤਿ ਭਾਖੇ ਭਗਵਾਨ ॥ ਤੁਮ ਹੋ ਧਰਮ ਚਤੁਰ ਸੁ ਗਜਾਨ ॥ ਸਖਾ ਮਾਂਹਿ ਤੁਮ ਬਡਿ ਪ੍ਰਬੀਨ ॥ ਬੇਗ ਜਾਹੁ ਤੁਮ ਨੰਦ ਆਸੀਨ ॥ ਹਮਰੀ ਕੁਸਲ

Scanned by CamScanner

ਕਹੋ ਪਿਤੁ ਮਾਤੁ ॥ ਗੋਪੀ ਜਨ ਕਹਿੰ ਦੇਵਹਿੰ ਸਾਂਤ ॥ ੨ ॥ ੫੬੬ ॥ ੧੧੯੮ ॥ ਚੌਪਈ ॥ ਗਜਾਨ ਦ੍ਰਿੜਾਇ ਆਵਹੁ ਝਬਿ ਮੀਤ ॥ ਨੰਦ ਜਸ਼ੋਧਾ ਅਸਥਿਰ ਚੀਤ ॥ ਪੁਤ੍ਰ ਭਾਵ ਤਜਿ ਭਜਹਿ ਭਗਵਾਨ ॥ ਮੁਝ ਕੋ ਅਪੁਨੇ ਨਿਕਟ ਪਹਿਚਾਨ ॥ ਪਛਾਤ ਕਰਹੁ ਗੋਪਨ ਉਪਦੇਸ਼ ॥ ਗਜਾਨ ਬੈਰਾਗ ਕਹਜੋ ਸੰਦੇਸ਼ ॥ ਕੰਤੁ ਭਾਵ ਪਰਿਹਰਿ ਮੁਝ ਭਜਹਿ ॥ ਈਸ੍ਵਰ ਜਾਨਿ੍ ਮੁਝ ਹੀ ਕਹੁ ਜਜਹਿ ॥ ੩ ॥ ੫੬੭ ॥ ੧੧੯੯ ॥ ਚੌਪਈ ॥ ਹਮ ਹਿਤ ਗੋਪੀ ਤਜਿ ਹੈ ਲਾਜ ॥ ਤਿਨ ਕੇ ਸਖਾ ਸਵਾਰਹੁ ਕਾਜ ॥ ਅਵਧ ਚਿਤਾਰਤਿ ਹੈਂ ਦਿਨ ਰਾਤਿ ॥ ਗਜਾਨ ਉਪਦੇਸ਼ ਕੀਜਹੁ ਭਲਿ ਭਾਂਤਿ ॥ ਮਾਤ ਰੋਹਿਨੀ ਕੋ ਲੈ ਆਵਹੁ ॥ ਸੀਘ੍ਰ ਬਿੰਦ੍ਰਾਬਨਹ ਸਿਧਾਵਹੁ ॥ ੪ ॥ ੫੬੮ ॥ ੧੨੦੦ ॥ ਦੋਹਰਾ ॥ ਪਾਤੀ ਲਿਖਿ ਹਰਿ ਜੀ ਪਠਜੋ ਊਧਉ ਢਿਗ ਪਿਤੁ ਮਾਤ ॥ ਗਜਾਨ ਜੋਗ ਯਥਾਰਥਤਾ ਜਾਂ ਤੇ ਉਪਜਹਿ ਸਾਂਤ ॥ ੫ ॥ ੫੬੯ ॥ ੧੨੦੧ ॥ ਦੋਹਰਾ ॥ ਕ੍ਰੀਟ ਕੁੰਡਲ ਭੂਸ਼ਨ ਬਸਨ ਪਹਿਰਾਏ ਹਰਿ ਆਪ ॥ ਨਿਜ ਰਥ ਪਰ ਊਧਉ ਪਠੇ ਨੰਦ ਰਾਇ ਢਿਗ ਧ੍ਰਾਪ ॥ ੬ ॥ ੫੭੦ ॥ ੧੨੦੨ ॥ ਚੌਪਈ ॥ ਰਥ ਚੜ ਊਧਉ ਪਥ ਪਰ ਚਢੇ ॥ ਪਹੁੰਚੇ ਚਿਰ ਮਹਿ ਨੀ ਸਦਨ ਨੰਦ ਗਏ ॥ ਬਨ ਉਪਬਨ ਕੁੰਜਨ ਸੁਖਦਾਇ ॥ ਫੂਲੇ ਫਲਹਿ ਸੁਭਗ ਬਨਰਾਇ ॥ ਨਾਨਾ ਖਗ ਮ੍ਰਿਗ ਕਰੈਂ ਨਿਵਾਸੁ ॥ ਸੀਤਲ ਮੰਦ ਸੁਗੰਧ ਬਤਾਸੁ ॥ ਬਛ ਗਾਇ ਡੋਲਤਿ ਬਨ ਮਾਹਿ ॥ ਗੋਪੀ ਗੋਪ ਕ੍ਰੀੜਤਿ ਗੁਨ ਗਾਹਿੰ ॥ ੭ ॥ ੫੭੧ ॥ ੧੨੦੩ ॥ ਚੌਪਈ ॥ ਹਰਿ ਬਿਹਾਰ ਅਸਥਲ ਸੁਖਧਾਮ ॥ ਊਧਉ ਕਰਤ ਡੰਡ ਪ੍ਰਨਾਮ ॥ ਹਰਿ ਰਥ ਨਿਰਖ ਗੋਪ ਚਹੁੰ ਓਰ ॥ ਘੇਲ ਲੀਨ ਊਧਉ ਤਾਂ ਠਉਰ ॥ ਏਕ ਜਨਾਯੋ ਨੰਦ ਪਹਿ ਜਾਇ ॥ ਮਥੁਰਾ ਸੇ ਊਧਉ ਕੋਈ ਆਇ ॥ ਹਰਿ ਕੋ ਪੇਖ ਕੀਏ ਸਭਿ ਅੰਗ ॥ ਹਰਿ ਰਥ ਚਢਿ

Scanned by CamScanner

ਆਯੋ ਸੁ ਪ੍ਰਸੰਨ ॥ ੮ ॥ ੫੭੨ ॥ ੧੨੦੪ ॥ ਚੌਪਈ ॥ ਸ੍ਰਿਨੁ ਸੀਘ੍ਰ ਆਏ ਨੰਦ ਰਾਇ ॥ ਆਦਰ ਦੈ ਕੇ ਸਦਨ ਲਿਵਾਇ ॥ ਨੰਦ ਬਾਚ ॥ ਰਾਮ ਕ੍ਰਿਸ਼ਨ ਪੂਛੇ ਕੁਸਰਾਤ ॥ ਕਹੁ ਊਧਉ ਮਾਧਉ ਕਿਹ ਭਾਂਤਿ ॥ ਖਾਨ ਪਾਨ ਕਰਵਾਇਸ ਤਾਸੁ ॥ ਸ੍ਰਮ ਨਿਵਾਰਿ ਊਧਉ ਪ੍ਰਯਾਸ ॥ ਪੂਛੇ ਨੰਦ ਕੁਸਲ ਬਸੁਦੇਵ ॥ ਹਮ ਸੇ ਪ੍ਰੀਤਿ ਰਖੇ ਕਿਹ ਭੇਵ ॥ ੯ ॥ ੫੭੩ ॥ ੧੨੦੫ ॥ ਚੌਪਈ ॥ ਊਧਉ ਕਹਹੁ ਕ੍ਰਿਸ਼ਨ ਕੁਸਲਾਤ ॥ ਹਮਰੀ ਸੁਧਿ ਲੇਹ ਕਿਸ ਭਾਂਤਿ ॥ ਆਵਨ ਕਹੇ ਸ਼ਯਾਮ ਨਹੀ ਆਏ ॥ ਬ੍ਰਿਜ ਯੁਵਤੀ ਹਰਿ ਸਭਿ ਬਿਸਰਾਏ ॥ ਜਸ਼ੁਧਾ ਨਿਤ ਨਉ ਨੀਤ ਤਜਾਰ ॥ ਰਾਮ ਕ੍ਰਿਸ਼ਨ ਹਿਤੁ ਧਰੇ ਸੁਧਾਰ ॥ ਬੀਤੇ ਅਵਧ ਕ੍ਰਿਸ਼ਨ ਨਹੀਂ ਆਏ ॥ ਜੀਵਨ ਹਮਰੋ ਹੋਇ ਕਿਹ ਭਾਏ ॥ ੧੦ ॥ ੫੭੪ ॥ ੧੨੦੬ ॥ ਚੌਪਈ ॥ ਯਾ ਪ੍ਰਕਾਰ ਪੂਛਤ ਨੰਦ ਰਾਇ ॥ ਸੁਧਿ ਬੁਧਿ ਬਿਸਰ ਗਈ ਗੁਨ ਗਾਇ ॥ ਜਸ਼ੁਧਾ ਆਈ ਹਰਿ ਕੀ ਮਾਇ ॥ ਤਨੁ ਮਨੁ ਕੀ ਸਭਿ ਸੁਧਿ ਬਿਸਰਾਇ ॥ ੧੧ ॥ ੫੭੫ ॥ ੧੨੦੭ ॥ ਜਸੁਧਾ ਬਾਚ ਚੌਪਈ ॥ ਪੂਛਤਿ ਕੁਸਲ ਕ੍ਰਿਸ਼ਨ ਬਲਦੇਵ ॥ ਹਮਰੀ ਸੁਧ ਲੇਹੇ ਕਿਹੰ ਭੇਵ ॥ ਕਹਾਂ ਸੰਦੇਸ਼ ਪਠੇ ਤੁਮ ਹਾਥ ॥ ਊਧਉ ਕਹਹੁ ਕੁਸ਼ਲ ਬ੍ਰਿਤਾਂਤ ॥ ੧੨ ॥ ੫੭੬ ॥ ੧੨੦੮ ॥ ਊਧਉ ਬਾਚ ਚੌਪਈ ॥ ਰਾਮ ਕ੍ਰਿਸ਼ਨ ਕੁਸ਼ਲ ਸਭਿ ਭਾਂਤਿ ॥ ਤੁਮਰੀ ਸੁਧਿ ਲੇਹ ਜੁਤ ਤਾਤਿ ॥ ਪਤ੍ਰੀ ਪਢਿ ਊਧਉ ਸਭਿ ਕਹੈਂ ॥ ਅਪੁਨੇ ਨਿਕਟ ਕ੍ਰਿਸ਼ਨ ਤੁਮ ਲਹੈਂ ॥ ਆਦਿ ਪੁਰਖੁ ਜਿਹ ਤਾਤੁ ਨ ਮਾਤੁ ॥ ਸਖਾ ਸੁਹਿਰਦ ਬੰਧੁ ਨਹ ਭ੍ਰਾਤੁ ॥ ਸੋ ਪ੍ਰਗਟਜੋ ਤੁਮਰੇ ਗ੍ਰਿਹ ਆਇ ॥ ਪੁਤ੍ਰ ਭਾਉ ਤੁਮ ਲਾਡ ਲਡਾਇ ॥ ੧੩॥ ੫੭੭ ॥ ੧੨੦੯ ॥ ਚੌਪਈ ॥ ਤਾ ਹੀ ਕੋ ਤੁਮ ਧਰਹੁ ਧਜਾਨ ॥ ਹੋਇ ਸਦਾ ਤੁਮਰੋ ਕਲਜਾਨ ॥ ਸਦਾ ਸਮੀਪ ਤੁਮਰੇ ਭਗਵਾਨ ॥ ਸਤ੍ਰ ਮਿਤ੍ਰ ਜਿਹ ਏਕ ਸਮਾਨ ॥ ਭ੍ਰਿੰਗੀ

Scanned by CamScanner

ਕੰਜ ਜਿਮ ਭ੍ਰਮਤ ਰਹੇ ॥ ਤਜਾਗਤ ਭ੍ਰਮ ਨ ਦੁਖ ਸਿਰ ਸਹੇ ॥ ਪ੍ਰੇਮ ਬਿਬਿਸਿ ਹਰਿ ਬਸੇ ਜਨ ਸਾਥ ॥ ਸ੍ਰੁਤਿ ਸ਼ਾਸਤ੍ਰ ਮੁਨਿ ਬਦਤਿ ਸਭਿ ਗਾਥ ॥ ॥ ੧੪ ॥ ੫੭੯ ॥ ੧੨੧੦ ॥ ਚੌਪਈ ॥ ਹਰਿ ਕੋ ਪੁਤ੍ਰ ਨ ਲਖੋ ਸੁਰ ਗਜਾਨ ॥ ਭਜਹੁ ਇਸੇ ਕਰਿ ਕ੍ਰਿਸ਼ਨ ਹਿਤੁ ਠਾਨ ॥ ਭਯੋ ਪ੍ਰਾਤ ਗਏ ਜਮੁਨਾ ਨ੍ਹਾਨ ॥ ਤਰਪਨ ਸੰਧਜਾ ਕਰ ਹਰਿ ਧਜਾਨ ॥ ਬ੍ਰਿਜ ਯੁਵਤੀ ਉਠੀ ਤਿਹ ਕਾਲ ॥ ਦਧਿ ਪਯ ਮਥਤ ਸੁਭ ਬਦਨ ਰਸਾਲ ॥ ੧੫ ॥ ੫੭੯ ॥ ੧੨੧੧ ॥ ਦੋਹਰਾ ॥ ਹ੍ਵੈ ਨਿਚਿੰਤ ਗ੍ਰਿਹ ਕਾਜ ਤੇ ਬ੍ਰਿਜ ਯੁਵਤੀ ਇਕ ਸੰਗ ॥ ਨ੍ਹਾਵਨ ਜਮੁਨਾ ਤਟਿ ਗਈ ਗਾਵਤਿ ਕ੍ਰਿਸ਼ਨ ਪ੍ਰਸੰਗ ॥ ੧੬ ॥ ੫੮੦ ॥ ੧੨੧੨ ॥ ਦੋਹਰਾ ॥ ਤਨੁ ਕ੍ਰਿਸ਼ਨ ਮਯ ਗੋਪੀਆਂ ਹ੍ਰਿਦਯ ਬਸਤ ਬ੍ਰਿਜਰਾਜ ॥ ਦੂਧ ਬਾਰਿ ਸੋ ਹੇਤ ਤੀਯ ਬਿਲਗ ਨ ਪੀਯ ਸਮਾਜ ॥ ੧੭ ॥ ੫੮੧ ॥ ੧੨੧੩ ॥ ਗੋਪੀ ਬਾਚ ਚੌਪਈ ॥ ਏਕ ਕਹੈਂ ਹਰਿ ਬੇਨੁ ਬਜਾਵੈਂ ॥ ਬ੍ਰਿਜ ਲਲਨਾ ਹਿਤ ਰਾਸਿ ਬੁਲਾਵੈਂ ॥ ਏਕ ਕਹੈਂ ਸੁਰਭੀ ਹਰਿ ਚਾਰੈਂ ॥ ਬਟੁ ਕਦੰਬ ਤਰੁ ਸ਼ਜਾਮ ਬਿਹਾਰੈਂ ॥ ਯਾ ਪ੍ਰਕਾਰ ਸੁਧਿ ਲੇਹ ਬ੍ਰਿਜ ਬਾਲਾ ॥ ਕ੍ਰਿਸ਼ਨ ਮਯ ਭਈ ਗੋਪਿਕਾ ਮਾਲਾ ॥ ੧੮ ॥ ੫੮੨ ॥ ੧੨੧੪ ॥ ਇਤਿ ਸ੍ਰੀ ਦਸਮ ਸਕੰਧੇ ਮਹਾਂਪੁਰਾਣੇ ਊਧਉ ਬਿੰਦ੍ਰਾਬਨ ਗਵਨੋ ਖਸ਼੍ਰ ਚਤੁਵਾਰਿੰਸੋ ਧਜਾਜਃ ॥ ੪੬ ॥ ਚੌਪਈ ॥ ਊਧਉ ਨਹਾਇ ਚਲੇ ਨੰਦ ਧਾਮ ॥ ਪੰਥ ਮਹਿ ਮਿਲੀ ਸਕਲ ਬ੍ਰਿਜ ਭਾਮ ॥ ਰਥ ਅਵਿਲੋਕ ਕ੍ਰਿਸ਼ਨ ਸੁਧਿ ਆਏ ॥ ਬੋਲੀ ਦੇਖ ਲੇਹ ਜੂ ਏ ਯਾਏ ॥ ਏਕ ਬੋਲੀ ਕਪਟੀ ਅਕ੍ਰੂਰ ॥ ਛਲ ਕਰਿ ਲੈ ਗਯੋ ਜੀਵਨਿ ਮੂਰਿ ॥ ਕੰਸ ਮਰਾਇ ਮਥੁਰਾ ਬਿਰਮਾਯੋ ॥ ਅਬ ਯਹਿ ਕਾਲ ਗੋਪਿਕਾ ਆਯੋ ॥ ੧ ॥ ੫੮੩ ॥ ੧੨੧੫ ॥ ਸ੍ਰੀ ਸੁਕੋ ਵਾਚ ਦੋਹਰਾ ॥ ਗਾਗਰ ਧਰ ਬਾਂਤੇਂ ਕਰਤਿ ਕ੍ਰਿਸ਼ਨ ਬੇਖ ਘਨਿ ਸਜਾਮ ॥ ਕ੍ਰੀਟ ਕੁੰਡਲ ਬਨਿ ਮਾਲ ਉਰ

Scanned by CamScanner

ਪੀਤਾਂਬਰ ਅਭਿਰਾਮ ॥ ੨ ॥ ੫੮੪ ॥ ੧੨੧੬ ॥ ਚੌਪਈ ॥ ਰਥ ਪਹਿ ਕੋ ਨ੍ਰਿਖਤਿ ਢਿਗ ਆਵਤਿ ॥ ਯਾ ਪ੍ਰਕਾਰ ਗੋਪੀ ਬਤਜਾਵਤਿ ॥ ਕਹਤਿ ਭਈ ਇਕ ਗੋਪੀ ਬੈਨਿ ॥ ਨੰਦ ਸਦਨ ਇਸ ਦੇਖਯੋ ਰੈਨਿ ॥ ਊਧਉ ਨਾਮ ਸਖਾ ਗੋਬਿੰਦ ॥ ਪਠਏ ਯਾ ਕਹੁ ਸ੍ਰੀ ਬ੍ਰਿਜ ਚੰਦ ॥ ਯਹਿ ਸੁਨਿ ਸਭਿ ਹੀ ਤਜਿ ਕਰ ਲਾਜ ॥ ਸਨਮੁਖ ਆਈ ਸਖਾ ਬ੍ਰਿਜ ਰਾਜ ॥ ੩ ॥ ੫੮੫ ॥ ੧੨੧੭ ॥ ਚੌਪਈ ॥ ਰਥ ਕਹ ਘੇਰ ਸਭੀ ਬ੍ਰਿਜ ਨਾਰ ॥ ਦੇਖਜੋ ਪ੍ਰੀਤਿ ਗੋਪੀ ਨਿਰਧਾਰ ॥ ਰਥ ਸੇ ਉਤ੍ਰ ਏਕਾਂਤ ਮਹਿ ਜਾਇ ॥ ਤਹਾਂ ਸਕਲ ਬ੍ਰਿਜ ਯੁਵਤੀ ਆਇ ॥ ਮਧਜ ਕੀਨਜੁ ਊਧਉ ਹਰਿ ਦਾਸ ॥ ਬੈਠੀ ਗੋਪੀ ਸਭਿ ਚਹੁੰ ਪਾਸ ॥ ਗੋਪੀ ਬਾਚ ॥ ਊਧਉ ਕਹਹੁ ਮਾਧਵ ਕੁਸਲਾਤ ॥ ਪਠੈ ਤੁਮਹਿ ਹਿਤੁ ਤਾਤੁ ਅਰੁ ਮਾਤ ॥ ॥ ੪ ॥ ੫੮੬ ॥ ੧੨੧੮ ॥ ਚੌਪਈ ॥ ਹਉਂ ਸਰਬੰਸੁ ਦੀਨਜੋ ਨੰਦ ਕੁਮਾਰ ॥ ਵੇ ਤਜਿ ਗਏ ਸਕਲ ਬ੍ਰਿਜ ਨਾਰ ॥ ਫਲ ਬਿਹੂਨ ਬ੍ਰਿਖਛ ਖਗ ਤਜੇ ॥ ਤਾ ਪ੍ਰਕਾਰ ਹਰਿ ਗੋਪਿਕਾ ਭਜੇ ॥ ਯਾ ਪ੍ਰਕਾਰ ਬਿਲਖਤ ਬਹੁ ਭਾਂਤਿ ॥ ਗੋਪੀ ਦਸਾ ਨਿਰਖ ਹਰਿਦਾਸ ॥ ਪ੍ਰੇਮ ਮਗਨ ਬ੍ਰਿਜਬਾਲਾ ਸਕਲ ॥ ਕ੍ਰਿਸ਼ਨ ਚਿਤਾਰਤਿ ਆਕੁਲ ਬਿਕਲ ॥ ੫ ॥ ੫੮੭ ॥ ੧੨੧੯ ॥ ਚੌਪਈ ॥ ਤਾਂ ਅਉਸਰ ਮਕਰੰਦ ਹਿਤੁ ਬਾਸ ॥ ਆਯੋ ਪੁਹਪੁ ਏਕ ਅਨਯਾਸ ॥ ਗੋਪੀ ਬਾਚ ॥ ਰੇ ਮਧੁਕਰ ਪਦ ਕੰਜ ਰਜ ਬਾਸੁ ॥ ਲੀਨਜੋ ਤੈਂ ਮਾਧਵ ਪਦ ਵਾਸੁ ॥ ਤਾਂ ਕਰਿ ਤੈਂ ਮਧੁਕਰ ਵਪੁ ਲਹੈ ॥ ਕਪਟੀ ਕੋ ਸੁਹ੍ਰਿਦ ਤੈਂ ਅਹੈਂ ॥ ਤੇ ਪਠਏ ਤੁਝ ਮੈ ਢਿਗ ਕੁਟਿਲ ॥ ਕਪਟੀ ਕ੍ਰਿਸ਼ਨ ਕੋ ਦੂਤ ਤੈਂ ਚਪਲ ॥ ੬ ॥ ੫੮੮ ॥ ੧੨੨੦ ॥ ਚੌਪਈ ॥ ਤੈਂ ਜਿਨਿ ਛੁਹੇਂ ਹਮਰੋ ਪਗੁ ਆਇ ॥ ਮਥੁਰਾ ਨਾਰੀ ਸੋ ਹਿਤੁ ਲਾਇ ॥ ਜੇ ਤੇ ਸਜਾਮ ਬਰਨ ਜਗ ਮਾਹਿ ॥ ਤੇ ਸਭਿ ਕਪਟੀ ਕੁਟਿਲ ਗਿਨਾਹਿ ॥ ਦੂਜ ਮਕਰੰਦ ਆਯੋ ਤਿਹ

Scanned by CamScanner

ਠਾਂਇ ॥ ਲਲਤਾ ਬੋਲੀ ਬ੍ਰਿਹ ਦੁਖ ਪਾਇ ॥ ਅਲੱਗੇ ਹਮ ਸੇ ਭ੍ਰਮਰ ਤੁਮ ਰਹੋ ॥ ਮਧੁ ਪੁਰ ਜਾਇ ਮਾਧਵ ਪ੍ਰਤਿ ਕਹੋ ॥ ੭ ॥ ੫੯੯ ॥ ੧੨੨੧ ॥ ਚੌਪਈ ॥ ਬਾਵਨੁ ਬਲੀ ਪਠੇ ਪਾਤਾਲ ॥ ਸੀਤਾ ਸਦਨ ਕਢੇ ਤਤ ਕਾਲ ॥ ਸਰਬੰਸੁ ਦੀਨ ਤਾਸੋਂ ਅਸ ਕਰੇ ॥ ਮੋ ਸੇ ਕਰੇ ਤਾਂ ਕਹਾਂ ਉਨ ਢਰੇ ॥ ਕੁਬਿਜਾ ਜਹਾਂ ਪਦਮਨੀ ਨਾਰਿ ॥ ਮਾਧਉ ਸੋ ਜਾ ਕੋ ਲਗਵਾਰਿ ॥ ਪੁਰ ਕੀ ਯੁਵਤੀ ਮਹਿ ਹਰਿ ਪਜਾਰ ॥ ਬ੍ਰਿਜ ਬਾਲਾ ਗੋਪਿਕਾ ਗਵਾਰ ॥ ੮ ॥ ੫੯੦ ॥ ੧੨੨੨ ॥ ਚੌਪਈ ॥ ਊਧਉ ਜੀ ਤੁਮ ਹਮ ਲੈ ਜਾਓ ॥ ਮਥੁਰਾ ਬਾਸੇ ਹਰਿ ਹਮਹਿ ਬਸਾਓ ॥ ਊਧਉ ਬਾਚ॥ ਅਬ ਜੋ ਕਹੀ ਸ਼ਜਾਮ ਸੁਨਿ ਲੇਹੁ ॥ ਬਿਸਯ ਕਾਂਛਾ ਤੁਮ ਸਭਿ ਤਜਿ ਦੇਹੁ ॥ ਜੋਗ ਕਰਹੁ ਮੁਝਿ ਧਰਹੁ ਧਜਾਨ ॥ ਪ੍ਰਾਪਤਿ ਹੋਹੁ ਮੋਹਿ ਸੁਰ ਗਜਾਨ ॥ ਤੁਮ ਹਰਿ ਸੇ ਕਰੀ ਨਿਰੰਤਰਿਤ ਪ੍ਰੀਤਿ ॥ ਜੈਸੇ ਹਹਿ ਪ੍ਰੇਮੀ ਕੀ ਰੀਤਿ ॥ ਅਲਖ ਅਰੂਪ ਅਨਾਦਿ ਭਗਵੰਤ ॥ ਤਿਸੁ ਜਾਨੋ ਤੁਮ ਅਪੁਨੋ ਕੰਤ ॥ ੯ ॥ ੫੯੧ ॥ ੧੨੨੩ ॥ ਚੌਪਈ ॥ ਯਾ ਤੇ ਹਰੀ ਬਸੇ ਜਾਇ ਦੂਰਿ ॥ ਨਿਕਟ ਰਹੇ ਤੇ ਨੇਹ ਨਹੀ ਪਰਪੂਰਿ ॥ ਰਾਸਿ ਬਿਖੈ ਤੁਮ ਹਰਿ ਸੋ ਖਿਲੀ ॥ ਅਪੁਨੇ ਬਸਿ ਜਾਨੇ ਸਭਿ ਅਲੀ ॥ ਤਤ ਛਿਨ ਹਰਿ ਤਜਿ ਦੀਨ ਬ੍ਰਿਜ ਨਾਰਿ ॥ ਅੰਤ੍ਰਖਛਤ ਏ ਤਿਹ ਸਮਯ ਮੁਰਾਰਿ ॥ ਜਬ ਤੁਮ ਆਪਾ ਤਜਿ ਹਰਿ ਚਿਤੇ ॥ ਆਇ ਮਿਲੇ ਤੁਮ ਸੇ ਜਗ ਪਤੇ ॥ ਤੈਸ ਹੀ ਅਬ ਤਜ ਕੈ ਅਭਿਮਾਨ ॥ ਸਿਮਰਉ ਨਿਸਿ ਦਿਨ ਹੁਇ ਕਲਜਾਨ ॥ ੧੦ ॥ ੫੯੨ ॥ ੧੨੨੪ ॥ ਗੋਪੀ ਬਾਚ ਚੌਪਈ ॥ ਅਬ ਮੁਝ ਗਜਾਨ ਜੋਗ ਦ੍ਰਿਢਾਇ ॥ ਪੜ੍ਹੀ ਪਠੇ ਤੁਮ ਕਰ ਜਦੁ ਰਾਇ ॥ ਬਾਲਾਪਨ ਕੀ ਪ੍ਰੀਤਿ ਬਿਸਾਰੀ ॥ ਅਬ ਕਹਿਲਾਵਤ ਸ਼ਜਾਮ ਮੁਰਾਰੀ ॥ ਖੇਲਤ ਹੁਤੋ ਗੋਪ ਬ੍ਰਿਜ ਨਾਰ ॥ ਅਬ ਕਹਿਲਾਵਤ ਹੈ ਕਰਤਾਰ ॥ ਇਕ ਬੋਲੀ ਊਧਉ ਨਿਰਦੋਸ਼ ॥

ਭੇਜਜੋ ਯਾ ਕਹੁ ਕੁਬਿਜਾ ਰੋਸ ॥ ੧੧ ॥ ੫੯੩ ॥ ੧੨੨੫ ॥ ਭੋਗ ਤਜੈਂ ਹਮ ਜੋਗ ਕਮਾਵੈਂ ॥ ਅਛਤ ਕੰਤ ਮੁਖ ਛਾਰ ਲਗਾਵੈਂ ॥ ਆਪ ਕੁਬਿਜਾ ਬਸਿ ਰਹੇ ਬਿਰਮਾਏ ॥ ਹਮ ਕੋ ਕਹਿਤ ਹੈ ਜੋਗ ਕਾਮਇ ॥ ਕੁਬਿਜਾ ਜਿਹ ਬਿਧ ਨਾਚ ਨਾਵੈ ॥ ਤੈਸੋ ਲਿਖ ਹਮਹਿ ਸ਼ਜਾਮ ਪਠਾਵੈ ॥ ਊਧਉ ਸੁਨਿ ਲਜਿਤ ਹ੍ਵੈ ਗਏ ॥ ਗੋਪੀ ਪ੍ਰੀਤਿ ਸਮੁਝ ਸਕੁਚਏ ॥ ੧੨ ॥ ੫੯੪ ॥ ੧੨੨੬ ॥ ਚੌਪਈ ॥ ਪੁਨਬੋਲੀ ਗੋਪੀ ਕਰ ਨੇਹ ॥ ਬਲ ਭਦ੍ਰ ਕਛੁ ਰਖਤ ਸਨੇਹ ॥ ਕਬਿਹੂੰ ਹਮਰੀ ਸੁਧਿ ਵੈ ਲੇਂਹ ॥ ਕੈ ਵੈ ਭਏ ਸ਼ਜਾਮ ਸੋ ਦੇਹ ॥ ਇਕ ਬੋਲੀ ਤੁਮ ਜਾਤ ਗਵਾਰ ॥ ਪੁਰ ਬਾਸੀ ਮਥੁਰਾ ਕੀ ਨਾਰ ॥ ਚਤੁਰ ਸਲੋਨੀ ਅੰਜਨ ਚਾਰ ॥ ਰਚੇ ਤਾਹਿ ਸੰਗ ਨੰਦ ਕੁਮਾਰ ॥ ਬ੍ਰਿਜ ਯੁਵਤੀ ਹਰਿ ਦੀਨ ਬਿਸਾਰ ॥ ਜਿਮ ਕੁੰਚਰੀ ਅਹਿ ਤਜੇ ਬਿਕਾਰ ॥ ੧੩ ॥ ੫੯੫ ॥ ੧੨੨੭ ॥ ਰਹੋ ਸਖੀ ਤੁਮ ਆਸ ਕਨ੍ਹਾਈ ॥ ਆਵਹਿ ਗੇ ਬ੍ਰਿਜਰਾਜ ਰੀ ਮਾਈ ॥ ਅਸ਼੍ਰ ਮਾਸ ਧਰਨੀ ਸਹੈ ਤਾਪ ॥ ਪਰਸਾ ਕਰ ਪੂਜਾ ਤਿਸ ਆਸ ॥ ਬੋਲੀ ਤਾ ਮਹਿ ਸਖੀ ਪ੍ਰਬੀਨ ॥ ਰਾਜ ਪਾਇ ਕ੍ਰਿਸ਼ਨ ਭਏ ਸੁਖੀਨ ॥ ਰਾਜ ਛੋਡ ਨਹੀਂ ਗਾਇ ਚਰਾਵੈਂ ॥ ਤਜੈ ਅਵਧ ਕੋ ਆਸ ਨ ਆਵੈ ॥ ਇਕ ਬੋਲੀ ਆਸਾ ਕਿਮ ਤਜੈ ॥ ਅਹਿ ਨਿਸਿ ਕ੍ਰਿਸ਼ਨ ਕ੍ਰਿਸ਼ਨ ਕਹਿ ਭਜੈ ॥ ੧੪ ॥ ੫੯੬ ॥ ੧੨੨੮ ॥ ਊਧੋ ਪੇਖ ਗੋਪਿਕਾ ਸਨੇਹ ॥ ਮਨ ਹੇ ਰ ਸਰਾਹਤਿ ਧਨਜ ਹੈ ਏਹ ॥ ਗੋਪੀ ਊਧਉ ਗ੍ਰਿਹ ਲੈ ਗਈ ॥ ਕਰਿ ਆਦਰ ਭੋਜਨ ਪਧਰਈ ॥ ਕ੍ਰਿਸ਼ਨ ਮਜ ਗੋਪੀ ਲਖੇ ਹਰਿ ਦਾਸ ॥ ਭੋਜਨ ਕਿਯ ਗੋਪੀ ਗ੍ਰਿਹ ਬਾਸ ॥ ਬ੍ਰਿਹ ਮਗਨ ਸਾਗਰ ਅਸਨੇਹ ॥ ਡੂਬਤ ਭੀ ਗੋਪੀ ਜਲ ਨੇਹ ॥ ੧੫ ॥ ੫੯੭ ॥ ੧੨੨੯ ॥ ਕ੍ਰਿਸ਼ਨ ਚਰਨ ਬੋਹਿਥ ਚੜ ਪਾਰ ॥ ਹੋਤ ਭਈ ਗੋਪੀ ਬ੍ਰਿਹ ਬਾਰਿ ॥ ਬਹੁਤ ਭੇਟ ਗੋਪੀ ਲੈ ਧਰੈ ॥ ਅੰਜੁਲ ਪੁਟ ਕਰ

Scanned by CamScanner

ਬਿਨਜ ਅਨੁਸਰੈ ॥ ਗੋਪੀ ਬਾਚ ॥ ਕਹੀਯੋ ਊਧਉ ਬਿਨਯ ਹਮਾਰੀ ॥ ਬ੍ਰਿਜ ਯੁਵਤੀ ਸਭਿ ਕ੍ਰਿਸ਼ਨ ਬਿਸਾਰੀ ॥ ਬਨ ਬਨ ਕਰ ਗਹਿ ਖੇਲਤ ਕੁੰਜ ॥ ਮਨੁ ਭਾਵਤਿ ਕ੍ਰੀੜਤਿ ਰਸ ਮੁੰਜ ॥ ੧੬ ॥ ੫੯੮ ॥ ੧੨੩੦ ॥ ਚੌਪਈ ॥ ਅਬ ਠਕੁਰਾਈ ਮਾਧਉ ਲਹੇ ॥ ਕਰਤਿ ਸੋਈ ਜੋ ਕੁਬਿਜਾ ਕਹੇ ॥ ਮੁਝੇ ਜੋਗ ਲਿਖ ਪਠੇ ਮੁਰਾਰਿ ॥ ਹਮ ਕਉ ਨਹੀ ਜੋਗੁ ਅਧਿਕਾਰ ॥ ਬਿਦਾ ਹੋਇ ਊਧਉ ਚਲ ਗਏ ॥ ਗਿਰ ਗੋਵਰਧਨ ਨ੍ਰਿਖਤਿ ਭਏ ॥ ਜਹ ਤਹ ਲੀਲ੍ਹਾ ਮਾਧੋ ਕੀਨੁ ॥ ਦੋ ਦੋ ਬਾਸੁਰ ਕਰੇ ਆਸੀਨ ॥ ੧੭ ॥ ੫੯੯ ॥ ੧੨੩੧ ॥ ਚੌਪਈ ॥ ਬਹੁਰ ਨੰਦ ਗ੍ਰਿਹ ਊਧਉ ਗਏ ॥ ਰਹੇ ਸਦਨ ਬੇਪ੍ਰੀਤ ਮੁਝ ਕਏ ॥ ਆਗਾਜ ਬਿਦਾ ਦੇਹੁ ਸੁਰ ਗਜਾਨ ॥ ਨਿਰਖੇਂ ਚਰਨ ਕ੍ਰਿਸ਼ਨ ਪ੍ਰਧਾਨ ॥ ਜਸੁਧਾ ਦਧਿ ਪਯ ਮਾਖਨ ਮਿਸ਼੍ਰਾਨ ॥ ਬਿਬਿਧ ਪਕਵਾਨ ਲਾਈ ਹਿਤੁ ਕਾਨ ॥ ਦੀਜੋ ਕ੍ਰਿਸ਼ਨ ਬਲਰਾਮ ਪਜਾਰੇ ॥ ਮਾਤ ਪਿਤਾ ਨਹ ਉਚਿਤ ਬਿਸਾਰੇ ॥ ੧੮ ॥ ੬੦੦ ॥ ੧੨੩੨ ॥ ਦੇਵਕੀ ਪ੍ਰਤਿ ਕਹੀਯੋ ਸੰਦੇਸ਼ ॥ ਕ੍ਰਿਸ਼ਨ ਹਮਾਰੋ ਪਠੈਂ ਬ੍ਰਿਜ ਦੇਸ ॥ ਨੰਦ ਊਧੋ ਪ੍ਰਤਿ ਕਰ ਕਰ ਜੋਰ ॥ ਬਹੁਤ ਕਹਾ ਹਉਂ ਢਿਗ ਤੋਰ ॥ ਤੁਮ ਹੋ ਚਾਤੁਰ ਸਖਾ ਗੋਬਿੰਦ ॥ ਸੁਧਿ ਨ ਬਿਸਾਰੇ ਮੈ ਬ੍ਰਿਜ ਚੰਦ ॥ ਦਰਸ਼ਨ ਆਇ ਦੇਹ ਬ੍ਰਿਜ ਲੋਗ ॥ ਤੁਮ ਬਿਨ ਦੁਖੀ ਨਹਿ ਸਹੈਂ ਬਿਯੋਗ ॥ ੧੯ ॥ ੬੦੧ ॥ ੧੨੩੩ ॥ ਚੌਪਈ ॥ ਰੋਵਤ ਨੰਦ ਜਸੁਧਾ ਬ੍ਰਿਜ ਲੋਗ ॥ ਆਕੁਲ ਨਰ ਨਾਰੀ ਹਰਿ ਸੋਗ ॥ ਰੋਹਨੀ ਲੇ ਰਥ ਚੜੇ ਹਰਿ ਮਾਇ ॥ ਪ੍ਰੇਰੇ ਅਸ੍ਵ ਪਗ ਕ੍ਰਿਸ਼ਨ ਧਜਾਇ ॥ ਆਸਾ ਦੈ ਊਧਉ ਤਹਿ ਚਲੇ ॥ ਦਰਸੇ ਚਰਨ ਕ੍ਰਿਸ਼ਨ ਕਹ ਮਿਲੇ ॥ ਕਾਨ੍ਹ ਜੂ ਬਾਚ ॥ ਆਵਹੁ ਊਧਉ ਅੰਕ ਦੈ ਮਿਲੋ ॥ ਕੁਸਲਾ ਨੰਦ ਜਸੋਧਾ ਭਲੋ ॥ ਕਬ ਹੀ ਸੁਰਤਿ ਹਮਾਰੀ ਲੇਂਹ ॥ ਮੋ ਮਹਿ ਰਾਖਤਿ ਹੈ ਅਸ ਨੇਹ ॥ ਊਧੋ ਬਾਚ ॥ ਨੰਦ ਜਸੋਧਾਂ ਅਉ

Scanned by CamScanner

ब्रिजलोग ॥ तिन के जीवन धंन तुम होगु ॥ २० ॥ ६०२ ॥ १२३४ ॥ चौपई ॥ गोपी जन के जीवन मूरि ॥ तुमरे भजन महि हैं भरपूरि ॥ आप पठहि तिन जोग द्रिड़ाइ ॥ भजन भेव हम उन ते पाइ ॥ अंतरजामी तुम भगवान ॥ कहां कहां लग उनो बखजान ॥ जड़ु चेतीतंन सभि अवर बिसूास ॥ दरस परस तुमरे जिनि आस ॥ २१ ॥ ६०३ ॥ १२३५ ॥ स्री सुको वाच चौपई ॥ सुनि संदेश जुगबंधु उदास ॥ बिदा कीन ऊधउ निज दास ॥ बसुदेव देवकी पहि चलि आइ ॥ नंद जसोधा कुशल सुनाइ ॥ रोहनी मिली क्रिशन बलराम ॥ ऊधो गवन कीन निज धाम ॥ २२ ॥ ६०४ ॥ १२३६ ॥ इति स्री दसम सकंधे महां पुराने ऊधो गोपी संबोधन झूमर गीत सपत चतुवारिंसो धजाधः ॥ ४७ ॥ दोहरा ॥ प्रीति बिबिस हरि जु तबहि पधरे कुबिजा गृह ॥ ऊधो हरि के संग तहिं माधो बसि करि नेह ॥ १ ॥ ६०५ ॥ १२३७ ॥ चौपई ॥ कुबिजा हरि को मंदिर माही ॥ पधराजो सतजा उतशाही ॥ फुल गोंदुआ तलप फुलन को ॥ बैठे क्रिशन सुख रासि मगन हो ॥ कुबिजा नउ सत सजि सिंगार ॥ मान भरी मनमथ की नार ॥ क्रिशन ढिग करि जोरे खरी ॥ भुज गहि क्रिशन प्रजंक तिसु धरी ॥ पुरे कुबिजा को हरि आस ॥ बहुर आए ऊधो के पास ॥ २ ॥ ६०६ ॥ १२३८ ॥ दोहरा ॥ लाज द्रिगन हरि के बडो सकुच कहै इम बैन ॥ चलहु सखै गृह को अबै पधरे राजीव नैन ॥ ३ ॥ ६०७ ॥ १२३९ ॥ चौपई ॥ हलधर पहि आए भगवान ॥ कहो चलो ऊधो गृह कानु ॥ वांकहु अपुने साथ

ਲਵਾਇ ॥ ਗਜਪੁਰ ਪਠੇ ਸੰਦੇਸ਼ ਪਠਾਏ ॥ ਅਸ ਕਹ ਪਧਰੇ ਕ੍ਰਿਸ਼ਨ ਬਲਦੇਵ ॥ ਅਕ੍ਰੂਰ ਸਦਨ ਮਾਧੋ ਯਾ ਸੇਵ ॥ ਕਰ ਆਦਰ ਹਰਿ ਸਦਨ ਸਿਧਾਰਯੋ ॥ ਪਦ ਰਜ ਲੈ ਮੁਖ ਮਸਤਕ ਲਾਯੋ ॥ ੪ ॥ ੬੦੮ ॥ ੧੨੪੦ ॥ ਚੌਪਈ ॥ ਬਿਨਯ ਕਰਤ ਅਰੁ ਕ੍ਰਿਸ਼ਨ ਬਡਾਈ ॥ ਆਦਰ ਬਹੁਤ ਕਰੇ ਜਦੁਰਾਈ ॥ ਬੋਲੇ ਕ੍ਰਿਸ਼ਨ ਹਮ ਬਾਲ ਤੁਮਾਰੇ ॥ ਤੁਮ ਉਸਤਤਿ ਕਿਹ ਕਰਤਿ ਹਮਾਰੇ ॥ ਆਰਤਿ ਬਿਨਯ ਜੁਹਾਰਤ ਪੁਨ ਪੁਨ ॥ ਤੁਮ ਵਡ ਪੁਰਖ ਹਰਿ ਆਦਿ ਨਿਰੰਜਨ ॥ ਹਰਖ ਭਰੇ ਬੋਲੇ ਜਦੁ ਨੰਦਨ ॥ ਚਿੰਤਾ ਚਿੱਤ ਹਮਰੇ ਇਕ ਜਾਨ ॥ ਫੂਫੀ ਦੁਖਿਤ ਦੁਰਜੋਧਨ ਕਰੇ ॥ ਤੁਮ ਬਿਨੁ ਸੰਬੋਧਨ ਕੋ ਕਰੇ ॥ ਕਹਤ ਅਕ੍ਰੂਰ ਚਿੰਤਾ ਨਹਿ ਕੀਜੈ ॥ ਲਾਵੋ ਸੰਦੇਸ਼ ਪਾਂਡਵਨ ਸੁਖ ਹੂਜੈ ॥ ੫ ॥ ੬੦੯ ॥ ੧੨੪੧ ॥ ਇਤਿ ਸ੍ਰੀ ਦਸਮ ਸਕੰਧੇ ਮਹਾਂ ਪੁਰਾਣੇ ਕੁਬਿਜਾ ਕੇਲ ਬਰਨਨੰ ਅਸ੍ਰੂ ਚਤੁਵਾਰਿੰਸੋ ਧਯਾਯਃ ॥ ੪੭ ॥ ਚੌਪਈ ॥ ਹਰਿ ਆਗਜਾ ਹਸਤਨਪੁਰ ਗਏ ॥ ਦੁਰਜੋਧਨ ਢਿਗ ਠਾਢੇ ਭਏ ॥ ਦੁਰਯੋਧਨ ਮਿਲਯੋ ਬਾਂਹ ਪਸਾਰ ॥ ਆਦਰ ਦੇ ਬੈਠਾਰੇ ਭੂਆਰ ॥ ਦੁਰਯੋਧਨ ਬਾਚ ॥ ਬਸੁਦੇਵ ਕ੍ਰਿਸ਼ਨ ਨੀਕੇ ਬਲਦੇਵ ॥ ਉਗ੍ਰਸੈਨ ਕੋ ਕਹਹੁ ਸਭਿ ਭੇਵ ॥ ਪੁਤ੍ਰ ਮਰਾਇ ਰਾਜ ਸੋ ਕਰੈ ॥ ਅਪਜਸ ਜੀਵਨ ਜਗ ਮੋ ਭਰੈ ॥ ੧ ॥ ੬੧੦ ॥ ੧੨੪੨ ॥ ਚੌਪਈ ॥ ਅਕ੍ਰੂਰ ਪਹਿ ਨਿੰਦਾ ਨ ਸੁਹਾਯੋ ॥ ਤਿਨ ਪਾਪੀ ਕੇ ਰਹੇ ਨ ਭਾਯੋ ॥ ਸੰਗ ਬਿਦਰ ਲੇ ਕੁੰਤੀ ਪਹਿ ਆਇ ॥ ਪਤਿ ਕੇ ਸੋਗ ਦੂਖ ਬਹੁ ਪਾਇ ॥ ਗਯਾਨ ਬੋਧ ਕੁੰਤੀ ਕਹ ਕਰੈ ॥ ਬਿਬਿਧ ਭਾਂਤਿ ਸੰਬੋਧਨ ਕਰੈ ॥ ਕੁੰਤੀ ਬਾਚ ॥ ਪਿਤ ਜਨਨੀ ਭ੍ਰਾਤਾ ਕੁਸਲਾਤ ॥ ਰਾਮ ਕ੍ਰਿਸ਼ਨ ਕੁਸਲੀ ਸੁਭ ਭਾਂਤਿ ॥ ਹਮਰੀ ਸੁਧਿ ਲੈ ਹੈਂ ਕੈ ਨਾਹਿ ॥ ਬੰਧੁਨ ਕੀ ਹਰਿ ਸੁਧਿ ਕਰਾਹਿ ॥ ੨ ॥ ੬੧੧ ॥ ੧੨੪੩ ॥ ਚ੍ਰਪਈ ॥ ਅੰਧ ਧ੍ਰਿਤਰਾਸਟ੍ਰ ਦੁਖ ਦੇਤ ॥ ਦੁਰਯੋਧਨ

Scanned by CamScanner

ਕੀ ਮਤਿ ਪਰ ਹੇਤ ॥ ਮੋ ਸੁਤ ਮਾਰਨ ਕਰਨ ਉਪਾਇ ॥ ਦੀਨ ਹਲਾਹਲ ਭੀਮ ਸਦ ਭਾਇ ॥ ਕਿਨ ਬਿਧ ਜੀਵਨ ਹੋਇ ਹਮਾਰੋ ॥ ਤੁਮ ਸੁ ਗਜਾਨ ਰਿਦ ਮਾਹਿ ਬਿਚਾਰੋ ॥ ਕੰਸ ਆਦਿ ਜਿਨ ਅਸੁਰ ਸੰਘਾਰੇ ॥ ਸੋਈ ਕਰੇ ਗੋ ਰੱਛ ਹਮਾਰੇ ॥ ੩ ॥ ੬੧੨ ॥ ੧੨੪੪ ॥ ਅਕ੍ਰੂਰ ਬਾਚ ਚ੍ਰਪਣੀ ॥ ਚਿੰਤਾ ਕਰਹੁ ਨ ਅੰਬਾ ਕੋਇ ॥ ਪੁਤ੍ਰ ਤੁਮਾਰੇ ਤੇਜ ਵੰਸੀ ਹੋਇ ॥ ਮਾਰਹਿ ਦੁਰਯੋਧਨ ਸੁਤ ਤੋਹਿ ॥ ਕ੍ਰਿਸ਼ਨ ਤੁਮਾਰੀ ਕਰੇ ਗੋ ਛੋਹਿ ॥ ਆਵਹਿੰਗੇ ਮੋਹਨ ਤੁਮ ਧਾਮ ॥ ਦੈ ਹੈਂ ਤੁਮਹਿ ਬਡੋ ਬਿਸ੍ਰਾਮ ॥ ਧੀਰਜ ਦੈ ਆਏ ਅਕ੍ਰੂਰ ॥ ਧ੍ਰਿਤਰਾਸਟ੍ਰ ਪਹਿ ਬਿਦਰ ਸੰਗ ਸ੍ਰੂਰ ॥ ਅਕ੍ਰੂਰ ਬਾਚ ॥ ਤੁਮ ਪੁਰਖਾ ਕੋ ਉਚਿਤ ਨਹੀ ਜੋਗ ॥ ਸੋ ਨਹਿ ਕਰੇ ਦੁਰਜੋਧਨ ਬੰਸ ਰੋਗ ॥ ਬੰਧੁ ਰਾਜ ਲੈ ਭਤੀਜਨ ਦੁਖ ਦੀਨ ॥ ਅਰਧਰਮਨ ਉਚਿਤ ਤੁਮਹਿ ਦ੍ਰਿਗ ਹੀਨ ॥ ੪ ॥ ੬੧੩ ॥ ੧੨੪੫ ॥ ਅੰਧ ਬਾਚ ਚੌਪਣੀ ॥ ਅਹੋ ਅਕ੍ਰੂਰ ਮਾਨੇ ਨਹਿ ਕਹਜੋ ॥ ਅਸੁਰ ਦੁਰਯੋਧਨ ਅਧਰਮ ਕਹਿ ਗਹਜੋ ॥ ਹਉਂ ਹੂੰ ਮੂੜ ਹੁਇ ਏ ਕਾਂਤਿ ਰਹਾਂਹਿ ॥ ਹਰਿ ਸਿਮਰਨ ਮਹਿ ਬੈਸੁ ਬਿਤਾਂਹਿੰ ॥ ਅਕ੍ਰੂਰ ਪਧਾਰੇ ਮਥੁਰਾ ਆਇ ॥ ਰਾਮ ਕ੍ਰਿਸ਼ਨ ਦਰਸੇ ਸੁਖ ਪਾਇ ॥ ਕੁੰਤੀ ਕੀ ਸਭਿ ਬਿਪਤਿ ਸੁਨਾਇ ॥ ਤੁਮ ਸਭਿ ਜਾਨਤ ਹੋ ਜਦੁਰਾਇ ॥ ਕੈਰਉਂ ਦੁਸ਼੍ਰ ਬੰਧੁਨ ਦੁਖ ਦੇਤੁ ॥ ਛੀਨ ਲੀਨ ਰਾਜ ਨਿਜ ਹੇਤ ॥ ੫ ॥ ੬੧੪ ॥ ੧੨੪੬ ॥ ਕੁੰਤਾ ਕੋ ਕਥਜੋ ਸਕਲ ਸੰਦੇਸ ॥ ਬਿਦਾ ਭਏ ਅਕ੍ਰੂਰ ਪਦ ਭੇਟ ॥ ਰਾਮ ਕ੍ਰਿਸ਼ਨ ਚਿੰਤਾ ਚਿਤ ਕਰੇਂ ॥ ਪ੍ਰਿਥੀ ਭਾਰ ਅਬ ਹਮ ਪਰਿ ਹਰੈਂ ॥ ਸੁਨਜੋ ਭੂਪ ਪੂਰਬਾਰੁਧ ਪਖਜਾਨ ॥ ਕ੍ਰਿਸ਼ਨ ਚੰਦ੍ਰ ਕੋ ਸੁਜਸ ਮਹਾਨ ॥ ਅਬ ਉਤ੍ਰਾਰਧ ਪ੍ਰਸੰਗ ਕਹਿ ਕਥਿਤ ॥ ਚਿੱਤ ਦੈ ਸੁਨੋ ਸ੍ਰੀ ਸੁਕ ਬਦਤਿ ॥ ੬ ॥ ੬੧੫ ॥ ੧੨੪੭ ॥ ਇਤਿ ਸ੍ਰੀ ਦਸਮ ਸਕੰਧੇ ਮਹਾਂਪੁਰਾਣੇ ਅਕ੍ਰੂਰ ਹਸਤਨਾ ਪੁਰ ਗਵਨੰ ਪੂਰਬਾਰਧ

Scanned by CamScanner

ਪ੍ਰਸੰਗ ਸ੍ਰੀ ਕ੍ਰਿਸ਼ਨ ਚਰਿਤ੍ਰ ਪਖਜਾਨ ਚਤੁਵਾਰਿੰਸੋ ਧਜਾਯਃ ॥ ੪੯ ॥ ੧ੳ ਸ੍ਰੀ ਭਗਵਤੀ ਏ ਨਮਃ ॥ ਅਥ ਉਤ੍ਰਾਰਧੁ ਪਖਜਾਨ ਲਿਖਜਤੇ ਚੌਪਈ ॥ ਕੰਸ ਨਾਰ ਅਤਿ ਦੁਖਿਤ ਮਲੀਨ ॥ ਪਿਤ ਗ੍ਰਿਹ ਗਵਨ ਭਗਨੀ ਜੁਤ ਕੀਨ ॥ ਜਿਹ ਬਿਧ ਹਤੇ ਕੰਸ ਨੰਦ ਨੰਦਨ ॥ ਕਹਿਤ ਭਈ ਪਿਤ ਢਿਗ ਦੁਖ ਬਿੰਦ੍ਰਨ ॥ ਰੋਇ ਰੋਇ ਸਭਿ ਬ੍ਰਿਥਾ ਸੁਨਾਈ ॥ ਆਪ ਜਰੀ ਪੁਨ ਪਿਤਹ ਜਰਾਈ ॥ ਜਰਾ ਸੰਧਿ ਸੁਨਿ ਕੋਪ ਬਢਾਯੋ ॥ ਸਭਾ ਆਇ ਨਿਜ ਕੋਪ ਜਨਾਯੋ ॥ ਜਿਨ ਕੰਸਾਦਿ ਅਸੁਰ ਕਹਿ ਘਾਯੋ ॥ ਜੁਤ ਕੁਟੰਬ ਤਿਹ ਮਾਰ ਲਡਾਯੋ ॥ ਰਾਮ ਕ੍ਰਿਸ਼ਨ ਮਾਰਹੁੰ ਲੈ ਸੈਨ ॥ ਮਥੁਰਾ ਲੂਟਹੁੰ ਜੁਤ ਉਗ੍ਰਸੈਨ ॥ ੧ ॥ ੬੧੬ ॥ ੧੨੪੮ ॥ ਪਤ੍ਰੀ ਲਿਖਿ ਹਕਰੇ ਬਹੁ ਭੂਪ ॥ ਸੈਨਾ ਲੈ ਧਾਏ ਨ੍ਰਿਪ ਜੂਥ ॥ ਤੇਈਸ ਖੂਹਨੀ ਸੈਨਾ ਜੋੜ ॥ ਮਥੁਰਾ ਚਲਯੋ ਸੈਨਿਕ ਟੋਰ ॥ ਇਕੀ ਸਹੰਸ੍ਰ ਅਸ਼੍ਵ ਸਤ ਤ੍ਰੈ ਰਥੀ ॥ ਏਤੋ ਦਲ ਸੰਗ ਗਜਪਤੀ ॥ ਏਕ ਲਾਖ ਨਉ ਸਹੰਸ੍ਰ ਸਾਢੇ ਤੀਨ ਸੈ ਪੈਦਲ ॥ ਛਾਸਠ ਸਹੰਸ੍ਰ ਅਸ੍ਵਪਤਿ ਪ੍ਰਮਾਨ ਏਕ ਛੂਹਨੀ ਦਲ ॥ ਦੈ ਦੁੰਦਭੀ ਅਸੁਰ ਦਲ ਨਾਥ ॥ ਚਲਜੋ ਲਰਨ ਭੂਪ ਬ੍ਰਿਜ ਸਾਥ ॥ ੨ ॥ ੬੧੭ ॥ ੧੨੪੯ ॥ ਕੰਪੀ ਭੂਮਿ ਸ਼ੇਸ਼ ਭਯਮਾਨ ॥ ਥਰਹਰ ਸਿੰਧੁ ਦਿਗਪਾਲ ਬਿਵਾਨ ॥ ਪਹੁੰਚੇ ਮਥੁਰਾ ਘੇਰਜੋ ਪੁਰੀ ॥ ਭੈ ਕਰਿ ਆਕੁਲ ਪੁਰਜਨ ਦੁਰੀ ॥ ਕੀਨ ਪੁਕਾਰ ਕ੍ਰਿਸ਼ਨ ਪਹਿ ਲੋਗ ॥ ਜਰਾ ਸਿੰਧੁ ਦੈ ਹੈ ਬਡ ਸੋਗ ॥ ਬਲਬੀਰ ਸਹਿਤ ਭੂਪਤਿ ਢਿਗ ਆਇ ॥ ਲੜਬੇ ਕੀ ਸਭਿ ਸਉਜ ਬਨਾਇ ॥ ਉਗ੍ਰਸੈਨ ਪ੍ਰਤਿ ਕਹੇ ਭਗਵਾਨ ॥ ਗਢ ਰਚ ਰੱਛ ਕਰਹੁ ਰਾਜਾਨ ॥ ੩ ॥ ੬੧੮ ॥ ੧੨੫੦ ॥ ਚੌਪਈ ॥ ਭਯ ਆਤੁਰ ਨਰ ਨਾਰਿ ਪਿਤ ਮਾਤ ॥ ਦੇਵਹਿੰ ਧੀਰਜ ਹਰਿ ਬਹੁ ਭਾਂਤਿ ॥ ਅਸੁਰ ਸੈਨ ਬਿਨਸਹਿ ਪਲ ਮਾਂਹਿੰ ॥ ਜੈਸੇ ਗੜਾ ਛਿਨ ਮਾਹਿ ਬਿਲਾਹਿ ॥ ਇੰਦ੍ਰ ਸਯੰਦ ਪਠੇ ਤਤ

Scanned by CamScanner

ਕਾਲ ॥ ਦਿਬ ਆਯੁਧ ਤਾ ਮਹਿ ਸੁਭ ਢਾਲ ॥ ਤਿਹ ਚਢਿ ਚਲੇ ਦੋਊ ਰਨਧੀਰ ॥ ਜੁਧ ਸਾਜ ਸਜਿ ਕ੍ਰਿਸ਼ਨ ਬਲਬੀਰ ॥ ੪ ॥ ੬੧੯ ॥ ੧੨੫੧ ॥ ਚਉਪਈ ॥ ਸਨਮੁਖ ਭਏ ਕ੍ਰਿਸ਼ਨ ਰਨ ਜਾਇ ॥ ਜਰਾਸੰਧਿ ਬੋਲ ਉਠਜੋ ਬਢਾਇ ॥ ਜਰਾਸੰਧਿ ਬਾਚ ॥ ਰੇ ਛੋਹਰੇ ਤੈਂ ਮੈ ਨ ਸਮਾਨ ॥ ਜਾਹੁ ਤਾਜ ਮੈ ਬਖਸ਼ੇ ਪ੍ਰਾਨ ॥ ਬਲਦਊ ਸੰਗ ਕਰਹੁ ਸੰਗ੍ਰਾਮ ॥ ਛਿਨ ਮਹਿ ਪਠਹੁੰ ਤਿਹ ਹੋ ਜਮ ਧਾਮ ॥ ਕਾਨ੍ਹ ਜੂ ਬਾਚ ॥ ਬ੍ਰਿਥਾ ਬਕਬਾਦ ਕਰਹਿ ਨਹਿੰ ਸੂਰ ॥ ਕਰਨੀ ਦਿਖਰਾਵਹੁ ਰਨ ਮਹਿ ਗੂੜ ॥ ਜੋ ਗਰਜੈ ਸੁ ਬਰਸੈ ਨਾਹਿ ॥ ਤੈਸੋ ਤੈ ਬਕਬਾਦ ਕਰਾਹਿ ॥ ੫ ॥ ੬੨੦ ॥ ੧੨੫੨ ॥ ਚੌਪਈ ॥ ਅਸ ਕਹਿ ਕ੍ਰਿਸ਼ਨ ਚਲੇ ਰਥ ਹਾਂਕ ॥ ਕ੍ਰੋਧ ਕਰਜੋ ਰਾਖਛਸ ਹਰਿ ਸਾਥ ॥ ਕੰਸ ਸੂਰ ਜਹ ਗਏ ਜੁਤ ਜੋਧ ॥ ਪਠਹੁ ਤੁਝਹਿ ਜਦੁ ਬੰਸੀਅਨ ਸੋਧ ॥ ਫਿਰੇ ਕ੍ਰਿਸਨ ਚਿਤ ਕੋਪ ਬਢਾਇ ॥ ਸੈਨਾ ਦੁਹੂੰਨ ਭਿਰੀ ਸਮੁਹਾਇ ॥ ਹਲ ਮੂਸਲ ਲੈ ਕੁਪੇ ਬਰਬੀਰ ॥ ਕੂਟਿ ਅਸੁਰ ਦਲ ਕਰੇ ਅਧੀਰ ॥ ੬ ॥ ੬੨੧ ॥ ੧੨੫੩ ॥ ਚੌਪਈ ॥ ਮਾਰੂ ਬਜਤਿ ਸੈਨਾ ਮਹਿ ਜੋਰ ॥ ਬਿਰੂਥਨਿ ਸਮਰ ਘਟਾ ਘਨਘੋਰ ॥ ਸ਼ਸਤ੍ਰ ਅਸਤ੍ਰ ਵਰਸਾ ਤਿਹ ਕਾਲ ॥ ਰਾਮ ਕ੍ਰਿਸ਼ਨ ਦਾਮਨਿ ਛਬਿ ਭਾਲ ॥ ਹੋਵਤ ਜੁਧ ਪਰਸਪਰ ਸੈਨ ॥ ਚਿੰਤਾ ਬਹੁਤ ਕਰਤ ਉਗ੍ਰਸੈਨ ॥ ਬਹੁਤ ਅਸੁਰ ਕੂਟੇ ਬਲਰਾਮ ॥ ਜਰਾ ਸੰਧਿ ਪਕੜੇ ਸੁਖਧਾਮ ॥ ਕ੍ਰਿਸ਼ਨ ਉਬਾਰੇ ਤਾਂਕਹਿ ਪ੍ਰਾਨ ॥ ਦੀਨ ਛੁਡਾਇ ਜਰਾਸੰਧਿ ਭਗਵਾਨ ॥ ੭ ॥ ੬੨੨ ॥ ੧੨੫੪ ॥ ਚੌਪਈ ॥ ਝੰਖਤਿ ਮਨਿ ਮਹਿ ਅਸੁਰ ਤਿਹ ਕਾਲ ॥ ਮੰਤ੍ਰੀ ਧੀਰਜ ਦੇਤ ਭੂਪਾਲ ॥ ਹਾਰ ਜੀਤ ਦੋਨਹੁ ਸਮ ਜਾਨ ॥ ਬਹੁਤ ਸਿਮਿਟ ਮਾਰਹੁੰ ਰਨ ਠਾਨ ॥ ਕ੍ਰਿਸ਼ਨ ਭਜਾਇ ਅਸੁਰ ਰਨ ਮਾਹਿ ॥ ਸਰਿਤਾ ਰੁਧਿਰ ਬਹੀ ਤਹਿੰ ਠਾਹਿੰ ॥ ਪ੍ਰਬਤ ਸਮ ਗਜ ਤਹਾਂ ਤਰਾਂਹਿ ॥ ਭੂਤ ਪ੍ਰੇਤ ਡਾਕਨਿ

Scanned by CamScanner

ਘਹਿਰਾਹਿੰ ॥ ਮਹਾਂ ਦੇਵ ਮਾਲਾ ਸਿਰ ਪੋਇ ॥ ਪਹਿਰਤ ਹਰਖ ਭਰੇ ਤਿਹੁ ਲੋਇ ॥ ਜੁਗਨਿ ਰੁਧਿਰ ਭਰੇ ਅਚਤਿ ਭਰਿ ਪੜ੍ ॥ ਗੰਧ ਕਾਕ ਪਲ ਭਖਤ ਜੜ੍ ਤੜ੍ ॥ ੮ ॥ ੬੨੩ ॥ ੧੨੫੫ ॥ ਚੌਪਈ ॥ ਅਸੁਰ ਭਜਾਇ ਆਇ ਦੋਊ ਬੀਰ ॥ ਡੰਡਵਤਿ ਕਰਿ ਉਗ੍ਰਸੈਨ ਰਨਧੀਰ ॥ ਨਿਰਭਯ ਰਾਜ ਕਰੋ ਭੂਪਾਲ ॥ ਅਸੁਰ ਹਤੇ ਅਰ ਛੂਟੋ ਜੰਜਾਲ ॥ ਕਰੀ ਬਧਾਈ ਭੂਪ ਰਨ ਜੀਤਿ ॥ ਹਰਖ ਮਾਨ ਭਯੋ ਨਿਰਭੀਤਿ ॥ ਬਹੁਰ ਸੈਨ ਲੈ ਆਯੋ ਜਰਾ ਸੰਧਿ ॥ ਕਰਯੋ ਨਾਸ ਸੈਨਾ ਜੁਗ ਬੰਧੁ ॥ ੯ ॥ ੬੨੪ ॥ ੧੨੫੬ ॥ ਇਆ ਪ੍ਰਕਾਰ ਸਪਤ ਦਸ ਬੇਰ ਆਯੋ ॥ ਤੇਈਸ ਤੇਈਸ ਅਖਛ੍ਹਨੀ ਦਲ ਲਾਯੋ ॥ ਸਭਿ ਦਲ ਮਾਰ ਤਿਸ ਦੀਨ ਭਜਾਈ ॥ ਜਰਾਸੰਧਿ ਕੋ ਕਛੁ ਨ ਬਸਾਈ ॥ ਨਾਰਦ ਕਾਲ ਜਮੁਨ ਪਹਿ ਆਇ ॥ ਜਰਾਸੰਧਿ ਕੋ ਦੁਖ ਸਭਿ ਗਾਇ ॥ ਤੁਮ ਉਪਕਾਰ ਨ੍ਰਿਪਤਿ ਕੋ ਕਰੋ ॥ ਰਾਮ ਕ੍ਰਿਸ਼ਨ ਉਗ੍ਰਸੈਨ ਕਹ ਮਰੋ ॥ ੧੦ ॥ ੬੨੫ ॥ ੧੨੫੭ ॥ ਪੀਤਾਂਬਰ ਕਟਿ ਸਜਾਮਲ ਬਰਨ ॥ ਤਾਹਿੰ ਸੰਘਾਰੋ ਹੇ ਕਾਲ ਜਮੁਨ ॥ ਅਸ ਕਹ ਮੁਨਿ ਭਏ ਅੰਤਰ ਧਜਾਨ ॥ ਮਥੁਰਾ ਕੀਯਸਿ ਕਾਲ ਜਮੁਨ ਪਯਾਨ ॥ ਤੀਨ ਕਰੋਰ ਮਲੇਖਛ ਬਲਵਾਨ ॥ ਰਕਤ ਨੈਨ ਅਤਿ ਪੁਸ੍ਰਿ ਭਜਾਨ ॥ ਮਲੇਖਛ ਦਲ ਘੇ ਰਜੋ ਪੁਰ ਆਇ ॥ ਬਿਸੁਕਰਮਾ ਕਹ ਕ੍ਰਿਸ਼ਨ ਬੁਲਾਇ ॥ ਸਿੰਧੁ ਤਟ ਏਕ ਨਗਰ ਤੁਮ ਰਚੋ ॥ ਕੰਚਨ ਮਯ ਮਨਿ ਗਨ ਬਹੁ ਖਚੋ ॥ ਜਦੁ ਬੰਸੀ ਤਹਾਂ ਦੇਹੁ ਪਹੁੰਚਾਇ ॥ ਲਖੇ ਨ ਕੋਊ ਮਤੋ ਅਭਿਪ੍ਰਾਯ ॥ ੧੧ ॥ ੬੨੬ ॥ ੧੨੫੮ ॥ ਬਿਸ਼ਕਰਮਾ ਆਗਜਾ ਜੁਤ ਕੀਨ ॥ ਸਭਿ ਜਦੁ ਬੰਸੀ ਪਹੁੰਚਾਯੋ ਆਸੀਨ ॥ ਸਿੰਧੁ ਘੋਸ ਸੁਨਿ ਅਤਿ ਭਯਮਾਨ ॥ ਜਦੁ ਬੰਸੀ ਦ੍ਵਾਰਿਕਾ ਬਸੇ ਪ੍ਰਧਾਨ ॥ ਕ੍ਰਿਸ਼ਨ ਬਲਦੇਵ ਮਥੁਰਾ ਫੁਨ ਆਇ ॥ ਕਾਲਜਮਨ ਕੋ ਬਧ ਕੇ ਦਾਹਿ ॥ ੧੨ ॥ ੬੨੭ ॥ ੧੨੫੯

॥ ਇਤਿ ਸ੍ਰੀ ਦਸਮ ਸਕੰਧੇ ਮਹਾਂਪੁਰਾਣੇ ਜਰਾਸੰਧਿ ਪਰਾਜਯੋ ਪੰਚਾਸਿਤੋ ਚਤੁਰਵਾਰਿਸ ਧਜਾਯਃ ॥ ੫੦ ॥ ਚਉਪਈ ॥ ਕਾਲਜਮੁਨ ਦਰਸੈ ਭਗਵਾਨ ॥ ਪਾਛੋ ਕੀਨਜੋ ਨਾਰਦ ਬਚ ਕਰ ਧਯਾਨ ॥ ਕਾਲਜਮੁਨ ਬਾਚ ॥ ਹਉਂ ਨਹਿੰ ਜਰਾਸੰਧਿ ਅਰੁ ਕੰਸ ॥ ਹਨਿ ਹਉਂ ਆਜ ਤੁਝ ਕਰਹੁੰ ਬਿਧ੍ਵੰਸ ॥ ਭਾਗੇ ਕ੍ਰਿਸ਼ਨ ਪਾਛੋ ਹਰਿ ਕੀਨ ॥ ਦੁਰੇ ਕੰਦ੍ਰਾ ਮਹਿ ਕ੍ਰਿਸ਼ਨ ਪ੍ਰਬੀਨ ॥ ਪੁਰਖੁ ਏਕ ਸੂਤੋ ਤਹਿ ਦੇਖ ॥ ਦੀਨ ਓਢਾਇ ਪੀਤ ਪਟ ਭੇਖ ॥ ਆਪ ਦੁਰੇ ਗੁਫਾ ਹਰਿ ਜਾਇ ॥ ਕਾਲਜਮੁਨ ਪਹੁੰਚਜੋ ਤਿਹੰ ਠਾਇ ॥ ੧ ॥ ੬੨੮ ॥ ੧੨੬੦ ॥ ਚੌਪਈ ॥ ਮਨਿ ਮਹਿ ਜਾਨਜੋ ਇਹੈ ਘਨਸ਼ਜਾਮ ॥ ਸੋਇ ਰਹਜੋ ਹੈ ਤਜਿ ਸੰਗ੍ਰਾਮ ॥ ਕ੍ਰੋਧ ਭਰਜੋ ਕੀਨਜੋ ਪਰਿਹਾਰ ॥ ਲਾਤ ਚਲਾਇ ਪਟ ਲੀਜੋ ਉਤਾਰ ॥ ਰੇ ਕਪਟੀ ਤੈਂ ਦੁਰਜੋ ਗਿਰਿ ਆਹਿ ॥ ਅਧੁਨਾ ਮਾਰਤਿ ਹਉ ਤੁਝ ਠਾਇ ॥ ਜਾਗਯੋ ਪੁਰਖੁ ਨਿੰਦ੍ਰਾ ਤਜਿ ਦੀਨ ॥ ਕ੍ਰੋਧ ਦ੍ਰਿਸ੍ਟਿ ਕਾਲਜਮੁਨ ਪਰ ਕੀਨ ॥ ਤਾਂਛਿਨ ਭਸਮ ਭਯੋ ਕਾਲਜਮੁਨ ॥ ਦਰਸ ਦੀਨ ਤਬਿ ਤਾ ਕਹੁ ਕ੍ਰਿਸ਼ਨ ॥ ੨ ॥ ੬੨੯ ॥ ੧੨੬੧ ॥ ਪ੍ਰੀਖਤ ਬਾਚ ਦੋਹਰਾ ॥ ਕਉਨ ਥੋ ਵਹ ਪੁਰਖੁ ਤਹਿ ਕਿਮਿ ਸੋਇਓ ਗਰਿ ਆਇ ॥ ਕਹੋ ਪ੍ਰਸੰਗ ਬੁਝਾਇ ਕੈ ਹਮਹਿ ਰਿਖਿਨ ਕੇ ਰਾਇ ॥ ੩ ॥ ੬੩੦ ॥ ੧੨੬੨ ॥ ਸ੍ਰੀ ਸੁਕੋ ਵਾਚ ਚੌਪਈ ॥ ਇਛ੍ਵਾਕ ਬੰਸ ਮਹਿ ਛਤ੍ਰੀ ਸੂਰ ॥ ਮੁਚਕੰਦ ਨਾਮ ਧਾਤਾ ਸੁਤ ਗੂੜ ॥ ਅਸੁਰ ਪ੍ਰਬਲ ਹੋਤ ਭਏ ਤਬਹਿ ॥ ਦੇਵਨ ਸਹਾਇਤਾ ਚਾਹੇ ਸਬਹਿ ॥ ਰਛਜਾ ਕਰੋ ਹਮਾਰੀ ਸੂਰ ॥ ਤੁਮ ਸਭਿ ਜੋਗ ਰਨ ਮੰਡਿਤ ਗੂੜ ॥ ਪਰਮ ਪ੍ਰਾਯ ਸੋ ਇਹੈ ਬਿਵਹਾਰ ॥ ਛਤ੍ਰੀ ਕਰਤਿ ਸਹਾਇਤਾ ਸੁਰਪਾਲ ॥ ਮੁਚਕੰਦ ਦੇਵ ਹਿਤੁ ਮੰਡਿ ਸੰਗ੍ਰਾਮ ॥ ਜੁਗ ਅਨੇਕ ਝੂਝਜੋ ਬਲਧਾਮ ॥ ੪ ॥ ੬੩੧ ॥ ੧੨੬੩ ॥ ਬਰ ਦੀਨੇ ਇੰਦ੍ਰ ਭੂਪਾਲਾ ॥ ਸੈਨ ਕਰਤਿ ਤੁਮਹਿ ਜਗਾਵੈ ਜ੍ਵਾਲਾ ॥

Scanned by CamScanner

ਭਸਮ ਹੋਇ ਤਾਂਹੀ ਛਿਣ ਸੋਊ ॥ ਸੈਨ ਮਾਹਿ ਜਗਾਵੈ ਕੋਊ ॥ ਜਾਨ ਮਲੇਛ ਹਰਿ ਕਰ ਨ ਲਗਾਏ ॥ ਛਲ ਕਰ ਜਮੁਨ ਮਲੇਛ ਜਰਾਏ ॥ ਪ੍ਰਭੁ ਪਦ ਮਾਥ ਨਾਇ ਮੁਚਕੰਦ ॥ ਗਵਨ ਕੀਨ ਗੰਧਮਾਦੁਨਿ ਨਰਿੰਦ ॥ ੫ ॥ ੬੩੨ ॥ ੧੨੬੪ ॥ ਇਤਿ ਸ੍ਰੀ ਦਸਮ ਸਕੰਧੇ ਭਾਗਵਤੇ ਮਹਾਂਪੁਰਾਣੇ ਕਾਲਜਮੁਨ ਬਧੋ ਮੁਚਕੰਦ ਦਰਸਨੋ ਨਾਮ ਇਕ ਪੰਚਾਸਿਤੋ ਧਯਾਯਃ ॥ ੫੧ ॥ ਦੋਹਰਾ ॥ ਜਾਰ ਛਾਰ ਕਾਲਜਮਨ ਹਰਿ ਆਏ ਸੈਨਾ ਮਾਹਿ ॥ ਤੀਨ ਕਰੋਰ ਮਲੇਖਛ ਕਹਿ ਹਤਜੋ ਯੁਧ ਕਰਿ ਤਾਹਿੰ ॥ ੧ ॥ ੬੩੩ ॥ ੧੨੬੫ ॥ ਚੌਪਈ ॥ ਮਥੁਰਾ ਆਏ ਸ੍ਰੀ ਗਿਰਧਾਰੀ ॥ ਪੁਰ ਘੇਰਜੋ ਪੁਨ ਜਰਾਸੰਧਿ ਅਹੰਕਾਰੀ ॥ ਤਿਸ ਦੇਖਤਿ ਗਿਰਿ ਪਲਾਨੇ ਗਿਰਿਧਰਿ ॥ ਸੰਗ ਹਰੀ ਕੇ ਭ੍ਰਾਤਾ ਹਲਧਰ ॥ ਪਾਛੂ ਲਾਗ ਜਰਾਸੰਧਿ ਗਯੋ ॥ ਸੈਨਾ ਗਿਰਿ ਆਛਾਦਨ ਕਯੋ ॥ ਦੁਰੇ ਕ੍ਰਿਸ਼ਨ ਗਿਰਿ ਮਹਿ ਜੁਤ ਬੰਧੁ ॥ ਬੈਠੇ ਸਿਖਰ ਮੇਰੁ ਸਤਯ ਸੰਧ ॥ ਬਾਰੁਨੀ ਪਾਨ ਕਰੈਂ ਜੁਗ ਭ੍ਰਾਤਾ ॥ ਦੇਵ ਅਪਸਰਾ ਜੁਰੇ ਸੁਭਰਾਤਾ ॥ ਗਾਵਤਿ ਨ੍ਰਿਤਤਿ ਦਰਸ ਕਰਿ ਪਾਵਨ ॥ ਭਗਤਿ ਹੇਤੁ ਹਰਿ ਬਿਗ੍ਰਹ ਪਾਵਨ ॥ ੨ ॥ ੬੩੪ ॥ ੧੨੬੬ ॥ ਚੌਪਈ ॥ ਦੀਨ ਲਗਾਇ ਹੁਤਾਸਨਿ ਰਾਊ ॥ ਲਾਗੇ ਜਰਨ ਮੇਰੁ ਚਹੁ ਦਾਊ ॥ ਕੂਦ ਪਰੇ ਹਰਿ ਸੈਨ ਮਝਾਰ ॥ ਇਕਾਦਸਿ ਯੋਜਨ ਸਿਖਰਿ ਅਪਾਰ ॥ ਹਲ ਗਹਿ ਬਹੁਤ ਸੈਨ ਹਨ ਡਾਰੇ ॥ ਚਕ੍ ਸੁਦਰਸ਼ਨ ਸੰਗ ਸੰਘਾਰੇ ॥ ਰਾਮ ਕ੍ਰਿਸ਼ਨ ਦੈਂਤਨ ਦਲ ਘਾਇ ॥ ਸ੍ਰੋਣ ਨਦੀ ਰਣ ਭੂਮਿ ਬਹਾਇ ॥ ਜੇ ਜੇ ਆਇ ਭਿਰੇ ਸੰਗ੍ਰਾਮ ॥ ਤਾਹਿ ਪਠੇ ਹਰਿ ਕਾਲ ਕੇ ਧਾਮ ॥ ਚਤੁਰੰਗਨਿ ਹਨ ਸੈਨ ਸਬਾਈ ॥ ਜਰਾਸੰਧਿ ਪ੍ਰਭੁ ਦੀਨ ਭਜਾਈ ॥ ਘਾਇ ਅਸੁਰ ਹਰਿ ਦ੍ਵਾਰਿਕਾ ਆਇ ॥ ਸਮਰ ਜੀਤਿ ਸੁਨਿ ਆਨੰਦ ਪਾਇ ॥ ੩ ॥ ੬੩੫ ॥ ੧੨੬੭ ॥ ਚੌਪਈ ॥ ਰੇਵਤ ਰੇਵਤੀ ਤਹਾਂ ਲੈ ਆਯੋ ॥

Scanned by CamScanner

ਦ੍ਵਾਰਾਵਤੀ ਕ੍ਰਿਸ਼ਨ ਦਰਸਾਯੋ ॥ ਪੂਛੇ ਕ੍ਰਿਸ਼ਨ ਕਿਮ ਹੇਤੁ ਪਗ ਧਾਰਾ ॥ ਕਹੈ ਸਕਲ ਆਪਨ ਸਮਾਚਾਰਾ ॥ ਅੰਜੁਲ ਪੁੱਟ ਰੇਵਤ ਕਰ ਭਾਖਾ ॥ ਬ੍ਰਹਮ ਲੋਕ ਤੇ ਆਯੋ ਜਗਨਾਥਾ ॥ ਨਿਮਖ ਏਕ ਬ੍ਰਹਮਾ ਕੋ ਭਯੋ ॥ ਜੁਗ ਸੱਤਾਈਹ ਬੀਤ ਕੇ ਗਯੋ ॥ ਬ੍ਰਹਮ ਆਗਜਾ ਆਇਓ ਹਰਿ ਪਾਸ ॥ ਬਲਿ ਕਹੁ ਕੰਨਜਾਂ ਦੇਨੁ ਧਰਿ ਆਸ ॥ ਸਮਯ ਸੋਧ ਬਿਵਾਹ ਬਿਧਿ ਕਰੇ ॥ ਰੇਵਤੀ ਕਹ ਹਲਧਰ ਜੂ ਬਰੇ ॥ ੪ ॥ ੬੩੬ ॥ ੧੨੬੮ ॥ ਚੌਪਈ ॥ ਸਾਤ ਤਾਲ ਬਲਦੇਵ ਪ੍ਰਮਾਨਾ ॥ ਤਾਲ ਇਕੀਸ ਰੇਵਤੀ ਜਾਨਾ ॥ ਲਜਿਤ ਭਏ ਬਲਭਦ੍ਰ ਤਿਹ ਠਾਈਂ ॥ ਹਲ ਸੰਗ ਸੋਧਿ ਕੀਨ ਲਘੁਤਾਈ ॥ ਰੂਪ ਰਾਸਿ ਨਾਗਨਿ ਸੁਰ ਬਾਲਾ ॥ ਛਬਿ ਅਨੂਪ ਰਾਗਨਿ ਕੋ ਮਾਲਾ ॥ ਕਰਤ ਉਛਾਹ ਸਕਲ ਪੁਰ ਬਾਸੀ ॥ ਹਲਧਰ ਬਿਵਾਹ ਕੀਨ ਅਬਿਨਾਸੀ ॥ ੫ ॥ ੬੩੭ ॥ ੧੨੬੯ ॥ ਇਤਿ ਸ੍ਰੀ ਦਸਮ ਸਕੰਧੇ ਭਾਗਵਤੇ ਮਹਾਂਪੁਰਾਣੇ ਬਲਭਦ੍ਰ ਬਿਵਾਹ ਬਰਨਨੰ ਨਾਮ ਦ੍ਵੈ ਪੰਚਾਸਿਤੋ ਧਯਾਯਃ ॥ ੫੨ ॥ ਚੌਪਈ ॥ ਸੁਨਿ ਭੂਪਤਿ ਹਰਿ ਚਰਿਤ ਰਸਾਲਾ ॥ ਕੁੰਡਨ ਪੁਰ ਭੀਖਮ ਭੂਪਾਲਾ ॥ ਬਿਦ੍ਰਭ ਦੇਸ ਸੁ ਭੂਪ ਬਿਚਖਛਨ ॥ ਚਾਰ ਪੁਤ੍ਰ ਇਕ ਸੁਤਾ ਸੁਲਖਛਨ ॥ ਜੇਸ਼੍ਠ ਪੁਤ੍ਰ ਰੁਕਮੀ ਤਿਹ ਨਾਮਾ ॥ ਰੁਕਮਿਨ ਦੁਹਿਤਾ ਨਾਮ ਅਭਿਰਾਮਾ ॥ ਸਾਖਛਾਤ ਰਮਾ ਅਵਤਾਰਾ ॥ ਛਬਿ ਨਿਧਿ ਸੁੰਦਰਿ ਰੂਪ ਅਪਾਰਾ ॥ ਨਖ ਸਿਖ ਸੋਭਾ ਬਦਨ ਉਜਾਗਰ ॥ ਨਾਨਾ ਮਨਿ ਅਭ੍ਰਨ ਤਨਿ ਆਗਰ ॥ ੧ ॥ ੬੩੮ ॥ ੧੨੭੦ ॥ ਚੌਪਈ ॥ ਰੁਨ ਝੁਨ ਛੁਦ੍ਰ ਘੰਟਿਕਾ ਪਾਯਲ ॥ ਸੁਨਿ ਸੁਨਿ ਸਭੀ ਚਰਾਚਰ ਮਾਯਲ ॥ ਅਤੁਲ ਸੁੰਦਰੀ ਮੋਹਨ ਮਾਯਾ ॥ ਸਗਰੇ ਰੂਪ ਵੰਤ ਤਿਸ ਛਾਯਾ ॥ ਭੀਖਮ ਮਨ ਮਹਿ ਕੀਨ ਬਿਚਾਰਾ ॥ ਕੰਨਜਾ ਭਈ ਜੋਗ ਬਰ ਬਾਰਾ ॥ ਰੁਕਮਿ ਹਕਾਰ ਗੋਸ਼੍ਠਿ ਨ੍ਰਿਪ ਕਰੈ ॥ ਰੁਕਮਨਿ ਕੋ ਬਰ ਢੂੰਢ

Scanned by CamScanner

ਅਨੁਸਰੈ ॥ ਬੋਲਜੋ ਰੁਕਮੀ ਸਿਸੁਪਾਲ ਭੂਆਲਾ ॥ ਦੁਹਿਤਾ ਤਾਸੁ ਦੇਹੁ ਨਿਰਪਾਲਾ ॥ ਭੀਖਮ ਕ੍ਰਿਸ਼ਨ ਦੇਹੰ ਕਹ ਲੀਨ ॥ ਭਯੋ ਕ੍ਰੋਧ ਰੁਕਮੀ ਮਤਿ ਹੀਨ ॥ ੨ ॥ ੬੩੯ ॥ ੧੨੭੧ ॥ ਚੌਪਈ ॥ ਗੂਜਰ ਸੁਤਾ ਨ ਦੇਹੁ ਨਰੇਸ਼ ॥ ਕੁਲ ਲਾਜੈ ਉਪਹਾਸ ਸਭਿ ਦੇਸ ॥ ਦਮਨ ਘੋਖ ਇਕ ਸੁਤ ਨਿਰਪਾਲਾ ॥ ਦੈਬੇ ਜੋਗ ਤਾਹਿੰ ਪਿਤ ਬਾਲਾ ॥ ਨ੍ਰਿਪ ਸਮੁਝਾਇ ਤਿਲਕ ਤਿਨ ਦੀਨ ॥ ਸੋਧਿ ਲਗਨ ਬਿਵਾਹ ਕੋ ਲੀਨ ॥ ਸੁਨਿ ਰੁਕਮਿਨਿ ਚਿਤ ਚਿੰਤਾ ਭਾਰੀ ॥ ਹਰਿ ਸੋਂ ਤਜੁ ਨਹਿ ਬਰੋ ਬਿਚਾਰੀ ॥ ਪਿਤਾ ਦੀਨ ਮੁਝਿ ਕ੍ਰਿਸ਼ਨ ਰੁਚਾਈ ॥ ਅਧਿਮ ਰੁਕਮਿ ਹਰਿ ਨਿੰਦ ਕਰਾਈ ॥ ਆਕੁਲ ਬਿਲਕ ਭਈ ਤਾ ਅਉਸਰ ॥ ਕਹ ਪਠਹੁੰ ਜਦੁਪਤਿ ਢਿਗ ਯਾ ਅਉਸਰ ॥ ੩ ॥ ੬੪੦ ॥ ੧੨੭੨ ॥ ਚੌਪਈ ॥ ਹਿਤੁ ਜਾਨ ਇਕ ਸਖੀ ਬੁਲਾਈ ॥ ਭਾਖੀ ਬ੍ਰਿਥਾ ਚਿਤ ਪੀਰ ਜਨਾਈ ॥ ਦਿਜ ਹਿਤੁ ਬੋਲ ਲੀਨ ਸਖੀ ਸਜਾਨੀ ॥ ਅੰਤਰ ਪੀਰ ਸਭਿ ਕਹੀ ਬਖਾਨੀ ॥ ਦ੍ਵਾਰਿਕਾ ਜਾਹੁ ਕ੍ਰਿਸ਼ਨ ਲੈ ਆਯੋ ॥ ਹਮਰੇ ਚਿਤ ਕੋ ਚਿੰਤ ਮਿਟਾਯੋ ॥ ਸਮਾਚਾਰ ਸਭਿ ਕਰਹੁ ਗੋਸਾਈ ॥ ਮੈ ਦਾਸੀ ਜਦੁਪਤਿ ਮਨਿ ਭਾਈ ॥ ਪਿਤਾ ਸੁ ਦੀਨਿ ਕ੍ਰਿਸ਼ਨ ਤੁਮ ਮੁਝੇ ॥ ਮੂਰਖ ਰੁਕਮਿ ਹਰਿ ਕਹ ਨਹਿ ਬੁਝੇ ॥ ਸਿਸੁਪਾਲਹਿ ਤਿਲਕ ਦੀਨ ਮਤਿ ਮੂਢ ॥ ਮੋਰੀ ਬਿਨਯ ਕਹੀਯੋ ਮਤਿ ਗੂਢ ॥ ਸਿੰਘ ਭਾਗ ਕਿਮ ਜੰਬੁਕ ਲੇਈ ॥ ਦੀਨਾਨਾਥ ਮੇਟਹੁ ਦੁਖ ਸੋਈ ॥ ੪ ॥ ੬੪੧ ॥ ੧੨੭੩ ॥ ਦੋਹਰਾ ॥ ਬਿਬਿਧ ਦਾਨ ਦੈ ਬਿਪ੍ਰ ਹੀ ਬਿਦਾ ਕੀਨ ਸਿਰ ਨਾਇ ॥ ਸੁਭਗ ਸਮਯ ਚਾਲਯੋ ਸੋਊ ਆਸਿਖ ਦੀਨਿ ਬਹੁਭਾਇ ॥ ੫ ॥ ੬੪੨ ॥ ੧੨੭੪ ॥ ਚੌਪਈ ॥ ਰੁਕਮਨਿ ਬਿਧਿਹ ਮਨਾਵਤਿ ਭਈ ॥ ਹਰਿ ਪਦ ਧਜਾਨ ਭਗਤ ਚਿੱਤ ਠਈ ॥ ਪੁਨ ਪੁਨ ਚਿੰਤਾ ਕਰਤਿ ਕੁਮਾਰੀ ॥ ਰਾਜ ਦਰਬਾਰ ਤ੍ਰਿਭੁਅਨ ਪਤਿ ਭਾਰੀ ॥ ਕੈਧੋ ਬਿਪ੍ਰ

Scanned by CamScanner

ਕੋ ਆਗਮਨ ਕਹੇ ॥ ਕੈਸੇ ਬਿਪ੍ਰ ਹਰਿ ਦਰਸ਼ਨ ਲਹੈ ॥ ਤ੍ਰਿਭੁਅਨਿ ਪਤਿ ਹਰਿ ਅਗਮ ਅਗਾਧਾ ॥ ਹਮ ਅਬਲਾ ਅਤਿ ਮੂਢ ਅਸਾਧਾ ॥ ਕਿਮ ਮੁਹਿ ਬਰੈ ਤ੍ਰਿਭੁਅਨ ਪਤਿ ਪਿਆਰੇ ॥ ਸ਼ਯਾਮ ਸਰੋਜ ਮੁਖ ਚੰਦ੍ਰ ਉਜਾਰੇ ॥ ਚਤੁਰ ਪਾਨ ਚਤੁਰਾਯੁਧ ਧਾਰੀ ॥ ਮੋ ਕਹਿੰ ਕਿਮ ਬਰਹੈਂ ਬਨਵਾਰੀ ॥ ੬ ॥ ੬੪੩ ॥ ੧੨੭੫ ॥ ਚੌਪਈ ॥ ਭਗਤ ਬਛਲ ਹਰਿ ਬਿਰਦ ਅਪਾਰਾ ॥ ਦੀਨ ਦਯਾਲ ਬਿਰਦ ਹਰਿ ਧਾਰਾ ॥ ਜਾਹਿ ਭਜਤ ਜਜਤ ਤ੍ਰੈ ਲੋਆ ॥ ਇਛਜਾ ਹਰਿ ਪੂਰੇ ਕੋਊ ਓਆ ॥ ਸੁਨਿ ਸੰਦੇਸ਼ ਪ੍ਰਭੁ ਬਿਲੰਭ ਨਹਿ ਕਰੈਂ ॥ ਹਤੈਂ ਸਿਸੁਪਾਲ ਮੋ ਕਹੁੰ ਤਹ ਬਰੈਂ ॥ ਗਵਨੈ ਬਿਪ੍ਰ ਦ੍ਵਾਰਿਕਾ ਜਾਈ ॥ ਖਬ੍ਰੀਅਨ ਦਿਜ ਆਗਮਨਹਿ ਜਨਾਈ ॥ ਦੇਖ ਦ੍ਵਾਰ ਚਲ ਚਕ੍ਰਿਤ ਚਿਤ ਮਾਹੀ ॥ ਹਰਿ ਪੁਰ ਸਮ ਪੁਰ ਜਗ ਨਹਿ ਆਹੀ ॥ ਦਰਸੇ ਕ੍ਰਿਸ਼ਨ ਆਦਰ ਦਿਜ ਕੀਨ ॥ ਪਦ ਪ੍ਰਛਾਲ ਚਰਨੋਦਿਕ ਲੀਨ ॥ ਬਿਮਲ ਪ੍ਰਯੰਕ ਬੈਠਾਰੇ ਦਿਜਬਰ ॥ ਦਿਬਜ ਭੋਜਨ ਅਰਪ ਦ੍ਵਿਜ ਨਰਹਰਿ ॥ ੭ ॥ ੬੪੪ ॥ ੧੨੭੬ ॥ ਪੂਛੇ ਕ੍ਰਿਸ਼ਨ ਦਿਜ ਕੀਨ ਨਿਹਾਲਾ ॥ ਕਿਤ ਪਧਰੇ ਹੇ ਬਿਪ ਕ੍ਰਿਪਾਲਾ ॥ ਬੋਲੇ ਬਿਪ੍ਰ ਹੀਯ ਹਰਖ ਸਮੇਤ ॥ ਸੁਨਹੁ ਸੰਦੇਸ਼ ਇਕ ਕ੍ਰਿਪਾ ਨਿਕੇਤ ॥ ਕੁੰਡਲ ਪੁਰ ਭੀਖਮ ਅਵਨੇਸਾ ॥ ਰੁਕਮਿਨਿ ਦੁਹਿਤਾ ਤਾਸੁ ਪੁਨੀਤਾ ॥ ਜਨਮ ਜਨਮ ਕੀ ਭਗਤਿ ਤੁਹਾਰੀ ॥ ਤਿਨ ਮਮ ਪਠ ਤੁਮ ਢਿਗ ਗਿਰਿਧਾਰੀ ॥ ਭੀਖਮ ਦੇਨਿ ਸੁਤਾ ਹਰਿ ਚਾਹਾ ॥ ਰੁਕਮਿ ਭ੍ਰਾਤ ਸਿਸੁਪਾਲ ਬਿਵਾਹਾ ॥ ਤੁਮ ਮਹਿ ਬਸਤਿ ਪ੍ਰਾਨ ਨਿਜ ਬਾਲਾ ॥ ਇਹ ਭਿ ਪ੍ਰਾਯ ਮੁਰ ਦੀਨ ਦਯਾਲਾ ॥ ਲਗਨ ਨਿਯਰ ਮਗ ਦੂਰਿ ਗੁਸਾਈ ॥ ਪੂਰਹਿ ਆਸ ਬੇਗ ਜਦੁਰਾਈ ॥ ਤ੍ਵ ਹਿਤੁ ਪ੍ਰਾਨ ਰਖੇ ਨ੍ਰਿਪ ਬਾਰੀ ॥ ਜੌਂ ਨਹਿ ਮਿਲਹੁ ਬਧੁ ਤਜਹਿ ਸੁ ਕੁਮਾਰੀ ॥ ਸੁਨਿ ਸੰਦੇਸ਼ ਹਰਖੇ ਜਗ ਰਾਜਾ ॥ ਰੁਕਮਨਿ ਮੋਰਿ ਸੁਤਹ ਵਪੁ ਛਾਯਾ ॥

Scanned by CamScanner

੮ ॥ ੬੪੫ ॥ ੧੨੭੭ ॥ ਇਤਿ ਸ੍ਰੀ ਦਸਮ ਸਕੰਧੇ ਸ੍ਰੀ ਭਾਗ ਵਡੇ ਮਹਾਂ ਪੁਰਾਣੇ ਰੁਕਮਨੀ ਸੰਦੇਸ਼ ਬਰਨਨੋ ਨਾਮ ਤ੍ਰੈਪੰਚਾਸਿਤ ਧਜਾਯਃ ॥ ੫੩ ॥ ਦੋਹਰਾ ॥ ਦਿਜ ਤੋਖੇ ਗਿਰਧਰਿ ਤਬਹਿ ਦਾਰੁਨ ਆਗਜਾ ਦੀਨਿ ॥ ਚਾਰ ਤੁਰੰ ਗਤਿ ਪਵਨ ਸਮ ਠਾਢ ਪਉਰ ਰਥ ਕੀਨ ॥ ੧ ॥ ੬੪੬ ॥ ੧੨੭੮ ॥ ਚਉਪਈ ॥ ਬੈਠੇ ਰਥ ਹਰਿ ਬਿਪ੍ਰ ਜੁਤ ਤਬਹਿ ॥ ਭੇਦ ਨ ਦੀਨ ਪੁਰਜਨ ਕਹ ਸਬਹਿ ॥ ਏਕ ਰੈਨ ਪਹੁੰਚੇ ਹਰਿ ਜਾਈ ॥ ਬਲਭਦ੍ਰ ਹੂੰ ਅਸ ਸੁਨਿ ਪਾਈ ॥ ਯੁਵਤੀ ਰਤਨ ਹਿਤ ਸ੍ਰਜਾਮ ਸਿਧਾਇ ॥ ਬਿਦ੍ਰਭ ਦੇਸ ਮਾਧਓ ਗਯੋ ਲਵਾਇ ॥ ਖੀਝ ਬਲਭਦ੍ਰ ਸੈਨ ਚਤੁਰੰਗਾ ॥ ਗਵਨ ਕੀਨ ਕੁੰਡਲ ਪੁਰ ਅੰਗਾ ॥ ਨਿਰਖ ਕ੍ਰਿਸ਼ਨ ਬਲਭਦ੍ਰ ਅਗੁਵਾਇ ॥ ਪੁਹਪ ਬਾਟਿਕਾ ਮਿਲਿ ਜਦੁ ਰਾਇ ॥ ਹੁਇ ਇਕਤ੍ਰ ਸੈਨਾ ਪਰਿਵਾਰਾ ॥ ਰਾਮ ਸਹਿਤ ਪੁਰ ਪਗਿ ਹਰਿ ਧਾਰਾ ॥ ੨ ॥ ੬੪੭ ॥ ੧੨੭੯ ॥ ਚੌਪਈ ॥ ਬਿਪ੍ਰਹਿ ਬਿਦਾ ਕੀਨ ਜਦੁਰਾਈ ॥ ਰੁਕਮਨਿ ਸੰਬੋਧ ਦਿਜ ਕਰ ਕਰਵਾਈ ॥ ਬਿਪ੍ਰ ਗਯੋ ਅੰਤਹ ਪੁਰ ਮਾਹੀ ॥ ਉਠ ਧਾਈ ਰੁਕਮਨਿ ਦਿਜ ਪਾਹੀ ॥ ਕਹੋ ਬਿਪ੍ਰ ਕ੍ਰਿਸਨ ਕੁਸਲਾਤਾ ॥ ਲਾਯੋ ਹਰਿ ਕਹ ਕਹੋ ਸੋ ਬਾਤਾ ॥ ਦਿਜ ਬੋਲੇ ਸੁਨਿ ਰਾਜ ਕੁਮਾਰੀ ॥ ਬਲ ਜੁਤ ਆਏ ਪੁਰ ਗਿਰਧਾਰੀ ॥ ਜਸ ਸਨੇਹੁ ਤੁਮਰੇ ਚਿਤ ਹਰਿ ਕੋ ॥ ਤੈਸੋ ਅਧਿਕ ਨੇਹ ਨਰ ਹਰਿ ਕੋ ॥ ਅਬ ਚਿਤ ਚਿੰਤਨ ਕਰਹੁ ਜਗਦੰਬਹਿੰ ॥ ਬਰਿ ਹੈਂ ਕ੍ਰਿਸ਼ਨ ਤੁਮਹਿ ਅਬਿਲੰਬਹਿੰ ॥ ॥ ੩ ॥ ੬੪੮ ॥ ੧੨੮੦ ॥ ਚੌਪਈ ॥ ਬਹੁ ਦੱਛਨਾ ਦੈ ਬਿਦਾ ਦਿਜ ਕੀਨਾ ॥ ਰੋਮ ਰੋਮ ਪੁਲਕਿਤ ਦੁਖ ਖੀਨਾ ॥ ਸੁਨਿ ਭੀਖਮ ਜਦੁਪਤਿ ਪੁਰ ਆਇ ॥ ਮੁਰਝੇ ਕੰਜ ਜਿਮ ਬਾਰਿ ਸਿੰਚਾਇ ॥ ਰੁਕਮਿ ਕਹਤਿ ਬਿਨੁ ਬੋਲੇ ਕਿਮ ਆਇ ॥ ਸਠ ਭੂਪਤਿ ਹੀਯ ਮਹਿਤ ਤ੍ਰਸਾਇ ॥ ਡੇਰਾ ਦੀਨ ਬਾਟਿਕਾ ਸ੍ਰੀਪਤਿ ॥ ਬਿਬਿਧ ਪਕਵਾਨ ਪਠੇ

Scanned by CamScanner

ਨ੍ਰਿਪ ਹਰਿ ਹਿਤ ॥ ਬਡੇ ਬਡੇ ਭੂਪਤਿ ਤਿਹ ਆਏ ॥ ਜੁਰੇ ਸਕਲ ਅਵਨੇਸ ਨ੍ਰਿਪਰਾਇ ॥ ਨਰ ਨਾਰੀ ਸਭਿ ਹ੍ਰਿਦਯ ਉਮਾਹੂ ॥ ਪੰਚ ਤੂਰ ਮੰਗਲ ਸਭਿ ਕਾਹੂ ॥ ੪ ॥ ੬੪੯ ॥ ੧੨੮੧ ॥ ਚੌਪਈ ॥ ਨ੍ਰਿਪ ਮੰਤ੍ਰੀ ਕਹਿ ਆਇਸ ਦੀਨ ॥ ਕੁਲਿ ਬਿਵਹਾਰ ਅਬ ਕਰਹੁ ਪ੍ਰਬੀਨ ॥ ਇਸ੍ਰ ਦੇਵ ਦੇਵੀ ਆਰਾਧਹੁ ॥ ਜਿਹ ਪ੍ਰਸਾਦਿ ਕਾਰਜ ਸੁਭ ਸਾਧਹੁ ॥ ਸਖਿਨ ਰੁਕਮਿਨੀ ਨਹਾਵਨਿ ਲਾਗੀ ॥ ਸਭਿ ਮਿਲਿ ਕਹਿਤਿ ਕ੍ਰਿਸ਼ਨ ਅਨੁਰਾਗੀ ॥ ਰੁਕਮਿਨੀ ਪਤਿ ਜਦੁਪਤਿ ਹੀ ਹੋਵੈਂ ॥ ਬਿਧਨਾ ਪੈ ਸਭਿ ਬਿਨਤੀ ਢੋਵੈਂ ॥ ਸੂਰਜ ਪਹਿ ਬਿਨਤੀ ਬਹੁ ਠਾਨੀ ॥ ਹੁਇ ਭਰਤਾ ਤੁਮ ਸਾਰਿੰਗ ਪਾਨੀ ॥ ਚਿਤ੍ ਸਾਲਾ ਮਹਿ ਕੁਅਰੀ ਲਾਈ ॥ ਨਉ ਸਤ ਸਿੰਗਾਰ ਸਖਿਨ ਕਰਾਈ ॥ ਦੁਰਗਾ ਪੂਜਨ ਚਲੀ ਕੁਮਾਰੀ ॥ ਸਖੀਜਨਿ ਮਧਯ ਚਲੀ ਨ੍ਰਿਪ ਬਾਰੀ ॥ ਪਾਂਚ ਸਬਦ ਬਾਜਤਿ ਧੁਨਿ ਪੂਰਤਿ ॥ ਮਨ ਮਹਿ ਰੁਕਮਨਿ ਦੁਖ ਕਰ ਝੂਰਤਿ ॥ ਬਹੁ ਸੈਨਾ ਰਖਵਾਰੇ ਸਾਥ ॥ ਨਿਸਤ ਕ੍ਰਿਪਾਨ ਲੀਜੇ ਹਾਥ ॥ ਉਤ ਜਦੁਪਤਿ ਰਥ ਚੜ ਤਹਿ ਆਏ ॥ ਸ਼ਿਵ ਮੰਡਿਪ ਹਿਤੁ ਘਾਤ ਤਕਾਏ ॥ ਪੂਜਤਿ ਰੁਦ੍ ਕਾਲਿਕਾ ਦੇਵੀ ॥ ਪੰਚੋਪਚਾਰ ਪੂਜਤ ਕਰ ਸੇਵੀ ॥ ਕਰਤਿ ਨਿਹੋਰ ਰੁਕਮਨੀ ਭਵਾਨੀ ॥ ਮੋ ਪਤਿ ਦੀਜਹਿ ਸਾਰਿੰਗ ਪਾਨੀ ॥ ਕਰਿ ਪੂਜਾ ਦੇਵੀ ਗ੍ਰਿਹ ਚਲੀ ॥ ਸੰਗ ਸਖੀ ਸਜਾਨੀ ਬਹੁ ਅਲੀ ॥ ਭੁਜ ਗਹਿ ਕ੍ਰਿਸ਼ਨ ਰਥ ਲੀਨ ਚਢਾਈ ॥ ਸਿੰਘ ਭੁਗਤ ਕੁਸਲੇਤ ਬਰਿਆਈ ॥ ੫ ॥ ੬੫੦ ॥ ੧੨੮੨ ॥ ਇਤਿ ਸ੍ਰੀ ਦਸਮ ਸਕੰਧੇ ਮਹਾਂ ਪੁਰਾਣੇ ਰੁਕਮਿਨੀ ਹਰਨੋ ਨਾਮ ਚਤੁਰ ਪੰਚਾਸਿਤੋ ਧਜਾਯਃ ॥ ੫੪ ॥ ਚਉਪਈ ॥ ਰਉਰ ਪਰੀ ਅਸੁਰਨੁ ਦਲ ਮਾਹੀ ॥ ਹਰੇ ਕ੍ਰਿਸ਼ਨ ਰੁਕਮਨਿ ਉਤਸ਼ਾਹੀ ॥ ਅਸੁਰ ਸਕਲ ਸੈਨਾ ਜੁਤ ਧਾਏ ॥ ਦੰਤਬਕਤ੍ ਸਿਸੁਪਾਲ ਰਿਸਾਏ ॥ ਘੇਰ ਲੀਨ ਜਦੁਪਤਿ ਕਹਿ ਸਾਰੇ ॥

Scanned by CamScanner

ਡਾਰਤਿ ਸ਼ਸਤ੍ਰ ਅਸਤ੍ਰ ਬਹੁ ਭਾਰੇ ॥ ਬਾਨ ਬੂੰਦ ਪ੍ਰਲਜ ਸਮ ਡਾਰਤਿ ॥ ਤਕ ਤਕ ਹਿਜ ਜਦੁਪਤਿ ਸਰ ਮਾਰਤਿ ॥ ਸ਼ੰਕਰ ਸਨ ਆਗੇ ਚਲਿ ਆਇ ॥ ਹਲ ਮੂਸਲ ਸੰਗ ਰਿਪੁ ਦਲ ਘਾਇ ॥ ਨਦੀ ਸ੍ਰਉਨ ਤਹਿ ਬਹਜੋ ਭਯਾਵਨਿ ॥ ਰੁੰਡ ਮੁੰਡ ਕਬੰਧ ਡਰਾਵਨਿ ॥ ਕੂਕਤਿ ਭੂਤ ਪ੍ਰੇਤ ਮਸਾਨਾ ॥ ਡਾਕਨਿ ਹਸਤਿ ਜੋਗਨੀ ਗਾਨਾ ॥ ਝੁਕੇ ਸਿਸੁਪਾਲ ਦਿਸਾ ਬਲਰਾਮਾ ॥ ਦੰਤ ਬਕਤ੍ਰ ਜਰਾਸੰਧਿ ਸੰਗ੍ਰਾਮਾ ॥ ਜਰਾਸੰਧਿ ਭਾਖਤਿ ਸਿਸੁਪਾਲ ॥ ਰਣ ਅਜੀਤ ਬਲਭਦ੍ਰ ਗੋਪਾਲ ॥ ਤੇਈਸ ਖੂਹਨੀ ਦਲ ਲੈ ਭਿਰਜੋ ॥ ਪ੍ਰਾਜਯ ਪਾਯੋ ਬਹੁਬਿਧਿ ਅਰਜੋ ॥ ਨੀਤੀ ਯਹੈ ਤਜਹੁ ਸੰਗ੍ਰਾਮ ॥ ਇਸਤ੍ਰੀ ਹਿਤੁ ਕਿਮ ਮਰਹੁ ਯਾ ਠਾਮ ॥ ਸੈਨ ਕੁਟੰਬ ਸਭਿ ਮਰਿ ਹੈਂ ਭਾਈ ॥ ਤਦਜਪਿ ਨ ਜੀਤਿ ਸਕਹਿ ਜਦੁਰਾਈ ॥ ੧ ॥ ੬੫੧ ॥ ੧੨੯੩ ॥ ਕਹ ਸਿਸੁਪਾਲ ਅਪਜੱਸ ਜਗ ਜੀਵਨਿ ॥ ਤਾਂ ਤੇ ਮਰਹੁ ਭਿਰ ਕ੍ਰਿਸ਼ਨ ਸੰਗ ਖੀਵਨ ॥ ਪੁਨ ਸਮੁਝਾਵਹਿ ਲੀਨ ਜਰਾਸੰਧਿ ॥ ਪ੍ਰਾਨ ਰਹੈ ਤਉ ਸਭਿ ਸੁਖ ਬ੍ਰਿੰਦ ॥ ਕਰ ਪ੍ਰਬੋਧ ਸਿਸੁਪਾਲ ਸੁਝਾਯੋ ॥ ਸੈਨ ਸਹਿਤ ਸਭਿ ਅਸੁਰ ਪਲਾਯੋ ॥ ਰੁਕਮੀ ਆਇ ਮੰਡਜੋ ਸੰਗ੍ਰਾਮ ॥ ਲਾਜ ਮਰਤ ਕੁਲਿ ਕਲੰਕ ਸਕਾਮ ॥ ਰਥ ਚਢ ਸਨਮੁਖ ਸਮਰ ਸਿਧਾਯੋ ॥ ਜਦੁਪਤਿ ਜੀਤਹੁ ਨਹਿ ਪੁਰਹ ਬਸਾਯੋ ॥ ੨ ॥ ੬੫੨ ॥ ੧੨੯੪ ॥ ਚੌਪਈ ॥ ਭਿਰਜੋ ਕ੍ਰਿਸ਼ਨ ਸੰਗ ਰੁਕਮੀ ਆਇ ॥ ਬਾਨਾਵਲਿ ਕਰਜੋ ਸਨਮੁਖ ਹਰਿ ਆਇ ॥ ਲਗਜੋ ਹੋਨ ਪਰਸਪਰ ਜੁੱਧਾ ॥ ਮੰਡੇ ਜੁਧ ਕਰ ਕਰ ਦੋਊ ਕ੍ਰੁੱਧਾ ॥ ਰਥ ਤੇ ਉਤ੍ਰ ਖੜਗ ਲੈ ਧਾਯੋ ॥ ਸ੍ਰੀਪਤਿ ਰੁਕਮੀ ਗਹਿ ਕਰ ਧਾਯੋ ॥ ਸੀਸ ਕਲਪ ਤਿਹ ਚਹੈ ਗੋਪਾਲਾ ॥ ਰੁਕਮਿਨੀ ਭ੍ਰਾਤ ਪਿਖਿ ਭਈ ਬਿਹਾਲਾ ॥ ਪਾਨ ਜੋਰ ਬਿਨਤੀ ਹਰਿ ਕਰਈ ॥ ਭ੍ਰਾਤਾ ਪ੍ਰਾਨ ਉਬਾਰੋ ਹਰਿ ਜੀ ॥ ਦੀਨ ਦਯਾਲ ਕ੍ਰਿਸ਼ਨ ਭਗਵਾਨਾ ॥ ਰੁਕਮਿਨਿ ਬਿਨਜ ਨਹਿ ਹਤੇ

Scanned by CamScanner

ਪ੍ਰਾਨਾ ॥ ਬਾਂਧ ਭੁਜਨ ਸਿਰ ਮੂੰਡੇ ਰੁਕਮਿ ॥ ਦੰਡ ਦੀਨ ਸ੍ਰੀਪਤਿ ਯਾ ਜਤਨ ॥ ਮੂਛ ਮੂੰਡ ਸਿਰ ਮੂੰਡ ਗੁਪਾਲਾ ॥ ਬਾਂਧ ਭੁਜਨ ਰਥ ਧਰੇ ਭੂਪਾਲਾ ॥ ਸੈਨਾ ਰਿਪੁ ਨ ਹਤੇ ਬਲਰਾਮ ॥ ਆਇ ਕ੍ਰਿਸ਼ਨ ਪੈ ਬੰਧੁ ਅਭਿਰਾਮ ॥ ਰੋਵਤਿ ਰੁਕਮਿਨੀ ਬੰਧੁ ਹਿਤੁ ਆਕੁਲ ॥ ਰੁਕਮੀ ਮਾਨ ਭੰਗ ਅਤਿ ਬਜਾਕੁਲ ॥ ੩ ॥ ੬੫੩ ॥ ੧੨੯੫ ॥ ਕਛੁਕ ਰੋਸ ਬਲਭਦ੍ਰ ਹਰਿ ਕੀਨਾ ॥ ਉਚਿਤ ਨ ਤੁਮਹਿ ਕ੍ਰਿਸ਼ਨ ਪ੍ਰਬੀਨਾ ॥ ਭਗਨੀ ਯਾਹਿੰ ਹਰੇ ਗੋਪਾਲਾ ॥ ਤਾਂ ਹਿਤੁ ਇਨ ਮੰਡੇ ਰਨ ਭਾਲਾ ॥ ਲੋਕ ਲਾਜ ਅਪਬਾਦ ਜਗ ਕੇਰਾ ॥ ਤਾਂ ਹਿਤੁ ਇਨ ਰਣ ਕੀਨੁ ਬਡੇਰਾ ॥ ਲਾਜ ਲਜਾਇ ਹਮਹਿ ਗੋਪਾਲਾ ॥ ਅਪਜੱਸ ਕਰਹਿੰ ਨਰ ਨਾਰ ਭੂਪਾਲਾ ॥ ਬਹੁ ਪ੍ਰਬੋਧ ਰੁਕਮੀ ਬਲਰਾਮਾ ॥ ਬਿਦਾ ਕੀਨ ਭੂਪਤਿ ਸੁਖ ਧਾਮਾ ॥ ਜਦੁ ਸੈਨਾ ਲੈ ਚਲੇ ਗੋਬਿੰਦਾ ॥ ਸਾਰਥੀ ਭਏ ਬਲਭਦ੍ਰ ਸੁਖਿੰਦਾ ॥ ਦੇਸ ਦੇਸ ਮਹਿ ਰਥ ਹਰਿ ਗਜੇ ॥ ਭੂਪ ਸਕਲ ਪੂਜਨ ਹਰਿ ਕਯੋ ॥ ਨਾਨਾ ਭੇਟ ਸੁਗੰਧਨ ਚਰਚਿਤ ॥ ਹਰਿ ਪਦ ਬੰਦਤ ਭੇਟਾ ਅਰਪਿਤ ॥ ਪਹੁੰਚੇ ਸ੍ਰੀਪਤਿ ਦ੍ਵਾਰਿਕਾ ਜਾਈ ॥ ਜਦੁ ਬੰਸੀ ਪੁਰ ਜਨ ਸਭਿ ਧਾਈ ॥ ਬਸੁਦੇਵ ਦੇਵਕੀ ਮਨ ਹਰਖਾਇ ॥ ਗਾਵਤ ਮੰਗਲ ਚਾਰ ਬਧਾਇ ॥ ੪ ॥ ੬੫੪ ॥ ੧੨੯੬ ॥ ਜਦੁਪਤਿ ਬਿਵਾਹ ਰਚੇ ਪਿਤੁ ਮਾਤਾ ॥ ਬੇਦ ਬਿਧ ਬੇਦਿਕਾ ਰਚਿ ਖਜਾਤਾ ॥ ਮਨਿਮਯ ਬੇਦੀ ਮੁਕਤਾ ਲਾਗਾ ॥ ਕੰਚਨ ਕਲਸ ਬੰਦਨਵਾਰ ਸਭਾਗਾ ॥ ਮੁਕਤਾ ਚਉਕ ਪੂਰੇ ਤਾ ਅਉਸਰ ॥ ਨਾਦ ਬਾਦ ਬਾਜਤਿ ਅਤਿ ਸੁਭਰ ॥ ਕਾਂਡੀ ਬੇਦ ਰਿਚਾ ਧੁਨਿ ਕਰ ਹੀ ॥ ਰਿਖਿ ਮੁਨਿ ਬਿਪ੍ਰ ਸ੍ਵਸਤੈਨ ਉਚਰ ਹੀਂ ॥ ਮੁਕਤਾ ਵਾਰ ਕ੍ਰਿਸ਼ਨ ਰੁਕਮਿਨਿ ਪਰ ॥ ਗਾਵਤਿ ਗੀਤ ਮਨੋਹਰ ਰੁਚਿ ਕਰ ॥ ਰੁਕਮਿਨਿ ਬੇਦਿਕਾ ਪਰ ਚਲਿ ਆਈ ॥ ਅੰਚਲ ਗ੍ਰੰਥ ਬੰਧੁ ਜਦੁਰਾਈ ॥ ਭਾਵਰੀ ਸਾਤ ਹੁਤਾਸਨ ਕਰੇ ॥ ਬੇਦ ਬਿਧਾਨ ਰੁਕਮਿਨਿ

Scanned by CamScanner

ਹਰਿ ਬਰੇ ॥ ਮਨਿਮਯ ਮੰਦਿਰ ਕੀਨ ਪ੍ਰਵੇਸਾ ॥ ਸਉਜ ਬਿਬਿਧ ਤਹੰ ਧਰੇ ਅਨੇਕਾ ॥ ਖਾਨ ਪਾਨ ਸੇ ਵਨ ਬਹੁ ਭਾਂਤਿਨ ॥ ਬਿਦਜ ਸੁਗੰਧ ਪ੍ਰਯੰਕ ਮਨਿ ਲਾਲਨ ॥ ਹਰਿ ਕ੍ਰੀੜਤਿ ਰੁਕਮਿਨਿ ਕੇ ਸੰਗਾ ॥ ਮਨਮਥ ਦ੍ਰਪ ਹਰਤ ਉਮੰਗਾ ॥ ਪ ॥ ੬੫੫ ॥ ੧੨੮੭ ॥ ਇਤਿ ਸ੍ਰੀ ਦਸਮ ਸਕੰਧੇ ਸ੍ਰੀ ਭਾਗਵਤੇ ਮਹਾਂ ਪੁਰਾਣੇ ਰੁਕਮਿਨੀ ਬਿਵਾਹ ਬਰਨਨੰ ਨਾਮ ਪੰਚ ਪੰਚਾਸਿਤੋ ਧਯਾਯਃ ॥ ਪਪ ॥ ਚੌਪਈ ॥ ਨਿਤਿਪ੍ਰਤਿ ਕ੍ਰੀੜਤਿ ਕ੍ਰਿਸ਼ਨ ਬਿਲਾਸਾ ॥ ਕੇਲ ਕਰਤਿ ਯੁਵਤੀ ਸੰਗ ਹਾਸਾ ॥ ਕਰਤ ਬਿਹਾਰ ਬਾਟਿਕਾ ਜਾਈ ॥ ਗੁਲਮ ਲਤਾ ਬ੍ਰਿਛਨ ਸੁਖਦਾਈ ॥ ਨਾਨਾ ਖਗ ਮ੍ਰਿਗ ਭ੍ਰਿੰਗ ਸਮਾਹੀ ॥ ਸੀਤਲਿ ਮੰਦ ਬਜਾਂਰ ਬਹਾਹੀਂ ॥ ਹਰਿ ਕ੍ਰੀੜਤਿ ਰੁਕਮਿਨਿ ਕੇ ਸੰਗਾ ॥ ਬਜਤਿ ਰਬਾਬ ਬੀਨ ਮ੍ਰਿਦੰਗਾ ॥ ਕੰਜ ਕੁਮੁਦਨਿ ਫੂਲੇ ਬਹੁ ਭਾਏ ॥ ਹੰਸ ਚਕੋਰ ਪਿਕ ਬਚਨ ਸੁਹਾਇ ॥ ਰੁਕਮਿਨਿ ਗਰਭਿਨਿ ਭਈ ਹਰਿ ਤੇਜਾ ॥ ਮੁਖਿ ਸੋਭਾ ਸਸਿ ਕ੍ਰਾਂਤਿ ਅਮੇਜਾ ॥ ਸ਼ਿਵ ਰਿਪੁ ਗਰਭ ਲੀਨ ਅਵਤਾਰਾ ॥ ਪੂਰਬਿਲੋ ਸ੍ਰਾਪ ਸੰਭੁ ਚਿਤ ਠਾਰਾ ॥ ਜਨਮੁ ਲੀਨ ਜਦੁ ਕੁਲ ਭਗਵਾਨਾ ॥ ਕਾਨ੍ਹ ਪੁਤ੍ਰ ਜਨਮਜੋ ਪ੍ਰਧਾਨਾ ॥ ਕਰਤਿ ਬਧਾਈ ਪੁਰਜਨ ਸਭੀ ॥ ਮੰਗਲਚਾਰ ਬਾਦ ਪੁਨਿ ਸਭੀ ॥ ਬ੍ਰਾਹਮਨ ਬੇਦ ਮੰਤ੍ਰ ਧੁਨਿ ਕਰੈਂ ॥ ਮੰਗਤਨ ਦਾਨ ਦੇਤਿ ਜਸ ਰਰੈਂ ॥ ਜਦੁ ਕੁਲ ਕੇ ਨਰ ਨਾਰ ਬਿਚਛਨ ॥ ਕਰਤੁ ਉਛਾਹੁ ਸਭੀ ਸੁਭ ਲਛਨ ॥ ੧ ॥ ੬੫੬ ॥ ੧੨੮੮ ॥ ਦੋਹਰਾ ॥ ਕੁੰਕਮ ਮ੍ਰਿਗਮਦ ਛਿੜਕਹੀਂ ਬਸਨ ਪਟਨ ਦਧ ਨੀਤ ॥ ਨਚਤਿ ਪਾਤ੍ਰਾ ਚਤੁਰ ਤਿਹ ਗਾਵਤਿ ਛੰਦ ਸੰਗੀਤ ॥ ੨ ॥ ੬੫੭ ॥ ੧੨੮੯ ॥ ਚੌਪਈ ॥ ਛਠੀ ਦਿਵਸ ਸੰਬਰ ਹਰਿ ਬਾਲਾ ॥ ਰੁਕਮਿਨਿ ਸੁਤ ਬਿਨੁ ਭਈ ਬਿਹਾਲਾ ॥ ਜਦੁਪਤਿ ਰੁਕਮਿਨਿ ਕਰ ਪ੍ਰਬੋਧਾ ॥ ਨਾਰਦ ਸੰਬਰ ਜਾਇ ਤਬਿ ਸੋਧਾ ॥ ਤ੍ਵ ਰਿਪੁ ਕ੍ਰਿਸ਼ਨ ਤਨਯ ਨ੍ਰਿਪ ਜਾਨੋ ॥ ਸਾਗਰ

Scanned by CamScanner

ਦੇਹ ਬਡਾਇ ਰਿਪੁ ਆਨੋ ॥ ਕਾਮ ਅਉਤਾਰ ਪ੍ਰਦਯੁਮਨ ਭਯੋ ॥ ਤਉ ਵੈਰੀ ਦਾਰੁਨ ਭਵ ਲਜੋ ॥ ਨਾਰਦ ਕਹੀ ਸੰਬਰ ਸੋ ਕੀਨੁ ॥ ਸਿਸੁ ਕਹ ਡਾਰ ਸਿੰਧੁ ਮਹਿ ਦੀਨੁ ॥ ਮੱਛ ਲੀਲਿ ਗਯੋ ਸੋ ਬਾਰਾ ॥ ਮਛੁਏ ਮੇਲਜੋ ਆਇ ਤਹ ਜਾਰਾ ॥ ਨਾਰਦ ਰਤਿ ਢਿਗ ਆਇ ਜਨਾਵਾ ॥ ਮਛੁ ਉਦਰ ਤੁਅ ਕੰਤ ਰਹਾਵਾ ॥ ਸੋ ਤੁਝ ਪ੍ਰਾਪਤਿ ਮੁਝ ਤੇ ਹੋਇ ॥ ਅਸ ਕਹਿ ਗਵਨ ਕੀਨ ਰਿਖਿ ਸੋਇ ॥ ਮਛੁਏ ਮਛ ਪਰਜੋ ਸੋ ਹਾਥਾ ॥ ਭੇਟ ਰਖਜੋ ਸੰਬਰ ਨਿਜ ਨਾਥਾ ॥ ਅੰਤਹ ਪੁਰ ਪਠਿ ਸਫਰੀ ਤਬਹਿ ॥ ਰਤਿ ਕਹੈ ਰਿਖਿ ਬਚ ਸਿਮਰਨ ਭਯੋ ਸਬਹਿ ॥ ਪ੍ਰਾਪਤਿ ਪਤਿ ਰਤਿ ਭਈ ਸੁਖਾਰੀ ॥ ਧਾਇਨਿ ਸੋ ਪਾਲਤਿ ਬਿਬਿਧ ਭਰਤਾਰੀ ॥ ੩ ॥ ੬੪੮ ॥ ੧੨੯੦ ॥ ਚੌਪਈ ॥ ਦ੍ਵਾਦਿਸ ਬਰਖ ਕੋ ਭਜੋ ਹਰਿ ਬਾਲਕ ॥ ਜੋਬਨੁ ਝਲਕ ਅੰਗਨ ਤਨੁ ਪਾਲਕ ॥ ਸਜਿ ਸ੍ਰਿੰਗਾਰ ਰਤੀ ਤਬਿ ਆਈ ॥ ਜਹਾਂ ਹੁਤੇ ਪ੍ਰੀਤਮ ਸੁਖਦਾਈ ॥ ਹਾਉ ਭਾਉ ਕਟਾਖਛ੍ਨ ਕਰ ਹੀ ॥ ਕੰਤ ਮਿਲਨ ਉਤਕੰਠਾ ਧਰ ਹੀਂ ॥ ਕਾਮ ਬਾਚ ॥ ਬੁਧਿ ਬਿਪ੍ਰੀਤਿ ਭਈ ਸਭਿ ਤੋਹੀ ॥ ਪਾਪ ਦ੍ਰਿਸ੍ਟਿ ਅਵਿਲੋਕਤ ਮੋਹੀ ॥ ਧਾਇਨ ਸੋਂ ਮੁਝ ਤੈਂ ਪ੍ਰਤਿਪਾਰੇ ॥ ਆਰਜ ਕਰ ਹਉਂ ਤੁਝਹਿ ਬਿਚਾਰੇ ॥ ਤਬਿ ਰਤਿ ਕਹੈ ਸੁਨਹੁ ਇਤਿਹਾਸਾ ॥ ਤੁਮ ਮਨਮਥ ਅਉਤਾਰ ਪ੍ਰਕਾਸ਼ਾ ॥ ਸ਼ਿਵ ਤਪ ਭੰਗ ਕੀਨੁ ਤੁਮ ਜਬਹਿੰ ॥ ਭਸਮ ਰੁਦ੍ਰ ਤੁਮ ਕੀਨੋ ਤਬਹਿ ॥ ਰੁਕਮਿਨਿ ਉਦਰ ਭਵ ਤੁਮ ਭਜੋ ॥ ਛਠੀ ਬਿਵਸ ਸੰਬਰ ਹਰਿ ਲਯੋ ॥ ਹਉਂ ਪਤਿਬ੍ਰਤਾ ਰਤਿ ਮੁਝ ਜਾਨਉ ॥ ਅਰਧੰਗੀ ਮੁਝ ਕੋ ਪਹਿਚਾਨਉਂ ॥ ੪ ॥ ੬੪੯ ॥ ੧੨੯੧ ॥ ਚੌਪਈ ॥ ਸੰਬਰ ਮਰਮ ਲਖੇ ਸੁਤ ਮਾਧੋ ॥ ਰੁਕਮਿਨਿ ਪੀੜ ਸਮਰ ਚਿਤ ਬਾਧੋ ॥ ਮਾਯਾ ਜੁਧ ਸੰਗ੍ਰਾਮ ਕੇ ਦਾਵੋ ॥ ਰਤਿ ਸਿਖਾਇ ਪ੍ਰੀਤਮ ਸੁਖ ਪਾਵੋ ॥ ਕਉਚ ਸਜੇ ਸਭਿ ਸਮਰ ਕੋ ਭੇਸ ॥ ਲਲਕਾਰੇ ਸੰਬਰ ਰਣ ਹੇਤੁ ॥

Scanned by CamScanner

ਭਿਰਜੋ ਆਇ ਸੰਬਰ ਲੈ ਸੈਨ ॥ ਹੋਨ ਲਗੇ ਸਮਰ ਦੁਹੂੰ ਐਨ ॥ ਘੋਰ ਜੁਧ ਤਾ ਅਉਸਰ ਭਜੋ ॥ ਸੰਬਰ ਸੈਨ ਪਦੁਮਨ ਹਤ ਦਯੋ ॥ ਰਕਤ ਨਦੀ ਤਾ ਅਉਸਰ ਬਹਜੋ ॥ ਰੁੰਡ ਮੁੰਡ ਕਬੰਧ ਰਨ ਭਯੋ ॥ ਸੰਬਰ ਆਇ ਮੰਡਯੋ ਸੰਗ੍ਰਾਮਾ ॥ ਕ੍ਰਿਸ਼ਨ ਤਨੈ ਜਗ ਜੁਧ ਅਭਿਰਾਮਾ ॥ ਸ਼ਸਤ੍ਰ ਅਸਤ੍ਰ ਦੁਹੂਨ ਰਣ ਕੀਨਾ ॥ ਦਾਰੁਨ ਜੁਧ ਦੁਹੂੰ ਕਰੇ ਪ੍ਰਬੀਨਾ ॥ ਮਾਯਾ ਜੁਧ ਅਸੁਰ ਜਦ ਠਯੋ ॥ ਤਾ ਬਿਧ ਪ੍ਰਦਜੁਮਨ ਅਸੁਰ ਜੁਧ ਤਯੋ ॥ ਨਾਰਦ ਕਾਨ ਲਾਗ ਸਮੁਝਾਵਾ ॥ ਦੇਵੀ ਪੂਜਨ ਪਾਠ ਕਰਾਵਾ ॥ ਕਰ ਪ੍ਰਪੁਸ਼੍ਰਿ ਸੁਤ ਕ੍ਰਿਸ਼ਨ ਰਿਖਿ ਰਾਈ ॥ ਕੀਨਿ ਸੋਈ ਪ੍ਰਦਜੁਮਨ ਚਿਤੁ ਲਾਈ ॥ ੫ ॥ ੬੬੦ ॥ ੧੨੬੨ ॥ ਚਉਪਈ ॥ ਕ੍ਰਿਸ਼ਨ ਚਿਤਾਰ ਚਕ੍ਰ ਲੈ ਪਾਨ ॥ ਹਨੇ ਸੰਬਰਹਿ ਸਮਰ ਨਿਦਾਨ ॥ ਹਰਖ ਕੀਨ ਚਰ ਅਚਰ ਬਿਸੇਖਾ ॥ ਚਢਿ ਬਿਵਾਨ ਚਲੇ ਰਤਿ ਰਤਿਏਸਾ ॥ ਪੁਰੀ ਦ੍ਵਾਰਿਕਾ ਕ੍ਰਿਸ਼ਨ ਰੁਕਮਿਨਿ ਗ੍ਰਿਹ ॥ ਕਰਜੋ ਉਤਾਰ ਬਿਵਾਨ ਪ੍ਰਦਜੁਮਨ ਕਹੰ ॥ ਰੁਕਮਿਨਿ ਚਿਤੈ ਪੁਤ੍ਰ ਮਮ ਐਸੋ ॥ ਅਸਥਨ ਸ੍ਰਵਜੋ ਮੋ ਵਡ ਹ੍ਵੈ ਸੋ ॥ ਨਾਰਦ ਰੁਕਮਿਨਿ ਕਹੇ ਬੁਝਾਈ ॥ ਪ੍ਰਦੁਯਮਨ ਸੁਤ ਤੁਮਰੋ ਜਗ ਮਾਹੀ ॥ ਛਠੀ ਦਿਵਸ ਸੰਬਰਾਸੁਰ ਹਰੇ ॥ ਤਾਹਿ ਬੱਧ ਰਤਿ ਲੈ ਪਗ ਪਰੇ ॥ ਹਰਖ ਰੁਕਮਿਨੀ ਉਦਰ ਲਗਾਇ ॥ ਕ੍ਰਿਸ਼ਨ ਉਛੰਗ ਧਰਿ ਨੈਨ ਸਿਰਾਇ ॥ ਚਕ੍ਰਿਤ ਭਏ ਸਭੀ ਜਗ ਲੋਗ ॥ ਪ੍ਰਦੁਯਮਨ ਰਤਿ ਲੈ ਮਿਲਜੋ ਸਭਿ ਜੋਗ ॥ ਨਾਰਦ ਕਹੇ ਕ੍ਰਿਸ਼ਨ ਸਮੁਝਾਇ ॥ ਤੁਮਰੋ ਪ੍ਰਦਜੁਮਨ ਸੁਤ ਜਦੁਰਾਇ ॥ ਬਿਧਿਵਤ ਬਜਾਹ ਕੀਨਾ ਹਰਿ ਤਾਤਾ ॥ ਪ੍ਰਗਟ ਭਜੋ ਸੂਰਾ ਜਗ ਖਜਾਤਾ ॥ ੬ ॥ ੬੬੧॥ ੧੨੬੩ ॥ ਇਤਿ ਸ੍ਰੀ ਦਸਮ ਸਕੰਧੇ ਸ੍ਰੀ ਭਾਗਵਤੇ ਮਹਾਂ ਪੁਰਾਣੇ ਸੰਬਰ ਬਧਃ ਹਤਿ ਬਿਵਾਹਨੋ ਨਾਮ ਬਰਨਨੰ ਖਸ਼੍ਰ ਪੰਚਾਸਿਤੋ ਧਜਾਯਃ ॥ ੫੬ ॥ ਦੋਹਰਾ ॥ ਸਤ੍ਰਾਜਿਤ ਦ੍ਵਰਾ ਬਸਤ ਜਦੁ

Scanned by CamScanner

ਕੁਲਿ ਮਾਹਿ ਪ੍ਰਧਾਨ ॥ ਸੂਰਜ ਤਪ ਕਰਿ ਮਨਿ ਲਜੋ ਕੰਚਨ ਦੇਤ ਨਿਤ ਦਾਨ ॥ ੧ ॥ ੬੬੨ ॥ ੧੨੯੪ ॥ ਚੌਪਈ ॥ ਮਾਂਗਜੋ ਕ੍ਰਿਸ਼ਨ ਮਨਿ ਸਤ੍ਰਾਜਿਤ ਸੋ ॥ ਦੀਨਯੋ ਨਾਹਿਨ ਕ੍ਰਿਸ਼ਨ ਚਹੇ ਜੋ ॥ ਕ੍ਰਿਸ਼ਨ ਅਖੇਟ ਕਰਨ ਬਨ ਗਏ ॥ ਸਭਿ ਜਾਦਵ ਅਖੇਟ ਸਿਧਏ ॥ ਸਿੰਘ ਹਨਜੋ ਭ੍ਰਾਤਾ ਸਤ੍ਰਾਜਿਤ ॥ ਮਨਿ ਲੈ ਗਯੋ ਭਾਲੁਕ ਬੰਧੁ ਹਤ ॥ ਹਰਿ ਆਯੋ ਗ੍ਰਿਹ ਤਾਹਿ ਸੁਨਾਯੋ ॥ ਹਰਿ ਕਾਲੰਕ ਮਨਿਹ ਲਗਾਯੋ ॥ ਸਿੰਘ ਹਨੇ ਜਾਂਬੁਵੰਤ ਬਨ ਮਾਹੀ ॥ ਮਨਿ ਮਯ ਦੀਨ ਸੁਤਾ ਉਤਸਾਹੀ ॥ ਜਦਪਿ ਸੁਨਿੰਦ ਸਤ੍ਰਾਜਤਿ ਕਰੈ ॥ ਅਨਹਿਤੁ ਕ੍ਰਿਸ਼ਨ ਭ੍ਰਾਤ ਮੋ ਮਰੈ ॥ ਹਰਿ ਜਾਦਵੀ ਸਭਾ ਕਰਾਏ ॥ ਮਨਿ ਕਹ ਚਲੇ ਖੋਜ ਪ੍ਰਥਾਏ ॥ ਦੇਖਯੋ ਹਨਜੋ ਜਾਦਵ ਸਿੰਘ ਠਾਂਇੰ ॥ ਮਨਿ ਨਹਿ ਪੇਖਜੋ ਆਗੁ ਸਿਧਾਇ ॥ ਰਿਛ ਪਦ ਧਰੇ ਚਲਿ ਗਹਿ ਸਬਾਹੀ ॥ ਜਾਂਬੁਵੰਤ ਗ੍ਰਿਹ ਹਰਿ ਪਧਰਾਹੀ ॥ ੨ ॥ ੬੬੩ ॥ ੧੨੯੫ ॥ ਚੌਪਈ ॥ ਪੈਠ ਪਤਾਰ ਗਏ ਰਿਛ ਧਾਮਾ ॥ ਸਿਧ ਮਨਿ ਲੈ ਦੁਲਰਾਵਤ ਬਾਮਾ ॥ ਛੋਰ ਲੀਨਿ ਮਨਿ ਕ੍ਰਿਸ਼ਨ ਨਿਧਾਨਾ ॥ ਰੋਦਨ ਕੀਨ ਸੁਤਾ ਦੁਖ ਜਾਨਾ ॥ ਹਰਿ ਸੋ ਸਮਰ ਮੰਡਜੋ ਬਹੁ ਭਾਂਤਾ ॥ ਮੱਲ ਜੁਧ ਬਹੁ ਭਏ ਠਠਾਤਾ ॥ ਦਿਵਸ ਇਕਾਦਸਿ ਅਵਧਿ ਬਿਤਾਇ ॥ ਰੋਵਤ ਸਭੀ ਕ੍ਰਿਸ਼ਨ ਨਹੀ ਆਇ ॥ ਨਿਸਿ ਬਾਸੁਰ ਜੁਧ ਦਾਰੁਨ ਕਰੇ ॥ ਬਲੁ ਰਿਪੁ ਹਰੇ ਬੁਧਿ ਪ੍ਰਹਰੇ ॥ ਪਾਨ ਜੋਰ ਬਹੁ ਉਸਤੁਤਿ ਕੀਨ ॥ ਰਾਮ ਚਰਿਤ੍ਰ ਸਿਮਰੇ ਪ੍ਰਬੀਨ ॥ ਦੁਹਿਤਾ ਮਨਿ ਜੁਤ ਦੀਨ ਗੋਪਾਲਾ ॥ ਪੁਰ ਆਇ ਹਰਿ ਦੀਨ ਦਯਾਲਾ ॥ ਸਤ੍ਰਾਜਿਤ ਮਨਿ ਦੀਨ ਭਗਵਾਨਾ ॥ ਮਤ ਭਾਮਾ ਲੀਨਜੋ ਘਨਿ ਸਜਾਮਾ ॥ ਬਿਧਿਵਤ ਬਯਾਹ ਦਾਜ ਬਹੁ ਦੀਨ ॥ ਕ੍ਰਿਸ਼ਨ ਬਜਾਹ ਸਤਭਾਮਾ ਕੀਨ ॥ ੩ ॥ ੬੬੪ ॥ ੧੨੯੬ ॥ ਇਤਿ ਸ੍ਰੀ ਦਸਮ ਸਕੰਧੇ ਮਹਾਂ ਪੁਰਾਣੇ ਸਤਭਾਮਾ ਬਿਵਾਹ ਬਰਨਨੰ ਨਾਮ ਖਸ਼੍ਟ

ਪੰਚਾਸਿਤੋ ਧਜਾਯਃ ॥ ੫੭ ॥ ਦੋਹਰਾ ॥ ਸਤ੍ਰਾਜਿਤ ਕਹ ਨਿਧਨ ਕਰ ਮਨਿ ਲੀਨਜੋ ਨ੍ਰਿਪ ਛੋਰ ॥ ਸਤਧਨ੍ਵਾ ਬਿਪ੍ਰੀਤਿ ਬੁਧਿ ਕੀਨੇ ਨਿੰਦ ਅਜੋੜ ॥ ੧ ॥ ੬੬ ॥ ੧੨੯੭ ॥ ਚੌਪਈ ॥ ਕ੍ਰਿਤ ਬਰਮਾ ਅਕ੍ਰੂਰ ਮਨਿ ਛੋਰ ॥ ਲੀਨਜੋ ਸਤਧਨ੍ਵਾ ਕਹ ਹੋਰ ॥ ਨਾਰੀ ਸਤ੍ਰਾਜਿਤ ਪਤਿ ਸੋਕ ॥ ਸਤੀ ਭੇਸ ਧਾਰਤਿ ਭਈ ਜੋਗ ॥ ਵਰਜੇ ਪਤਿ ਤਨੁ ਦਹੇ ਨ ਕੋਇ ॥ ਗਵਨ ਕਰੋ ਹਉਂ ਕ੍ਰਿਸ਼ਨ ਪਹਿ ਗੋਇ ॥ ਹਸਤਨਾ ਪੁਰ ਹਰਿ ਢਿਗ ਸੋ ਗਈ ॥ ਨਿਧਨ ਕੰਤ ਸੋ ਭਾਖਤਿ ਭਈ ॥ ਸਤਧਨ੍ਵਾ ਸੁਨਿ ਤ੍ਰਾਸ ਅਤਿ ਕੀਨ ॥ ਮਨਿ ਲੈ ਅਕ੍ਰੂਰਹਿ ਪ੍ਰਭੁ ਦੀਨ ॥ ਸਤਭਾਮਾ ਹਰਿ ਕ੍ਰਿਸ਼ਨ ਸੁਨਾਇ ॥ ਮਨਿ ਲੀਨ ਇਸਤ੍ਰੀ ਪਿਤਾ ਕੋ ਘਾਇ ॥ ਤਾਹਿ ਹਨਹੁ ਪ੍ਰਭੁ ਤਾਪ ਨਿਵਾਰਹੁ ॥ ਦੀਨ ਦਯਾਨਿਧਿ ਪ੍ਰਭੁ ਬਿਰਦ ਤਿਹਾਰੋ ॥ ਗਰੁੜ ਚਿਤੈ ਤਬਿ ਕ੍ਰਿਪਾ ਨਿਧਾਨ ॥ ਆਇ ਖਗਪਤਿ ਕ੍ਰਿਸ਼ਨ ਸੰਧਾਨ ॥ ਚੜ ਸੁਪਰਨ ਜੁਗ ਬੰਧੁ ਪਧਾਰੇ ॥ ਮਿਥਲਾਪੁਰ ਗਉਨੇ ਚਿਤ ਧਾਰੇ ॥ ੨ ॥ ੬੬੬ ॥ ੧੨੯੮ ॥ ਚੌਪਈ ॥ ਹਨੇ ਸਤਧਨ੍ਵਾ ਸਮਰ ਗੋਪਾਲ ॥ ਮਨਿ ਮਾਗੇ ਬਲਭਦ੍ਰ ਤਿਹੰ ਕਾਲ ॥ ਮਨਿ ਨ ਹੁਤੋ ਤਿਹ ਢਿਗ ਬਧ ਕਾਲ ॥ ਕਛੁਕ ਰੋਸ ਬਲਭਦ੍ਰ ਸੰਭਾਲ ॥ ਰੋਸ ਬਲਰਾਮ ਦੁਰਯੁਧਨ ਗ੍ਰਿਹ ਆਇ ॥ ਗਦਾ ਯੁਧ ਭੂਪਤਿ ਸਿਖਰਾਇ ॥ ਹਰਿ ਦ੍ਵਾਰਿਕਾ ਮਹਿ ਜਦ ਆਇ ॥ ਸਤ੍ਰਾਜਿਤ ਤਨੁ ਅਨਿਲ ਦਹਾਇ ॥ ਉਤਪਾਤ ਬਹੁ ਹੋਵਨ ਲਾਗੇ ॥ ਅਸਗੁਨ ਬਿਬਿਧ ਭਾਂਤਿ ਉਠ ਜਾਗੇ ॥ ਮਨਿ ਲੈ ਕ੍ਰਿਸ਼ਨ ਸਤ੍ਰਾਜਿਤ ਤਾਤ ॥ ਦੀਨ ਦਯਾ ਨਿਧ ਸਾਤ ਉਤਪਾਤ ॥ ੩ ॥ ੬੬੭ ॥ ੧੨੯੯ ॥ ਇਤਿ ਸ੍ਰੀ ਦਸਮ ਸਕੰਧੇ ਸ੍ਰੀ ਭਾਗਵਤੇ ਮਹਾਂ ਪੁਰਾਣੇ ਸਿਮੰਤਕ ਮਨਿ ਪਖਜਾਨ ਬਰਨਨੋ ਅਸ਼੍ਰ ਨਾਮ ਪੰਚਾਸਿਤੋ ਧਜਾਯਃ ॥ ੫੮ ॥ ਚੌਪਈ ॥ ਹਰਿ ਅਰਜੁਨ ਅਖੇਟ ਸਿਧਾਏ ॥ ਸਾਵਜ ਸੂਕਰ ਕੇਹਰਿ ਘਾਏ ॥ ਕਾਲਿੰਦ੍ਰੀ ਤਟ ਗਏ

Scanned by CamScanner

ਗੋਪਾਲ ॥ ਨ੍ਰਿਖੇ ਜੋ ਤਹਾਂ ਜੋਖਿਤ ਰੂਪ ਮਾਲ ॥ ਅਰਜੁਨ ਪਠੇ ਕ੍ਰਿਸ਼ਨ ਢਿਗ ਸ਼ਾਲ ॥ ਕਿੰ ਨਮਿਤ ਬਿਚਰਤਿ ਯਾ ਕਾਲ ॥ ਕਹੋ ਕਾਲਿੰਦੀ ਕ੍ਰਿਸ਼ਨ ਹਿਤੁ ਤਪੋ ॥ ਅਹਿ ਨਿਸਿ ਕ੍ਰਿਸ਼ਨ ਕ੍ਰਿਸ਼ਨ ਜਿਯ ਜਪੋ ॥ ਪਾਰਥ ਕਹੈ ਕਾਲਿੰਦ੍ਰੀ ਅਤਿ ਪਾਇ ॥ ਹਰਿ ਗਹਿ ਭੁਜਾ ਰਥ ਲੀਨ ਚਢਾਇ ॥ ਲੈ ਆਏ ਗਜਪੁਰਿ ਮਹਿ ਹਰੀ ॥ ਕਾਲਿੰਦ੍ਰੀ ਬਿਧਿਵਤ ਹਰਿ ਵਰੀ ॥ ਅਨਲ ਆਇ ਕ੍ਰਿਸ਼ਨ ਪ੍ਰਤਿ ਕਹੇ ॥ ਜਗ ਅਜੀਰਣ ਮੋਤਨ ਦਹੇ ॥ ਹਰਿ ਅਰਜੁਨ ਕਹ ਸਉਪਿ ਹੁਤਾਸਨਿ ॥ ਰੋਗ ਮਿਟਾਵਹੁ ਅਨਲ ਫਾਲਗੁਨ ॥ ਖਾਂਡਵ ਅਨਲ ਅਰਜੁਨ ਚਰਾਵਾ ॥ ਤਾ ਤੇ ਤੇਜ ਅਜੀਰਨ ਨਸਾਵਾ ॥ ਇੰਦ੍ਰ ਕੋਪ ਜਲਧਰਨ ਪਠਾਏ ॥ ਬਾਨਾਵਲੀ ਅਰਜੁਨ ਘਨ ਘਾਏ ॥ ਅਨਲ ਪ੍ਰਸੰਨ ਅਰਜੁਨ ਰਥ ਦੀਨ ॥ ਤ੍ਰੂਨ ਚਾਪ ਚੰਦ੍ਰਹਾਂਸੁ ਪ੍ਰਬੀਨ ॥ ਜਾਦਵ ਕ੍ਰਿਸ਼ਨ ਪਹਿ ਬਾਤ ਜਨਾਇ ॥ ਨਾਗਨ ਜਿਤ ਪ੍ਰਾਤ ਗੇਅ ਠਾਇ ॥ ੧ ॥ ੬੬੮ ॥ ੧੩੦੦ ॥ ਚੌਪਈ ॥ ਏਕ ਬਾਰ ਸਪਤ ਬ੍ਰਿਖਭਨ ਨਾਥੇ ॥ ਦੁਹਿਤਾ ਬਿਵਾਹ ਦੈ ਹਉਂ ਹਉਂ ਵਾ ਕੇ ॥ ਸੋ ਸੁਨਿ ਕ੍ਰਿਸ਼ਨ ਤਹਾਂ ਚਲਿ ਗਏ ॥ ਆਦਰ ਕਰਿ ਕੈ ਸੋ ਲੈ ਗਏ ॥ ਬਿਵਾਹ ਦੀਨ ਕੰਨਜਾ ਹਰਿ ਤਾਈ ॥ ਦਾਜ ਦੀਨ ਬਹੁ ਕਹਜੋ ਨ ਜਾਈ ॥ ਮਿਤ੍ਰ ਬਿਹਾਰ ਬ੍ਰਿਜਰਾਜ ਦੁਰਾਇ ॥ ਮੰਗਲਚਾਰ ਸਭਿ ਕਰਤ ਬਧਾਇ ॥ ਮਾਦ੍ਰੀ ਨਗਰ ਭੂਪ ਪ੍ਰਸਥਾਨ ॥ ਦੁਹਿਤਾ ਤਾਸ ਹਰੇ ਭਗਵਾਨ ॥ ਤਿਨ ਬਹੁ ਭਾਂਤਿ ਜੁਧ ਹਰਿ ਕਰਜੋ ॥ ਹਾਰ ਮਾਨਿ ਕ੍ਰਿਸ਼ਨ ਪਗ ਪਰਯੋ ॥ ਬਿਧਿਵਤ ਬਰੇ ਕ੍ਰਿਸ਼ਨ ਸੋ ਬਾਲ ॥ ਅਸ਼੍ਰ ਪਟਰਾਨੀ ਬਰੇ ਗੋਪਾਲ ॥ ੨ ॥ ੬੬੯ ॥ ੧੩੦੧ ॥ ਇਤਿ ਸ੍ਰੀ ਦਸਮ ਸਕੰਧੇ ਸ੍ਰੀ ਭਾਗਵਤੇ ਮਹਾਂ ਪੁਰਾਣੇ ਪਟਰਾਨੀ ਬਿਵਾਹ ਬਰਨਨੰ ਨਾਮ ਉਸਾਠਵੋਂ ਧਜਾਯਃ ॥ ੫੯ ॥ ਗਜੋ ਵਾਚ ਦੋਹਰਾ ॥ ਕਹੋ ਚਰਿਤ੍ਰ ਮਾਧਵ ਕੋ ਅਤਿਭੁਤ ਚਰਿਤ ਮੁਰਾਰਿ ॥ ਤੁਅ ਪ੍ਰਸਾਦਿ ਰਿਖਿ ਰਾਜ

Scanned by CamScanner

ਪ੍ਰਭੁ ਹਮਰੋ ਹੋਇ ਉਧਾਰ ॥ ੧ ॥ ੬੭੦ ॥ ੧੩੦੨ ॥ ਸ੍ਰੀ ਸੁਕੋ ਵਾਚ ਚਉਪਈ ॥ ਨਰਕਾਸੁਰ ਨਾਰਿ ਬਹੁ ਕਰੇ ॥ ਸੋਲਹ ਸਹੰਸ੍ਰ ਯੁਵਤੀ ਗ੍ਰਿਹ ਭਰੇ ॥ ਸ਼ਿਵ ਤੇ ਅਜੀਤ ਵਰ ਸੋ ਪਾਯੋ ॥ ਰਵਿ ਬਾਸਵ ਮਨਿ ਛਤ੍ਰ ਛਿਨਾਯੋ ॥ ਬਸੁਧਾ ਪੁਤ੍ਰ ਜਗਤ੍ਰ ਤਿਸ ਕਹੈ ॥ ਤਿਹ ਅਨੀਤਿ ਕਰ ਸਭ ਜਗ ਦਹੈ ॥ ਰਵਿ ਬਾਸਵ ਦੁਖ ਹਰਿ ਪਹਿ ਭਾਖਾ ॥ ਆਦਿ ਅੰਤੁ ਤੁਮਹੀ ਹਰਿ ਰਾਖਾ ॥ ਅਸੁਰ ਕਸਟ ਤੇ ਲੇਹੁ ਉਬਾਰੀ ॥ ਦੇਵਨ ਰੱਛ ਕਰਹੁ ਗਿਰਿਧਾਰੀ ॥ ਸੁਨ ਬਾਸਵ ਬਚ ਕ੍ਰਿਸ਼ਨ ਸਿਧਾਏ ॥ ਸਤਭਾਮਾ ਕੇ ਸੰਗ ਜਦੁਰਾਏ ॥ ਗਰੁੜ ਜਾਨ ਗਵਨੇ ਗੋਪਾਲ ॥ ਨਰਕਾਸੁਰ ਪੁਰ ਗਏ ਦਰਹਾਲ ॥ ਪੰਚਮੁਖ ਅਸੁਰ ਅਵਰ ਭਟ ਜ੍ਵਾਲਾ ॥ ਇਹ ਦੋਇ ਬੰਧੁ ਪੁਰ ਪਉਰ ਰਖਵਾਲਾ ॥ ੨ ॥ ੬੭੧ ॥ ੧੩੦੩ ॥ ਚੌਪਈ ॥ ਪ੍ਰਿਥਮ ਜੁੱਧ ਤਾਂ ਸੋਂ ਹਰਿ ਕਰੇ ॥ ਕਾਟ ਸੁਦਰਸ਼ਨ ਤੇ ਸਿਰ ਡਰੇ ॥ ਬਹੁਰ ਸੈਨ ਕੂਟੇ ਜਦੁਰਾਈ ॥ ਸ੍ਰੋਣਤ ਨਦੀ ਰਨ ਭੂਮਿ ਬਹਾਈ ॥ ਸਾਤ ਪੁਤ ਦਾਨਵ ਤਦ ਭਿਰੇ ॥ ਸਾਤਹਿ ਰਤਨ ਸੁਦ੍ਰਸ਼ਨ ਕਰੇ ॥ ਅਵਰ ਦੈਂਤ ਆਏ ਕਰਿ ਕ੍ਰੱਧਾ ॥ ਮੰਡਜੋ ਘੋਰ ਤਾ ਕਹ ਸੰਗ ਜੁੱਧਾ ॥ ਤਿਨਹਿ ਸੰਘਾਰਜੋ ਚਕ੍ਰ ਭਗਵਾਨ ॥ ਜੇ ਜੇ ਤਹ ਆਏ ਤੇ ਹਤੇ ਨਿਦਾਨ ॥ ਨਰਕਾਸੁਰ ਹਰਿ ਆਇ ਪ੍ਰਚਾਰਾ ॥ ਬਾਨ ਪ੍ਰਘ ਤੋਮਰ ਹਰਿ ਮਾਰਾ ॥ ਬਹੁਰ ਤ੍ਰਿਸ਼ੂਲ ਗਹੇ ਜੁਧ ਕਰਜੋ ॥ ਨਾਟਕ ਬਿਬਿਧ ਅਸੁਰ ਰਨ ਸਰਜੋ ॥ ਸਭਿ ਉਪਾਇ ਨਿਵਰੇ ਜਗਦੀਸ਼ਾ ॥ ਲੈ ਚਕ੍ਰ ਰਿਪੁ ਕਾਟਜੋ ਸੀਸਾ ॥ ੩ ॥ ੬੭੨ ॥ ੧੩੦੪ ॥ ਚੌਪਈ ॥ ਸੁਨਿ ਬਸੁਧਾ ਧਾਈ ਰਣ ਭੂਮਿ ॥ ਪੇਖਜੋ ਹਤੋ ਪੁਤ੍ਰ ਪਰੀ ਝੂਮਿ ॥ ਬਹੁਰ ਕ੍ਰਿਸ਼ਨ ਪਗ ਪਰੀਂ ਰੁਦੰਤਿ ॥ ਪੁਤ੍ਰ ਸੰਘਾਰਿ ਹਮਰੇ ਭਗਵੰਤ ॥ ਤੋਖ ਕਰਜੋ ਬਸੁਧਾ ਹਰਿ ਰਾਇ ॥ ਅੰਤਹਪੁਰ ਗੋਬਿੰਦ ਗਈ ਲਵਾਇ ॥ ਯੁਵਤੀ ਸਕਲ ਕ੍ਰਿਸ਼ਨ ਮੁਖ ਦਰਸੇ ॥ ਪ੍ਰਫੁਲਿਤ ਭਈ ਭਾਨੁ

Scanned by CamScanner

ਕੰਜ ਸਰਸੇ ॥ ਜੇ ਯੁਵਤਿਨ ਹਰਿ ਪੁਰੀ ਪਠਾਇ ॥ ਰਾਜ ਧਰਮ ਸੁਤ ਬੈਠਾਇ ॥ ਦ੍ਰਬ ਅਭਰਨ ਸਭਿ ਲੀਨ ਚੜਾਇ ॥ ਗਰੁੜ ਪ੍ਰਿਸ੍ਰਿ ਚੜ ਸੁਰਪੁਰ ਆਹਿ ॥ ਕੁੰਡਲ ਰਵਿ ਛਤ੍ਰ ਸੁਰਪਾਲਾ ॥ ਦੀਨ ਦੁਹੁਨ ਕੋ ਵਸਤੁ ਗੋਪਾਲਾ ॥ ਇੰਦ੍ਰ ਉਪਿੰਦ੍ਰ ਇਕਠੇ ਸੋਭਾ ਅਤਿ ॥ ਕਰਤ ਕੁਲਾਹਲਿ ਦੇਵ ਬਧੁਨ ਜੁਤ ॥ ਸਤਭਾਮਾ ਸੁਰ ਰਜ ਸ਼ਿਵ ਕੀਨਾ ॥ ਮਨਿ ਗਨ ਬਸਨ ਬਹੁ ਭੇਟਾ ਦੀਨਾ ॥ ੪ ॥ ੬੭੩ ॥ ੧੩੦੫ ॥ ਚੌਪਈ ॥ ਹਰਿ ਆਏ ਦ੍ਵਾਰਿਕਾ ਮਾਹੀਂ ॥ ਸਤਭਾਮਾ ਗ੍ਰਿਹ ਕ੍ਰਿਸ਼ਨ ਰਹਾਹੀਂ ॥ ਨਾਰਦ ਸਤਭਾਮਾ ਪ੍ਰਬੋਧਾ ॥ ਬਾਤ ਲਗਾਇ ਸਤੀ ਕਹਿ ਸੋਧਾ ॥ ਰੁਕਮਿਨਿ ਕੇ ਸੰਗ ਨੇਹ ਘਨਸਜਾਮਾ ॥ ਤੇ ਤੋ ਨ ਤੋ ਸੰਗ ਹੈ ਸਤਭਾਮਾ ॥ ਪਾਰਜਾਤ ਕੋ ਪੁਹਪ ਗੋਪਾਲਾ ॥ ਰੁਕਮਿਨਿ ਦੀਨੁ ਚਾਹ ਨੰਦ ਲਾਲਾ ॥ ਤਾਂ ਤੇ ਜਾਨ ਪਰੀ ਕ੍ਰਿਸ਼ਨ ਬਾਤ ॥ ਤੁਮਰੇ ਅੰਤਰਿ ਰਖਤਿ ਜਗਤਾਤ ॥ ਅਸ ਕਹ ਨਾਰਦ ਚਲਿ ਨਿਜ ਗਏ ॥ ਸਤਭਾਮਾ ਤਨੁ ਕੋਪ ਜਗਏ ॥ ਲਗੀ ਰੋਖ ਹੋਇ ਬਚਨ ਸੰਭਾਖਨ ॥ ਜਦੁਪਤੀ ਬਹੁ ਮਾਨਿ ਗੁਮਾਨਨਿ ॥ ਬਹੁ ਬਿਧ ਕ੍ਰਿਸ਼ਨ ਪ੍ਰਬੋਧੇ ਨਾਰੀ ॥ ਤਰੁ ਲੈ ਆਇ ਲਗਾਵਹੁੰ ਦ੍ਵਾਰੀ ॥ ੫ ॥ ੬੭੪ ॥ ੧੩੦੬ ॥ ਚੌਪਈ ॥ ਗਰੁੜ ਚਢਿ ਗਏ ਗੋਪਾਲਾ ॥ ਸਕ੍ਰ ਬਾਟਿਕਾ ਹੁਤੀ ਰਸਾਲਾ ॥ ਪਾਰ ਜਾਤ ਲੈ ਹਰੀ ਸਿਧਾਏ ॥ ਬਾਸਵ ਸੁਨਿ ਹਰਿ ਸਨਮੁਖ ਆਏ ॥ ਕਰਨ ਲਗਜੋ ਹਰਿ ਸੰਗ ਰਣ ਦੁਸਤਰ ॥ ਬਜ੍ਰ ਘਾਤ ਕੀਨਜੋ ਲਖਮੀ ਵਰ ॥ ਸਤ ਪ੍ਰਹਾਰ ਗਰੁੜ ਤਨ ਕੀਨਾ ॥ ਰੋਮਿਟਾ ਏਕ ਨ ਖਗ ਪਤਿ ਛੀਨਾ ॥ ਸਾਰੰਗ ਤਾਨ ਹਰਿ ਬਾਨ ਸੰਧਾਨਾ ॥ ਦੇਵ ਸਕਲ ਸੁਰ ਰਾਜ ਬੁਝਾਨਾ ॥ ਜਗਦੀਸਰ ਸੰਗ ਕਰਹੁ ਲਰਾਈ ॥ ਬੁਧਿ ਤੁਹਾਰਿ ਕਿਨ ਹਰਿ ਸੁਰਰਾਈ ॥ ਸੁਰਪਤਿ ਹਿਰਦੈ ਗਜਾਨ ਪ੍ਰਕਾਸਾ ॥ ਅਸਤ੍ਰ ਡਾਰ ਪਗ ਪਰਿ ਭਯੋ ਦਾਸਾ ॥ ਬਹੁਤ ਭਾਂਤਿ ਕ੍ਰਿਸ਼ਨ ਪੂਜਨ ਕੀਨਾ ॥ ਹੁਇ

ਪ੍ਰਸੰਨ ਸੁਰਤਰੁ ਹਰਿ ਦੀਨਾ ॥ ਹਰਿ ਦੀਨਯੋ ਸਤਿਭਾਮਾ ਆਏ ॥ ਸੁਰਤਰੁ ਕਹ ਦ੍ਵਾਰ ਪਰਿ ਲਾਏ ॥ ਸੋਲਹ ਸਹੰਸ੍ਰ ਏਕ ਸਤ ਨਾਰਾ ॥ ਕ੍ਰਿਸ਼ਨ ਬਿਵਾਹੇ ਏਕਹੀ ਬਾਰਾ ॥ ਪ੍ਰਿਥਕ ਪ੍ਰਿਥਕ ਮੰਦਿਰ ਤਿਨ ਦੀਨਾਂ ॥ ਅਰਥ ਦ੍ਰਬ ਦੰਪਤਿ ਰਸ ਕੀਨਾ ॥ ਪ੍ਰਿਥਕ ਪ੍ਰਿਥਕ ਹੁਇ ਨਾਰ ਬਿਹਾਰਤਿ ॥ ਸਭਿ ਨਾਰਨ ਢਿਗ ਆਪ ਬਿਚਾਰਤਿ ॥ ਨਾਰਦ ਕਉਤਕ ਹਰੀ ਬਿਲੋਕਾ ॥ ਭਿੰਨ ਭਿੰਨ ਦੇਖੇ ਗਤਿ ਸੋਕਾ ॥ ੬ ॥ ੬੭੫ ॥ ੧੩੦੭ ॥ ਇਤਿ ਸ੍ਰੀ ਦਸਮ ਸਕੰਧੇ ਸ੍ਰੀ ਭਾਗਵਤੇ ਮਹਾਂ ਪੁਰਾਣੇ ਸੁਰਤਰੁ ਹਰਨੋ ਨਾਮਛਾਠਵੋਂ ਧਜਾਜਃ ॥ ੬੦ ॥ ਦੋਹਰਾ ॥ ਖੇਡਤ ਜੂਪ ਹਾਸੀ ਕਰੀ ਹਰਿ ਰੁਕਮਿਨਿ ਕੇ ਸੰਗ ॥ ਸੁਕਬਿ ਸ਼ਜਾਮ ਹਾਸੀ ਕਥਾ ਬਰਨਤਿ ਸਭੀ ਪ੍ਰਸੰਗ ॥ ੧ ॥ ੬੭੬ ॥ ੧੩੦੮ ॥ ਚੌਪਈ ॥ ਹਰਿ ਰੁਕਮਿਨਿ ਪ੍ਰਤਿ ਹਾਸੀ ਠਾਨਾ ॥ ਹਮ ਗੂਜਰ ਕਤ ਰੁਚਜੋ ਭਲ ਜਾਨਾ ॥ ਬਡਕੁਲ ਰੂਪ ਸਿੰਧੁ ਸਿਸੁਪਾਲ ਵਡ ਸੂਰਾ ॥ ਤਿਹੰ ਗ੍ਰਿਹ ਬਸਹੁ ਸੁੰਦਰੀ ਮਤਿ ਗੂੜਾ ॥ ਹਮ ਸੋ ਕਹਾਂ ਭਾਮਨਿ ਸੁਖ ਪਾਵਹੁ ॥ ਬਿਰਥਾ ਆਪੁਨਿ ਬੈਸ ਗਵਾਵਹੁ ॥ ਹਮ ਕਾਤੁਰ ਰਣ ਤਜਿ ਇਹਾਂ ਬਸਹਿ ॥ ਅਸੁਰ ਤ੍ਰਾਸ ਕਰ ਦ੍ਵਾਰਿਕਾ ਨਸਹਿ ॥ ਯਾ ਪ੍ਰਕਾਰ ਨਿਠੁਰਤਾ ਕਹੀ ॥ ਰੁਕਮਿਨਿ ਤਯਾਗੇ ਮਾਧਉ ਸਹੀ ॥ ਬਿਹਬਲਿ ਹੋਇ ਪੁਹਮੀ ਮੁਰਝਾਈ ॥ ਬਾਲ ਬੀਜਨ ਕਰ ਲਯੋ ਜਗਾਈ ॥ ਹਰਿ ਉਠਾਈ ਚੇਤਨ ਕਰੇ ॥ ਸਾਵਧਾਨ ਰੁਕਮਿਨਿ ਹਰਿ ਕਰੇ ॥ ਹਾਂਸੀ ਕਰੀ ਹਮਹਿ ਥੀ ਸੁੰਦਰਿ ॥ ਤੁਮ ਨਿਸਚਯ ਸਮਝੀ ਜੀਯ ਅੰਤਰਿ ॥ ਰੁਕਮਿਨਿ ਕਹਿ ਹਾਂਸੀ ਬਧ ਕਰਨੀ ॥ ਪ੍ਰਾਨ ਘਾਇਨੀ ਤੁਮ ਪ੍ਰਭੁ ਬਰਨੀ ॥ ਯਾ ਪ੍ਰਕਾਰ ਬਹੁ ਭਾਂਤਿ ਸੰਬਾਦਾ ॥ ਕਰਜੋ ਕ੍ਰਿਸ਼ਨ ਰੁਕਮਿਨ ਅਹਿਲਾਦਾ ॥ ੨ ॥ ੬੭੭ ॥ ੧੩੦੯ ॥ ਦੋਹਰਾ ॥ ਬਜ੍ਰਨਾਭ ਦਾਨਵ ਪ੍ਰਬਲ ਇੰਦ੍ਰ ਭ੍ਰਾਤ ਬਧਜਾਤਿ ॥ ਨਿਸਿ ਦਿਨੁ ਯਹੈ ਬਿਚਾਰ ਹੀ ਸੁਰਪਤਿ

Scanned by CamScanner

ਕੋ ਚਿਤ ਘਾਤ ॥ ੩ ॥ ੬੭੮ ॥ ੧੩੧੦ ॥ ਚੌਪਈ ॥ ਅਸਿ ਬਿਚਾਰ ਬਾਸਵ ਥਿਤ ਪਾਸੁ ॥ ਕਹੀ ਬ੍ਰਿਥਾ ਜੀਯ ਕੀ ਰਿਪੁ ਤ੍ਰਾਸੁ ॥ ਕਸਪ ਕਹੈ ਸੁਨਹੁ ਸੁਰਪਾਲ ॥ ਬ੍ਰਹਮਾ ਵਰ ਰਾਖਛਸ ਪ੍ਰਤਿ ਭਾਲ ॥ ਸਭ ਤੇ ਅਬਧ ਅਸੁਰ ਬਲਵਾਨ ॥ ਹਤਨਨੁ ਹੋਇ ਤੁਮ ਸੋਂ ਸੁਰ ਗਜਾਨ ॥ ਤਬਿ ਬਾਸਵ ਕੇਸਵ ਪਹਿ ਆਯੋ ॥ ਰਿਖਿ ਕਹੀ ਰਿਪੁ ਤਾਸ ਸੁਨਾਯੋ ॥ ਅਮਰਾਵਤਿ ਹਰਿ ਇੰਦ੍ਰ ਸਿਧਾਇ ॥ ਬੈਠਿ ਸਿੰਘਾਸਨ ਮੰਤ੍ਰ ਸੁਚਾਇ ॥ ਮਾਨ ਸਰੋਵਰ ਹੰਸਪਤਿ ਰਹੈਂ ॥ ਤਾ ਸੋਂ ਕ੍ਰਿਸ਼ਨ ਮੰਤ੍ਰ ਕਹ ਚਹੈਂ ॥ ਰਾਜਹੰਸ ਤਬ ਕਹਜੋ ਉਪਾਈ ॥ ਜਉਨ ਬਾਸਤ ਨਿਸਚਰ ਚਿਤ ਭਾਈ ॥ ੪ ॥ ੬੭੯ ॥ ੧੩੧੧ ॥ ਜਉਨੈ ਬਾਤ ਅਸੁਰ ਰੁਚਿ ਹੋਇ ॥ ਸੋ ਮੋਹ ਸੋਂ ਕਹੀਅਹੁ ਪ੍ਰਭੁ ਸੋਇ ॥ ਪ੍ਰਦਜੁਮਨ ਮਨਸਿਜ ਕੋ ਅਵਤਾਰਿ ॥ ਤਾਹਿ ਸੰਘਾਰਹਿ ਸੁਨਹੁ ਮੁਰਾਰਿ ॥ ਅਸ ਕਹਿ ਹੰਸ ਗਵਨ ਤਿਹ ਕੀਨੁ ॥ ॥ ਬਜ੍ਰਨਾਭ ਪੁਰ ਹੰਸ ਪ੍ਰਬੀਨੁ ॥ ਤਾ ਪਰ ਪੰਛੀ ਸੰਗ ਸਿਧਾਇਵ ॥ ਸੁਮੁਖ ਹੰਸਨੀ ਨਾਰ ਸੰਗ ਜਾਇਵ ॥ ਬਜ੍ਰਨਾਭ ਤਿਹ ਜਾਹਿ ਬਿਹਾਰਾ ॥ ਬਨ ਕ੍ਰੀੜਾ ਬਹੁ ਕੀਨਿ ਭੁਆਰਾ ॥ ਹੰਸ ਗਵਨ ਨ੍ਰਿਪ ਮੰਦਿਰ ਰਚਜੋ ॥ ਹੰਸਨੀ ਹਿਤੁ ਰਾਨੀ ਸੋ ਪਰਜੋ ॥ ਪ੍ਰਭਾਵਤੀ ਸੰਗ ਬਨ ਕਹ ਜਾਈ ॥ ਸਰਜ ਹਾਥ ਲੈ ਖੇਲ ਕਰਾਈ ॥ ਕਾਮ ਜਗਜੋ ਤਨੁ ਯੁਵਤੀ ਜਬ ਹੀ ॥ ਰਤਿ ਕੋ ਵਪੁ ਹੰਸਨੀ ਲਖ ਸਬ ਹੀ ॥ ਤਹ ਪ੍ਰਭਾਵਤੀ ਹੰਸਨੀ ਸਰਨ ॥ ਤੁਮ ਪੰਛੀ ਬਿਚਰਹੁ ਸਭਿ ਦਿਸਨ ॥ ਮੋ ਸਮ ਸੁੰਦਰਿ ਪੁਰਖ ਨਿਹਾਰੇ ॥ ਹੰਸਨੀ ਕਹਿਤ ਹੈ ਪੁਰਖੁ ਛਬਿ ਆਕੁਰ ॥ ਕਾਮ ਅਵਤਾਰ ਗੁਣ ਰੂਪ ਉਜਾਗਰ ॥ ੫ ॥ ੬੮੦ ॥ ੧੩੧੨ ॥ ਕਹਜੋ ਮਿਲਾਵਹੁ ਸਖੀ ਕੁਮਾਰਾ ॥ ਪਿਤ ਆਗਜਾ ਤੁਮ ਲੇਹੁ ਸੁਧਾਰਾ ॥ ਜੋ ਚਿਤ ਰੁਚੈ ਭੂਪ ਸੋ ਆਨੋ ॥ ਨ੍ਰਿਪ ਕੋ ਅੰਤਰ ਚਾਹ ਪਹਿਚਾਨੋ ॥ ਨ੍ਰਿਪਤਿ ਢਿਗ ਗਵਨੈ ਸੋ ਬਾਰੀ ॥

ਕਾ ਚਿਤ ਰੁਚੈ ਭੂਪ ਚਿਤ ਥਾਰੀ ॥ ਰਾਗ ਨ੍ਰਿਤ ਬਹੁ ਰੁਚੈ ਹਮਾਰੇ ॥ ਪ੍ਰਭਾਵਤੀ ਸੋ ਮੁਖ ਕਹ ਡਾਰੇ ॥ ਹੰਸਨੀ ਇੰਦ੍ਰ ਸੋ ਭੇਦ ਜਨਾਯੋ ॥ ਪਦਮਨਾਭ ਕਹ ਭੂਪ ਬੁਲਾਯੋ ॥ ਦੂਤ ਪਠੇ ਬਾਸਵ ਹਰਿ ਪਾਸ ॥ ਪ੍ਰਦਯੁਮਨ ਬਿਦਾ ਕਰੇ ਰਿਪੁ ਨਾਸ ॥ ਪੰਚਬਾਨ ਲੈ ਪ੍ਰਦਜੁਮਨ ਆਏ ॥ ਗਦਾ ਸਾਥ ਤੇ ਸੁਹਿਰਦ ਸੁਖਦਾਇ ॥ ਸਰਵਰ ਤੀਰ ਕੀਨ ਬਿਸ੍ਰਾਮਾ ॥ ਨਟ ਕੋ ਸਾਜ ਰਚਿ ਸੁਤ ਘਨਿ ਸ਼ਜਾਮਾ ॥ ਹੰਸਨੀ ਨ੍ਰਿਪ ਪਹਿ ਕਹਜੋ ਜਨਾਹਿ ॥ ਪਾਂਚ ਨਟ ਪੁਰ ਬਾਹਰ ਆਇ ॥ ਤੁਰਤ ਹੀ ਪਾਂਚਹੁੰ ਭੂਪ ਬੁਲਾਯੋ ॥ ਆਦਰ ਦੈ ਨਿਜ ਸਭਾ ਬੈਠਾਯੋ ॥ ੬ ॥ ੬੮੧ ॥ ੧੩੧੩ ॥ ਚੌਪਈ ॥ ਰਾਗ ਨਾਦ ਬਹੁਤ ਨ੍ਰਿਤ ਕਰੇ ॥ ਭੂਪਤਿ ਕੋ ਮਨ ਮਨਸਿਜ ਰਹੇ ॥ ਮੰਦਿਰ ਦੀਨਿ ਨਿਵਾਸ ਕਰਹਿ ਜੂ ॥ ਨਿਤਪ੍ਰਤਿ ਮੁਝੇ ਨ੍ਰਿਤ ਕਰਤ ਬਿਚਰਹ ਜੂ ॥ ਹੰਸਨੀ ਪ੍ਰਭਾਵਤੀ ਪ੍ਰਤਿ ਕਹੀ ॥ ਕਾਮਦੇਵ ਆਨੇ ਪੁਰ ਮਹੀ ॥ ਸੁਨ ਕਰ ਪ੍ਰਭਾਵਤੀ ਹਰਖਾਨੀ ॥ ਬੇਗਿ ਦਿਖਾਵਹੁ ਸੁਤ ਸਾਰੰਗ ਪਾਨੀ ॥ ਚਲੀ ਸਮੁਖ ਪ੍ਰਦਜੁਮਨਹਿ ਜਨਾਵਾ ॥ ਰਤਿ ਤਵ ਪ੍ਰਿਯਾ ਤੁਮਹਿ ਚਿਤ ਲਾਵਾ ॥ ਚਲਹੁ ਚੋਖ ਪ੍ਰੀਯਹਿ ਸੁਖ ਦੀਜੈ ॥ ਕਾਮ ਕੇਲ ਬਨਿਤਾ ਸੰਗਿ ਕੀਜੈ ॥ ਭਵਰ ਰੂਪ ਹੋਇ ਤਹਾਂ ਚਲਿ ਗਏ ॥ ਕੰਨਜਾ ਵਪੁ ਪਰ ਬੈਠਹਿ ਭਏ ॥ ਬਹੁਰ ਦੇਹ ਨਰ ਤਨ ਤਹਿ ਧਰਯੋ ॥ ਕਾਮਿਨਿ ਲਜਾ ਨਿਰਖ ਪੀਯ ਕਰਜੋ ॥ ਗੰਧ੍ਰਬ ਬਿਵਾਹ ਦੁਹੁੰਨ ਕੋ ਭਯੋ ॥ ਅਤਿ ਉਮੰਗ ਕ੍ਰੀੜਾ ਦੁਹੁੰ ਠਯੋ ॥ ਦਿਵਸ ਪਰੈ ਨ੍ਰਿਪ ਕਹ ਰੀਝਾਵੈ ॥ ਰੈਨਿ ਪਰੈ ਦੁਹਿਤਾ ਤਿਸੁ ਰਾਵੈ ॥ ਗਰਭ ਰਹਜੋ ਪ੍ਰਭਾਵਤੀ ਕੋ ਜਬ ॥ ਬਜ੍ਰਨਾਭ ਸੋਂ ਭਾਖਜੋ ਜਨ ਸਭਿ ॥ ਸੁਨਿ ਨ੍ਰਿਪ ਮੰਦਿਰ ਘੇਰੇ ਜਾਇ ॥ ਪ੍ਰਦੁਯਮਨ ਧਨੁਖ ਲੈ ਸਨਮੁਖ ਆਇ ॥ ਬਾਨਾਵਲੀ ਦੁਹੁੰ ਦਿਸ ਪ੍ਰਗਟਾਯੋ ॥ ਬਾਨਨ ਘਾਉ ਪਰਸਪਰ ਘਾਯੋ ॥ ਨਾਨਾ ਅਸਤ੍ਰ ਸ਼ਸਤ੍ਰ ਰਣ ਬਰਖੇ ॥ ਸ੍ਰੋਨਤ ਨਦੀ ਬਿਪੁਲ ਬਹੁ

Scanned by CamScanner

ਸਰਖੇ ॥ ਮਾਯਾ ਜੁੱਧ ਅਸੁਰ ਤਹਿੰ ਠਾਨਾ ॥ ਜਦੁਪਤਿ ਬ੍ਰਿਥਾ ਕੀਨ ਬਲਵਾਨਾ ॥ ਬਹੁਰ ਬਾਨ ਛਾਡਜੋ ਹਰਿ ਤਾਤਾ ॥ ਤਾਸੋ ਕਟਜੋ ਅਸੁਰ ਕੋ ਮਾਥਾ ॥ ਪੁਨਿ ਸੈਨਹਿ ਆਸੁਰੀ ਬਿਡਾਰਾ ॥ ਚੁਨ ਚੁਨ ਅਸੁਰ ਰਨ ਮਾਹਿ ਸੰਖਾਰਾ ॥ ਬਿਜਯ ਭਈ ਜਦੁਪਤਿ ਕੋ ਰਨ ਮਹਿ ॥ ਜੈ ਜੈ ਕਰਤ ਬਾਸਵ ਅਤਿ ਮਨ ਮਹਿ ॥ ਕੁਅਰੀ ਲੈ ਦ੍ਵਾਰਿਕਾ ਆਏ ॥ ਕ੍ਰਿਸ਼ਨ ਰੁਕਮਿਨੀ ਹੀਯ ਹਰਖਾਏ ॥ ੭ ॥ ੬੮੨ ॥ ੧੩੧੪ ॥ ਇਤਿ ਸ੍ਰੀ ਦਸਮ ਸਕੰਧੇ ਸ੍ਰੀ ਭਾਗਵਤੇ ਮਹਾਂ ਪੁਰਾਣੇ ਬਜ੍ਰਨਾਭ ਸੁਤ ਨਾਭ ਬਧਨੋ ਨਾਮ ਇਕਾਹਠਵੋਂ ਧਜਾਜਃ ॥ ੬੧ ॥ ਸ੍ਰੀ ਸੁਕ ਵਾਚ ਦੋਹਰਾ ॥ ਸੋਲਹ ਸਹੰਸ੍ਰ ਏਕ ਸਤ ਅਵਰ ਅਸ਼੍ਰੂ ਹਰਿ ਨਾਰਿ ॥ ਇਨ ਤੇ ਬੰਸ ਹਰਿ ਕੋ ਬਢੋ ਜਾ ਕੇ ਨਾਹਿ ਸੁਮਾਰਿ ॥ ੧ ॥ ੬੮੩ ॥ ੧੩੧੫ ॥ ਚੌਪਈ ॥ ਗਜਾਰਹ ਕੋਟਿ ਪਾਧਾ ਸਿਖ ਹੇਤੁ ॥ ਨਿਤ ਪ੍ਰਤਿ ਬਿਬਿਧ ਬਿਦਜਾ ਤਿਨ ਦੇਤੁ ॥ ਅਉਰ ਕਹਾਂ ਲਉ ਸੰਖ੍ਯਾ ਕਹੋ ॥ ਯਹਿ ਪ੍ਰਸੰਗ ਸਖਾ ਤਿਨ ਲਹੋ ॥ ਇਕ ਇਕ ਨਾਰਨ ਦਸ ਦਸ ਪੁਤ੍ਰਨ ॥ ਇਕ ਇਕ ਦੁਹਿਤਾ ਦੀਨ ਹਰਿ ਤ੍ਰੀਯਨ ॥ ਤਿਨਹੂੰ ਕੋ ਜਾ ਬਿਧਿ ਸੰਤਾਨ ॥ ਪੁਤ੍ਰ ਪਉਤ੍ਰ ਪੜ ਪਉਤ੍ਰ ਨਿਧਾਨ ॥ ਅਬ ਜੇ ਚਰਿਤ੍ਰ ਹਰਿ ਕਰੈ ਭੂਭਾਲ ॥ ਸੁਨਹੁ ਸ੍ਰਵਨ ਦੈ ਕਥਾ ਰਸਾਲ ॥ ਪ੍ਰਦਜੁਮਨ ਸੁਤ ਬਡ ਅਨੁਰਧ ਭਜੋ ॥ ਰਤਿ ਕੇ ਉਦਰ ਜਨਮ ਤਿਨ ਲਯੋ ॥ ਅਨਰੁਧ ਰੂਪ ਕਥਾ ਸਭਿ ਦੇਸਾ ॥ ਕੰਨਜਾ ਦੇਨਿ ਚਹਹਿੰ ਅਵਨੇਸਾ ॥ ਰੁਕਮਿ ਕੰਨਜਾ ਅਨਰੁਧਹਿ ਦੇਨਿ ॥ ਪਠੇ ਨਿਮੰਤ੍ਰ ਕ੍ਰਿਸ਼ਨ ਸੁਤ ਲੇਨ ॥ ਰੁਕਮਿਨਿ ਜੁਤ ਹਰਿ ਚਲੈ ਨ੍ਰਿਪ ਧਾਮਾ ॥ ਪ੍ਰਦਜੁਮਨ ਅਨਰੁਧ ਬਸਰਰ ਬਲਰਾਮਾ ॥ ਅਨੁਚਰ ਸੈਨ ਅਨਗਨ ਸੰਗ ਲੀਨਾ ॥ ਚਲੇ ਰੁਕਮਿ ਆਲਯ ਪ੍ਰਬੀਨਾ ॥ ੨ ॥ ੬੮੪ ॥ ੧੩੧੬ ॥ ਚੌਪਈ ॥ ਸੁਤ ਪਰਿਵਾਰ ਸੈਨ ਜੁਤ ਆਹਿ ॥ ਰੁਕਮਿਜਾ ਪਰ ਹਰਿ ਪਹੁੰਚੇ ਜਾਇ ॥

Scanned by CamScanner

ਰੁਕਮਿ ਅਗੁਆਇ ਕ੍ਰਿਸ਼ਨ ਲੈ ਗਯੋ ॥ ਆਦਰ ਕੇ ਗ੍ਰਿਹ ਬਾਸਾ ਦਯੋ ॥ ਖਾਨ ਪਾਨ ਖਟ ਰਸ ਬਹੁ ਭਾਂਤਾ ॥ ਬਾਵਨੀ ਮਦ ਪੀਵਹਿ ਮਿਲਿ ਭ੍ਰਾਤਾ ॥ ਖੇਡਹਿ ਜੂਪ ਬਲਭਦ੍ਰ ਸੰਗ ਰਾਜਨ ॥ ਦਾਵੇ ਬਧਹਿ ਭੂਪ ਬਹੁ ਸਾਜਨ ॥ ਜਦੁਪਤਿ ਜੀਤਹਿ ਹਾਰਹਿ ਰਾਜਾਨਾ ॥ ਮਾਨ ਭੰਗ ਸਭਿ ਭੂਪਤਿ ਮਾਨਾ ॥ ਤਬਿ ਸਭਿ ਖੇਲ ਬਲਭਦ੍ਰ ਸੰਗ ਠਾਨਾ ॥ ਹੁਇ ਇਕਤ੍ਰ ਸਗਰੇ ਠਕੁਰਾਨਾ ॥ ਪ੍ਰਿਥਮਹਿ ਜੀਤ ਬਲਭਦ੍ਰਹ ਤਹ ਭਯੋ ॥ ਦਾਵ ਦੂਸਰੋ ਰੁਕਮਿ ਹ੍ਵੈਂ ਲਯੋ ॥ ਤ੍ਰਿਤਿਯੰ ਦਾਵ ਜੀਤਿ ਬਲਰਾਮਾ ॥ ਮਿਥਜਾ ਕਹਿ ਸਭਿ ਉਠੇ ਰਾਜਾਨਾ ॥ ਹਸਿ ਹਸਿ ਕਹਤਿ ਸਭੈ ਭੂਪਾਲਾ ॥ ਗਾਇ ਚਰਾਵਹਿ ਰਾਮ ਗੋਪਾਲਾ ॥ ਇਨ ਯਹਿ ਖੇਲ ਕਹਾ ਲੌ ਜਾਨਾ ॥ ਅਹੀਰ ਬੰਸ ਏ ਨਿਪਟ ਅਜਾਨਾ ॥ ਨਭ ਬਾਨੀ ਤਹਿ ਭਈ ਜਾ ਭਾਇ ॥ ਹਲਧਰ ਜੀਤ ਪਰੋ ਯਾ ਦਾਇ ॥ ਬਢਜੋ ਕੋਪ ਹਲਧਰ ਤਨੁ ਆਏ ॥ ਨਿਹਤੇ ਸਕਲ ਭੂਪ ਤਿਹ ਠਾਏ ॥ ਜੀਤ ਭੂਪ ਸੁਤਾ ਕਰ ਲੀਨ ॥ ਅਨਰੁਧ ਬਿਵਾਹ ਸੁਤਾ ਤਹਿ ਕੀਨ ॥ ਪੁਰ ਆਏ ਆਨੰਦ ਬਧਾਵਾ ॥ ਪਉਤ੍ਰ ਬਿਵਾਹ ਜਦੁਬੀਰ ਕਰਾਵਾ ॥ ੩ ॥ ੬੮੫ ॥ ੧੩੧੭ ॥ ਇਤਿ ਸ੍ਰੀ ਦਸਮ ਸਕੰਧੇ ਸ੍ਰੀ ਭਾਗਵਤੇ ਮਹਾਂ ਪੁਰਾਣੇ ਰੁਕਮਿ ਬਧਨੋ ਅਨਰੁਧ ਬਿਵਾਹ ਬਰਨਨੋ ਨਾਮ ਬਾਹਠਵੋਂ ਧਜਾਯਃ ॥ ੬੨ ॥ ਦੋਹਰਾ ॥ ਊਖਾ ਅਨਰੁਧ ਬਿਵਾਹ ਨ੍ਰਿਪ ਸ਼ੰਕਰ ਸ਼ਜਾਮ ਬਿਰੁਧ ॥ ਬਾਨਾਸੁਰ ਕੇ ਬਧ ਕਰੇ ਸੁਨਹੁ ਪ੍ਰਸੰਗ ਹਰਿ ਜੁਧ ॥ ੧ ॥ ੬੮੬ ॥ ੧੩੧੮ ॥ ਚੌਪਈ ॥ ਬਾਨਾਸੁਰ ਜੁਧ ਕਹ ਚਹਾ ॥ ਤਥਾਸਤੁ ਕਹੈ ਸ਼ੰਕਰ ਨ੍ਰਿਪ ਪਰਾ ॥ ਜਦ ਤ੍ਵ ਧ੍ਵਜਾ ਗਿਰਹਿ ਧਰਿ ਮਾਹਿ ॥ ਤਾ ਦਿਨ ਤੁਮ ਸੋਂ ਜੁਧ ਕਰਾਹਿ ॥ ਵਰ ਦੈ ਹਰ ਭੋ ਅੰਤਰ ਧਜਾਨ ॥ ਅਹਿ ਨਿਸ ਜੁੱਧ ਕਾਛਾ ਨ੍ਰਿਪ ਬਾਨ ॥ ਊਖਾ ਗਉਰੀ ਪੂਜਨ ਗਈ ॥ ਸ੍ਵਪਨ ਭਰਤਾਰ ਪਾਵਤੀ ਭਈ ॥ ਚਿਤ ਚਿੰਤਾ

Scanned by CamScanner

